24-OCT-PAGE-1.qxd 10/23/2024 10:48 PM Page 1


ਵੀਰਵਾਰ, 24 ਅਕਤੂਬਰ, 2024

8 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 144

# ਨਵਾਂ ਜ਼ਮਾਨਾ

DAILY NAWAN ZAMANA • THURSDAY, 24 OCTOBER, 2024 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |


# ਮੰਡੀਆਂ 'ਚ ਹਾਲਾਤ ਨਾ ਸੁਧਰਨ 'ਤੇ ਐੱਸ ਕੇ ਐੱਮ ਮੁੜ ਐਕਸ਼ਨ 'ਚ

## ਭਲਕੇ 11 ਤੋਂ 3 ਵਜੇ ਤੱਕ ਮੰਡੀਆਂ ਨੇੜੇ ਪ੍ਰਮੁੱਖ ਮਾਰਗ ਕੀਤੇ ਜਾਣਗੇ ਜਾਮ, 29 ਨੂੰ 11 ਤੋਂ ਤਿੰਨ ਵਜੇ ਤੱਕ ਡੀ ਸੀ ਦਫ਼ਤਰਾਂ ਦਾ ਘਿਰਾਓ, ਰਵਨੀਤ ਬਿੱਟੂ ਤੇ ਆਪ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਤੇ ਅਧਿਕਾਰੀਆਂ ਨੂੰ ਵੀ ਘੇਰਿਆ ਜਾਵੇਗਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਸਥਾਨਕ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਲ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਬੁੱਧਵਾਰ ਹੋਈ ਮੀਟਿੰਗ ਵਿੱਚ ਮੁੱਖ ਮੰਤਰੀ ਪੰਜਾਬ ਵੱਲੋਂ 19 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਝੋਨੇ ਦੀ ਨਿਰਵਿਘਨ ਖ੍ਰੀਦ ਅਤੇ ਲਿਫਟਿੰਗ ਦਾ ਮਾਮਲਾ ਹੱਲ ਕਰਨ ਲਈ ਦੋ ਦਿਨ ਦੇ ਦਿੱਤੇ ਭਰੋਸੇ ਮਗਰੋਂ ਹਾਲਤਾਂ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਦੀ ਪ੍ਰਧਾਨਗੀ ਰਾਮਿੰਦਰ ਸਿੰਘ ਪਟਿਆਲਾ, ਬਲਦੇਵ ਸਿੰਘ ਨਿਹਾਲਗੜ੍ਹ, ਬੂਟਾ ਸਿੰਘ ਬੁਰਜ ਗਿੱਲ ਅਤੇ ਬੋਘ ਸਿੰਘ ਮਾਨਸਾ ਨੇ ਕੀਤੀ।

ਮੀਟਿੰਗ ਨੇ ਸਰਬਸੰਮਤੀ ਨਾਲ ਨੋਟ ਕੀਤਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਦਿਵਾਏ ਗਏ ਭਰੋਸੇ ਦੇ ਬਾਵਜੂਦ ਮੰਡੀਆਂ ਵਿੱਚ ਖ੍ਰੀਦ ਅਤੇ ਲਿਫਟਿੰਗ ਦੇ ਸੰਕਟ ਦੇ ਮਸਲੇ ਜਿਉਂ ਦੇ ਤਿਉਂ ਬਰਕਰਾਰ ਹਨ। ਕਿਸਾਨ ਮੰਡੀਆਂ ਵਿੱਚ ਰੁਲ ਰਿਹਾ ਹੈ।ਫਸਲ ਕੱਟ ਲਾ ਕੇ ਐੱਮ ਐੱਸ ਪੀ ਤੋਂ ਘੱਟ ਵੇਚਣ ਲਈ ਮਜਬੂਰ ਕਰ ਦਿੱਤਾ ਗਿਆ ਹੈ।

ਮੀਟਿੰਗ ਨੇ ਕਿਸਾਨਾਂ ਦੇ ਮੰਡੀਆਂ ਵਿੱਚ ਰੁਲਣ ਲਈ ਪੰਜਾਬ ਸਰਕਾਰ ਦੇ ਨਾਲ-ਨਾਲ ਕੇਂਦਰ ਦੀ ਭਾਜਪਾ ਸਰਕਾਰ ਨੂੰ ਵੀ ਕਟਹਿਰੇ ਵਿੱਚ ਖੜਾ ਕਰਦਿਆਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।ਵਰਣਨਯੋਗ ਹੈ ਕਿ ਸੂਬੇ ਦੇ ਗੋਦਾਮਾਂ ਅਤੇ ਸ਼ੈਲਰਾਂ ਵਿੱਚ ਪਏ ਪੁਰਾਣੇ ਭੰਡਾਰਾਂ ਨੂੰ ਕੇਂਦਰ ਸਰਕਾਰ ਨੇ ਸਮੇਂ ਸਿਰ ਲਿਫਟਿੰਗ ਨਾ ਕਰਵਾਉਣ ਕਾਰਨ ਸਥਿਤੀ ਗੰਭੀਰ ਬਣੀ ਹੋਈ ਹੈ।

ਸੰਯੁਕਤ ਕਿਸਾਨ ਮੋਰਚਾ ਨੇ ਸੰਘਰਸ਼ ਨੂੰ ਤੇਜ਼ ਕਰਨ ਦਾ ਫੈਸਲਾ ਕਰਦਿਆਂ ਐਲਾਨ ਕੀਤਾ ਕਿ 25 ਅਕਤੂਬਰ ਨੂੰ ਸੂਬੇ ਭਰ ਵਿੱਚ ਮੰਡੀਆਂ ਦੇ ਨੇੜੇ ਪ੍ਰਮੁੱਖ ਸੜਕੀ ਮਾਰਗਾਂ 'ਤੇ 11 ਤੋਂ 3 ਵਜੇ ਤੱਕ ਚੱਕਾ ਜਾਮ ਕੀਤਾ ਜਾਵੇਗਾ। ਜੇਕਰ ਫਿਰ ਵੀ ਮਸਲਾ ਹੱਲ ਨਾ ਹੋਇਆ ਤਾਂ 29 ਅਕਤੂਬਰ ਨੂੰ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰ ਦਫ਼ਤਰਾਂ ਦੇ 11 ਤੋਂ 3 ਵਜੇ ਤੱਕ ਮੁਕੰਮਲ ਘਿਰਾਓ ਕੀਤੇ ਜਾਣਗੇ।



ਮੋਰਚੇ ਨੇ ਮੰਡੀਆਂ ਵਿੱਚ ਆਉਣ ਤੇ ਆਪ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਅਤੇ ਅਧਿਕਾਰੀਆਂ ਦੇ ਕਾਲੇ ਝੰਡਿਆਂ ਨਾਲ ਘਿਰਾਓ ਕਰਨ ਅਤੇ ਸੂਬੇ ਭਰ ਵਿੱਚ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਕਾਲੇ ਝੰਡੇ ਦਿਖਾਉਣ ਦੇ ਸੱਦੇ ਨੂੰ ਮੁੜ ਬਹਾਲ ਕਰ ਦਿੱਤਾ ਹੈ। ਵਰਣਨਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਦਿੱਤੇ ਭਰੋਸੇ ਮਗਰੋਂ ਸੰਯੁਕਤ ਕਿਸਾਨ ਮੋਰਚਾ ਨੇ 4 ਦਿਨ ਦਾ ਸਮਾਂ ਸਰਕਾਰ ਨੂੰ ਦਿੰਦਿਆਂ ਘਿਰਾਓ ਕਰਨ ਦੇ ਪ੍ਰੋਗਰਾਮ ਰੋਕ ਲਏ ਸਨ।

ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਵੇਅਰ ਹਾਊਸਿੰਗ ਕਾਰਪੋਰੇਸ਼ਨ ਨੂੰ ਭੰਗ ਕਰਨਾ, ਜਨਤਕ ਵੰਡ ਪ੍ਰਣਾਲੀ ਰਾਹੀਂ ਸਸਤਾ ਅਨਾਜ ਮੁਹੱਈਆ ਕਰਵਾਉਣ ਦੇ ਕਦਮਾਂ ਤੋਂ ਹੱਥ ਪਿੱਛੇ ਖਿੱਚੇ ਜਾ ਰਹੇ ਹਨ, ਜਿਸ ਕਾਰਨ ਖ੍ਰੀਦ ਦਾ ਸੰਕਟ ਗੰਭੀਰ ਹੋ ਗਿਆ ਹੈ। ਕੇਂਦਰ ਅਤੇ ਸੂਬਾ ਸਰਕਾਰ ਮਿਲ ਕੇ ਸੰਸਾਰ ਵਪਾਰ ਸੰਸਥਾ ਅਤੇ ਕਾਰਪੋਰੇਟ ਘਰਾਣਿਆਂ ਦੇ ਏਜੰਡੇ ਨੂੰ ਲਾਗੂ ਕਰਨ ਲਈ ਕਿਸਾਨਾਂ ਨੂੰ ਰੋਲ ਰਹੀਆਂ ਹਨ। ਇਸ ਦੇ ਪੰਜਾਬ ਦੀ ਸਮੁੱਚੀ ਆਰਥਿਕਤਾ 'ਤੇ ਬਹੁਤ ਹੀ ਬੁਰੇ ਪ੍ਰਭਾਵ ਪੈਣਗੇ। ਕਾਰਪੋਰੇਟਾਂ ਦੀ ਖੇਤੀ ਖੇਤਰ 'ਤੇ ਕਬਜ਼ਾ ਕਰਨ ਦੀ ਹਾਬੜੀ ਭੁੱਖ ਦੇ ਨਤੀਜੇ ਬਾਜ਼ਾਰ ਵਿੱਚ ਆਉਣੇ ਸ਼ੁਰੂ ਹੋ ਗਏ ਹਨ। ਬਜ਼ਾਰਾਂ ਵਿੱਚ ਹਰ ਤਰ੍ਹਾਂ ਦੀ ਸੇਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਮੰਡੀਆਂ ਦੇ ਮਜ਼ਦੂਰ ਨਿਰਾਸ਼ ਹੋ ਕੇ ਘਰਾਂ ਨੂੰ ਪਰਤਣ ਲੱਗੇ ਹਨ। ਇਨ੍ਹਾਂ ਹਾਲਤਾਂ ਵਿੱਚ ਕਿਸਾਨਾਂ ਕੋਲ ਸੰਘਰਸ਼ ਨੂੰ ਤੇਜ਼ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਦਾ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਮਸਲਾ ਹੱਲ ਨਾ ਹੋਇਆ ਤਾਂ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਵਿਰੋਧ ਦਾ ਸੱਦਾ ਦੇਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ।ਮੀਟਿੰਗ ਨੇ ਪੁਰਜ਼ੋਰ ਮੰਗ ਕੀਤੀ ਕਿ ਪੰਜਾਬ ਸਰਕਾਰ ਡੀ ਏ ਪੀ ਦਾ ਤੁਰੰਤ ਪ੍ਰਬੰਧ ਕਰੇ ਅਤੇ ਖਾਦ ਦੀ ਬਲੈਕ ਮਾਰਕੀਟਿੰਗ ਨੂੰ ਨੱਥ ਪਾਵੇ। ਮੋਰਚੇ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਬਾਸਮਤੀ ਦਾ ਐੱਮ ਐੱਸ ਪੀ ਦੇ ਕੇ ਬਾਸਮਤੀ ਕਾਸ਼ਤਕਾਰਾਂ ਨੂੰ ਰਾਹਤ ਮੁਹੱਈਆ ਕਰਵਾਏ। ਵਰਣਨਯੋਗ ਹੈ ਕਿ ਸੂਬੇ ਭਰ ਵਿੱਚ ਬਾਸਮਤੀ ਹੇਠ ਰਕਬਾ ਵਧ ਰਿਹਾ ਹੈ, ਪਰ ਕਿਸਾਨਾਂ ਨੂੰ ਬਾਸਮਤੀ ਦਾ ਵਾਜਬ ਭਾਅ ਨਹੀਂ ਮਿਲ ਰਿਹਾ।

ਮੀਟਿੰਗ ਵਿੱਚ ਪ੍ਰਧਾਨਗੀ ਮੰਡਲ ਤੋਂ ਇਲਾਵਾ ਬਲਬੀਰ ਸਿੰਘ ਰਾਜੇਵਾਲ, ਮਨਜੀਤ ਸਿੰਘ ਧਨੇਰ, ਹਰਮੀਤ ਸਿੰਘ ਕਾਦੀਆਂ, ਰੁਲਦੂ ਸਿੰਘ ਮਾਨਸਾ, ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਬਿੰਦਰ ਸਿੰਘ ਗੋਲੇਵਾਲਾ, ਫੁਰਮਾਨ ਸਿੰਘ ਸੰਧੂ, ਰਘਵੀਰ ਸਿੰਘ ਬੈਨੀਪਾਲ, ਬਲਜੀਤ ਸਿੰਘ ਗਰੇਵਾਲ, ਅਵਤਾਰ ਸਿੰਘ ਮੇਹਲੋਂ, ਗੁਰਮੀਤ ਸਿੰਘ ਮਹਿਮਾ, ਨਛੱਤਰ ਸਿੰਘ ਜੈਤੋ, ਸੁਖਦੇਵ ਸਿੰਘ ਅਰਾਈਆਂਵਾਲਾ, ਪ੍ਰੇਮ ਸਿੰਘ ਭੰਗੂ, ਹਰਬੰਸ ਸਿੰਘ ਸੰਘਾ, ਰਘਬੀਰ ਸਿੰਘ ਵੜੈਚ ਅਤੇ ਸੁੱਖ ਗਿੱਲ ਮੋਗਾ ਹਾਜ਼ਰ ਸਨ।

# 'ਬ੍ਰਿਜ ਭੂਸ਼ਣ ਨੇ ਮੈਨੂੰ ਹੱਥ ਪਾਇਆ ਤਾਂ ਮੈਂ ਧੱਕਾ ਮਾਰ ਕੇ ਕਮਰੇ 'ਚੋਂ ਭੱਜੀ'

**ਨਵੀਂ ਦਿੱਲੀ** : ਉਲੰਪਿਕ ਕਾਂਸੀ ਤਮਗਾ ਜੇਤੂ ਭਲਵਾਨ ਸਾਕਸ਼ੀ ਮਲਿਕ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ 'ਤੇ ਵਿਸਫੋਟਕ ਦੋਸ਼ ਲਾਏ ਹਨ। ਹਾਲ ਹੀ 'ਚ ਰਿਲੀਜ਼ ਆਪਣੀ ਆਤਮਕਥਾ 'ਵਿਟਨੈੱਸ' ਵਿਚ ਸਾਕਸ਼ੀ ਨੇ ਕਿਹਾ ਹੈ ਕਿ ਬ੍ਰਿਜ ਭੂਸ਼ਣ ਨੇ 2012 'ਚ ਉਸ ਦੇ ਯੌਨ ਸ਼ੋਸ਼ਣ ਦੀ ਕੋਸ਼ਿਸ਼ ਕੀਤੀ ਸੀ। ਕਜ਼ਾਕਿਸਤਾਨ ਦੇ ਅਲਮਾਤੀ ਵਿਚ ਏਸ਼ੀਅਨ ਜੂਨੀਅਰ ਚੈਂਪੀਅਨਸ਼ਿਪ ਦੌਰਾਨ ਬ੍ਰਿਜ ਭੂਸ਼ਣ ਨੇ ਉਸ ਨੂੰ ਉਸ ਦੇ ਮਾਪਿਆਂ ਨਾਲ ਗੱਲਬਾਤ ਕਰਨ ਦੇ ਬਹਾਨੇ ਹੋਟਲ ਦੇ ਕਮਰੇ 'ਚ ਸੱਦਿਆ। ਫੋਨ 'ਤੇ ਗੱਲਬਾਤ ਖਤਮ ਹੋਣ ਤੋਂ ਬਾਅਦ ਉਸ ਨੇ ਸਰੀਰਕ ਛੇੜਛਾੜ ਦੀ ਕੋਸ਼ਿਸ਼ ਕੀਤੀ। ਉਹ ਉਸ ਨੂੰ ਧੱਕਾ ਮਾਰ ਕੇ ਕਮਰੇ ਵਿੱਚੋਂ ਨਿਕਲ ਆਈ।

ਅਖਬਾਰ 'ਟਾਈਮਜ਼ ਆਫ ਇੰਡੀਆ' ਵਿਚ ਛਪੇ ਆਤਮਕਥਾ ਦੇ ਕੁਝ ਹਿੱਸਿਆਂ ਮੁਤਾਬਕ ਸਾਕਸ਼ੀ ਨੇ ਕਿਹਾ—ਬ੍ਰਿਜ ਭੂਸ਼ਣ ਨੇ ਫੋਨ 'ਤੇ ਮੇਰੇ ਮਾਪਿਆਂ ਨਾਲ ਮਿਲਵਾਇਆ। ਉਦੋਂ ਮੈਨੂੰ ਕੁਝ ਗਲਤ ਨਹੀਂ ਲੱਗਾ। ਜਦੋਂ ਮੈਂ ਮਾਪਿਆਂ ਨੂੰ ਆਪਣੇ ਮੈਚ ਤੇ ਮੈਡਲ ਬਾਰੇ



ਦੱਸ ਕੇ ਫੋਨ ਬੰਦ ਕੀਤਾ, ਬ੍ਰਿਜ ਭੂਸ਼ਣ ਨੇ ਬੈੱਡ 'ਤੇ ਨਾਲ ਬੈਠੀ ਨਾਲ ਛੇੜਛਾੜ ਦੀ ਕੋਸ਼ਿਸ਼ ਕੀਤੀ। ਮੈਂ ਉਸ ਨੂੰ ਪਰ੍ਹੇ ਧੱਕ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਮੈਂ ਕੁਝ ਸਮਾਂ ਚੁੱਪ ਰਹੀ, ਕਿਉਂਕਿ ਬ੍ਰਿਜ ਭੂਸ਼ਣ ਤਾਕਤਵਰ ਬੰਦਾ ਸੀ ਤੇ ਮੇਰਾ ਕੈਰੀਅਰ ਖਤਮ ਕਰ ਸਕਦਾ ਸੀ। ਸਾਕਸ਼ੀ ਮਲਿਕ ਰੇਲਵੇ ਵਿਚ ਸੀਨੀਅਰ ਅਧਿਕਾਰੀ ਹੈ ਤੇ ਉਸ ਨੇ ਭਲਵਾਨ ਕੁੜੀਆਂ ਦੇ ਯੌਨ ਸ਼ੋਸ਼ਣ ਨੂੰ ਲੈ ਕੇ ਭਲਵਾਨਾਂ ਵੱਲੋਂ ਦਿੱਲੀ 'ਚ ਕੀਤੇ ਗਏ ਵੱਡੇ ਅੰਦੋਲਨ 'ਚ ਵਧ-ਚੜ੍ਹ ਕੇ ਹਿੱਸਾ ਲਿਆ ਸੀ।

ਇਸੇ ਦੌਰਾਨ ਸੀਨੀਅਰ ਭਲਵਾਨ ਤੇ ਭਾਜਪਾ ਆਗੂ ਬਬੀਤਾ ਫੋਗਾਟ ਨੇ ਸਾਕਸ਼ੀ ਵੱਲੋਂ ਆਤਮਕਥਾ ਵਿਚ ਉਸ ਬਾਰੇ ਲਿਖੀਆਂ ਗੱਲਾਂ ਨੂੰ ਝੁਠਲਾਇਆ ਹੈ। ਸਾਕਸ਼ੀ ਨੇ ਲਿਖਿਆ ਹੈ ਕਿ ਬਬੀਤਾ ਫੋਗਾਟ ਨੇ ਭਲਵਾਨਾਂ ਨੂੰ ਬ੍ਰਿਜ ਭੂਸ਼ਣ ਖਿਲਾਫ ਪ੍ਰੋਟੈੱਸਟ ਲਈ ਉਕਸਾਇਆ ਸੀ। ਬਬੀਤਾ ਨੇ ਕਈ ਭਲਵਾਨਾਂ ਦੀ ਮੀਟਿੰਗ ਕਰਕੇ ਯੌਨ ਸ਼ੋਸ਼ਣ ਸਮੇਤ ਫੈਡਰੇਸ਼ਨ ਦੇ ਮਾੜੇ ਕੰਮਾਂ ਖਿਲਾਫ ਪ੍ਰੋਟੈੱਸਟ ਕਰਨ 'ਤੇ ਜ਼ੋਰ ਪਾਇਆ ਸੀ। ਦਰਅਸਲ ਬਬੀਤਾ ਫੈਡਰੇਸ਼ਨ ਦਾ ਪ੍ਰਧਾਨ ਬਣਨਾ ਚਾਹੁੰਦੀ ਸੀ। ਬਬੀਤਾ ਨੇ ਕਿਹਾ ਹੈ ਕਿ ਸਾਕਸ਼ੀ ਨੇ ਕਿਤਾਬ ਦੀ ਵਿਕਰੀ ਵਧਾਉਣ ਲਈ ਉਸ ਵਿਰੁੱਧ ਲਿਖਿਆ ਹੈ। ਬਬੀਤਾ ਨੇ ਕਿਹਾ ਹੈ—ਖੁਦ ਦੇ ਕਿਰਦਾਰ ਨਾਲ ਜਗਮਗਾਓ। ਉਧਾਰ ਦੀ ਰੌਸ਼ਨੀ ਕਦੋਂ ਤੱਕ ਚੱਲੇਗੀ। ਕਿਸੇ (ਵਿਨੇਸ਼ ਫੋਗਾਟ) ਨੂੰ ਅਸੰਬਲੀ ਸੀਟ ਮਿਲ ਗਈ, ਕਿਸੇ ਨੂੰ ਅਹੁਦਾ, ਦੀਦੀ ਤੈਨੂੰ ਕੁਝ ਨਹੀਂ ਮਿਲਿਆ, ਅਸੀਂ ਸਮਝ ਸਕਦੇ ਹਾਂ ਤੇਰਾ ਦਰਦ। ਕਿਤਾਬ ਵੇਚਣ ਦੇ ਚੱਕਰ 'ਚ ਆਪਣਾ ਈਮਾਨ ਵੇਚ ਗਈ।

# ਆਪਣੇ ਪਹਿਲੇ ਚੋਣ ਮੁਕਾਬਲੇ ਲਈ ਕਾਗਜ਼ ਦਾਖਲ

**ਵਾਇਨਾਡ** : ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਬੁੱਧਵਾਰ ਕੇਰਲਾ ਦੇ ਵਾਇਨਾਡ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਨਾਮਜ਼ਦਗੀ ਕਾਗਜ਼ ਦਾਖਲ ਕਰ ਦਿੱਤੇ। ਇਹ ਉਸ ਦੀ ਪਹਿਲੀ ਚੋਣ ਹੈ। ਪ੍ਰਿਅੰਕਾ ਨੇ ਵਾਇਨਾਡ ਚੋਣ ਦੀ ਰਿਟਰਨਿੰਗ ਅਫਸਰ ਅਤੇ ਡੀ ਸੀ ਮੇਘਾਸ੍ਰੀ ਨੂੰ ਕਾਗਜ਼ਾਂ ਦੇ ਤਿੰਨ ਸੈੱਟ ਸੌਂਪੇ। ਪਤੀ ਰੌਬਰਟ ਵਾਡਰਾ ਅਤੇ ਪੁੱਤਰ ਵੀ ਨਾਲ ਸਨ। ਮਾਤਾ ਸੋਨੀਆ ਗਾਂਧੀ ਪਿੱਛੇ ਬੈਠੀ ਸੀ।



ਇਸ ਦੌਰਾਨ ਉਦੋਂ ਕੁਝ ਭੰਬਲਭੂਸਾ ਪੈਦਾ ਹੋਇਆ ਜਦੋਂ ਅਧਿਕਾਰੀਆਂ ਨੇ ਜ਼ੋਰ ਦਿੱਤਾ ਕਿ ਰਿਟਰਨਿੰਗ ਅਫਸਰ ਦੇ ਚੈਂਬਰ ਵਿਚ ਉਮੀਦਵਾਰ ਨਾਲ ਸਿਰਫ ਪੰਜ ਜਣੇ ਹੀ ਜਾ ਸਕਦੇ ਹਨ। ਰੌਬਰਟ ਵਾਡਰਾ ਤੇ ਪੁੱਤਰ ਚੈਂਬਰ ਤੋਂ ਬਾਹਰ ਆ ਗਏ ਤਾਂ ਕਿ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਪਾਰਟੀ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਅੰਦਰ ਜਾ ਸਕਣ। ਇਸ ਮੌਕੇ ਪ੍ਰਿਅੰਕਾ ਦੇ ਭਰਾ ਰਾਹੁਲ ਗਾਂਧੀ ਵੀ ਹਾਜ਼ਰ ਸਨ। ਵਾਇਨਾਡ ਦੀ ਜ਼ਿਮਨੀ ਚੋਣ ਇਸ ਹਲਕੇ ਨੂੰ ਰਾਹੁਲ ਗਾਂਧੀ ਵੱਲੋਂ ਖਾਲੀ ਕੀਤੇ ਜਾਣ ਕਾਰਨ ਹੋ ਰਹੀ ਹੈ, ਕਿਉਂਕਿ ਉਹ ਵਾਇਨਾਡ ਤੋਂ ਇਲਾਵਾ ਰਾਏ ਬਰੇਲੀ ਤੋਂ ਵੀ ਜਿੱਤੇ ਸਨ। ਕਾਗਜ਼ ਦਾਖਲ ਕਰਨ ਤੋਂ ਪਹਿਲਾਂ ਕਾਂਗਰਸ ਨੇ ਵਿਸ਼ਾਲ ਰੋਡ ਸ਼ੋਅ ਕੀਤਾ। ਇਸ ਮੌਕੇ ਬੋਲਦਿਆਂ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਉਸ ਦਾ ਚੋਣ ਪ੍ਰਚਾਰ ਕਰਨ ਦਾ 35 ਸਾਲਾਂ ਦਾ ਤਜਰਬਾ ਹੈ ਅਤੇ ਉਸ ਨੇ 1989 ਵਿਚ 17 ਸਾਲਾਂ ਦੀ ਉਮਰ ਵਿਚ ਹੀ ਸਿਆਸੀ ਮੁਹਿੰਮਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਸਭ ਤੋਂ ਪਹਿਲਾਂ ਉਸ ਨੇ ਆਪਣੇ ਪਿਤਾ ਅਤੇ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਲਈ ਚੋਣ ਪ੍ਰਚਾਰ ਕੀਤਾ ਸੀ।

ਰੋਡ ਸ਼ੋਅ ਦੀ ਸ਼ੁਰੂਆਤ ਤੋਂ ਪਹਿਲਾਂ ਕਲਪੇਟਾ ਵਿਖੇ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਉਸ ਨੇ ਕਿਹਾ ਕਿ ਉਸ ਨੇ ਆਪਣੀ ਮਾਤਾ ਸੋਨੀਆ ਗਾਂਧੀ ਤੇ ਭਰਾ ਰਾਹੁਲ ਗਾਂਧੀ ਅਤੇ ਹੋਰ ਪਾਰਟੀ ਆਗੂਆਂ ਦੀਆਂ ਚੋਣ ਮੁਹਿੰਮਾਂ ਦੀ ਵੀ ਅਗਵਾਈ ਕੀਤੀ ਹੈ। ਗੌਰਤਲਬ ਹੈ ਕਿ ਬੀਤੇ ਦਿਨ ਵਾਇਨਾਡ ਤੋਂ ਭਾਜਪਾ ਉਮੀਦਵਾਰ ਨਵਿਆ ਹਰੀਦਾਸ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਲੋਕਾਂ ਦੀ ਨੁਮਾਇੰਦਗੀ ਦੇ ਮਾਮਲੇ ਵਿਚ ਪ੍ਰਿਅੰਕਾ ਤੋਂ ਵੱਧ ਤਜਰਬਾ ਹਾਸਲ ਹੈ।

# ਇੰਡਸਟ੍ਰੀਅਲ ਅਲਕੋਹਲ 'ਤੇ ਸੂਬਿਆਂ ਦਾ ਅਖਤਿਆਰ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ 8:1 ਬਹੁਮਤ ਦੇ ਫੈਸਲੇ 'ਚ ਬੁੱਧਵਾਰ ਸੱਤ ਜੱਜਾਂ ਦੀ ਬੈਂਚ ਦੇ 27 ਸਾਲ ਪੁਰਾਣੇ ਫੈਸਲੇ ਨੂੰ ਪਲਟ ਦਿੱਤਾ। ਫੈਸਲਾ ਸੁਣਾਉਂਦਿਆਂ ਬੈਂਚ ਨੇ ਕਿਹਾ ਕਿ ਸੂਬਿਆਂ ਕੋਲ ਇੰਡਸਟ੍ਰੀਅਲ ਅਲਕੋਹਲ ਦੇ ਉਤਪਾਦਨ, ਨਿਰਮਾਣ ਅਤੇ ਸਪਲਾਈ 'ਤੇ ਰੈਗੂਲੇਟਰੀ ਸ਼ਕਤੀ ਹੈ। ਇਸ ਸੰਬੰਧੀ ਸਾਲ 1997 'ਚ ਸੱਤ ਜੱਜਾਂ ਦੀ ਬੈਂਚ ਨੇ ਫੈਸਲਾ ਦਿੱਤਾ ਸੀ ਕਿ ਇੰਡਸਟ੍ਰੀਅਲ ਅਲਕੋਹਲ ਦੇ ਉਤਪਾਦਨ 'ਤੇ ਨੇਮਬੰਦੀ ਅਖਤਿਆਰ ਕੇਂਦਰ ਨੂੰ ਹਾਸਲ ਹਨ।

ਇਹ ਕੇਸ 2010 'ਚ ਨੌਂ ਜੱਜਾਂ ਦੀ ਬੈਂਚ ਕੋਲ ਭੇਜਿਆ ਗਿਆ ਸੀ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਿਨ੍ਹਾਂ ਨੇ ਆਪਣੇ ਅਤੇ ਸੱਤ ਹੋਰ ਜੱਜਾਂ ਲਈ ਤਾਜ਼ਾ ਫੈਸਲਾ ਲਿਖਿਆ, ਨੇ ਕਿਹਾ ਕਿ ਕੇਂਦਰ ਕੋਲ ਰੈਗੂਲੇਟਰੀ ਸ਼ਕਤੀ ਦੀ ਘਾਟ ਹੈ। ਜਸਟਿਸ ਬੀਵੀ ਨਾਗਰਤਨਾ ਨੇ ਬਹੁਮਤ ਦੇ ਫੈਸਲੇ ਨਾਲ ਅਸਹਿਮਤੀ ਜਤਾਈ ਹੈ।

# ਚੋਣਾਂ ਮੌਕੇ ਸੁਖਬੀਰ ਬਾਦਲ ਨੂੰ ਨਹੀਂ ਮਿਲੀ ਰਾਹਤ

**ਅੰਮ੍ਰਿਤਸਰ** : ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ ਦੇ ਤਨਖਾਹੀਆ ਕਰਾਰ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਿਮਨੀ ਚੋਣਾਂ ਦੌਰਾਨ ਸਿਆਸੀ ਸਰਗਰਮੀਆਂ ਲਈ ਛੋਟ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਮੰਗਲਵਾਰ ਰਾਤ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ 'ਚ ਸੱਤ ਮੈਂਬਰੀ ਵਫਦ ਉਨ੍ਹਾ ਕੋਲ ਆਇਆ ਸੀ ਤੇ ਸੁਖਬੀਰ ਸਿੰਘ ਬਾਦਲ ਨੂੰ ਰਾਹਤ ਦੇਣ ਦੀ ਗੱਲ ਰੱਖੀ ਸੀ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਤਨਖਾਹੀਏ ਦੀ ਇਕ ਪਰਿਭਾਸ਼ਾ ਹੁੰਦੀ ਹੈ, ਜਿੰਨੀ ਦੇਰ ਉਹ ਪੰਜ ਸਿੰਘ ਸਾਹਿਬਾਨ ਵੱਲੋਂ ਲਾਈ ਤਨਖਾਹ ਪੂਰੀ ਨਹੀਂ ਕਰਦਾ, ਉਦੋਂ ਤੱਕ ਉਹ ਤਨਖਾਹੀਆ ਹੀ ਹੈ। ਉਸ ਨੂੰ ਤਨਖਾਹ ਲਗਾ ਕੇ ਪੂਰੀ ਕਰਨੀ ਜ਼ਰੂਰੀ ਹੈ। ਉਸ ਨੂੰ ਸਜ਼ਾ ਬਾਰੇ ਅਜੇ ਫੈਸਲਾ ਰਾਖਵਾਂ ਹੈ ਤੇ ਕੁਝ ਸਮੇਂ ਬਾਅਦ ਪੰਜ ਸਿੰਘ ਸਾਹਿਬਾਨ ਮੀਟਿੰਗ ਵਿਚ ਵਿਚਾਰ ਕਰਕੇ ਅਗਲਾ ਫੈਸਲਾ ਲੈਣਗੇ। ਉਨ੍ਹਾ ਸਪੱਸ਼ਟ



ਕੀਤਾ ਕਿ ਜੇ ਕੋਈ ਸਿੱਖ ਤਨਖਾਹੀਆ ਹੈ ਤਾਂ ਉਸ ਦੇ ਮੁਤਾਬਕ ਹੀ ਚੱਲਣਾ ਚਾਹੀਦਾ ਹੈ। ਅਕਾਲੀ ਦਲ ਦੇ ਵਫਦ ਨੇ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਕਾਰਨ ਪਾਰਟੀ ਦੇ ਹੋ ਰਹੇ ਨੁਕਸਾਨ ਬਾਰੇ ਜਥੇਦਾਰ ਨੂੰ ਜਾਣੂ ਕਰਵਾਉਂਦਿਆਂ ਬੇਨਤੀ ਕੀਤੀ ਸੀ ਕਿ ਚੋਣਾਂ ਨੂੰ ਧਿਆਨ 'ਚ ਰੱਖਦੇ ਹੋਏ ਸੁਖਬੀਰ ਸਿੰਘ ਬਾਦਲ ਨੂੰ ਲੋਕਾਂ 'ਚ ਵਿਚਰਨ ਦੀ ਛੋਟ ਦਿੱਤੀ ਜਾਵੇ। ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਪੰਥ ਨੂੰ ਕਮਜ਼ੋਰ ਕਰਨ ਲਈ ਭਾਰਤੀ ਜਨਤਾ ਪਾਰਟੀ ਤੇ ਆਰ ਐੱਸ ਐੱਸ ਪੂਰੇ ਯਤਨ ਕਰ ਰਹੀ ਹੈ। ਇਸ ਦੇ ਨਾਲ ਹੀ ਵਫਦ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਦੀ ਸਰਕਾਰ ਮਿਲ ਕੇ 28 ਅਕਤੂਬਰ ਨੂੰ ਹੋਣ ਵਾਲੇ ਜਨਰਲ ਇਜਲਾਸ 'ਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਤੋੜਨ ਦਾ ਯਤਨ ਕਰ ਰਹੀ ਹੈ। ਸਰਕਾਰੀ ਤੰਤਰ ਮੈਂਬਰਾਂ ਤੱਕ ਪਹੁੰਚ ਕਰਕੇ ਇਥੋਂ ਤੱਕ ਕਿ ਵਿਧਾਇਕ ਡਰਾਵੇ ਦੇ ਕੇ ਬੀਬੀ ਜਗੀਰ ਕੌਰ ਦੇ ਹੱਕ 'ਚ ਵੋਟ ਪਾਉਣ ਦੇ ਲਈ ਜ਼ੋਰ ਲਗਾ ਰਹੇ ਹਨ।

# ਤੇਂਦੂਏ ਨਾਲ ਮਜ਼ਾਕ ਮਹਿੰਗਾ ਪਿਆ



**ਭੋਪਾਲ** : ਮੱਧ ਪ੍ਰਦੇਸ਼ ਦੇ ਸ਼ਹਡੋਲ 'ਚ ਤੇਂਦੂਏ ਵੱਲੋਂ ਹਮਲਾ ਕੀਤੇ ਜਾਣ ਤੋਂ ਬਾਅਦ ਲੋਕਾਂ ਨੂੰ ਜੰਗਲੀ ਰੇਂਜ ਤੋਂ ਦੂਰ ਰਹਿਣ ਲਈ ਐਡਵਾਈਜ਼ਰੀ ਜਾਰੀ ਕੀਤੀ ਗਈ ਸੀ, ਪਰ ਪਿਕਨਿਕ ਮਨਾਉਣ ਆਇਆ ਇੱਕ ਗਰੁੱਪ ਟਲਿਆ ਨਹੀਂ। ਨਤੀਜੇ ਵਜੋਂ ਉਨ੍ਹਾਂ ਵਿੱਚੋਂ ਤਿੰਨ ਤੇਂਦੂਏ ਦੇ ਹਮਲੇ ਦਾ ਸ਼ਿਕਾਰ ਹੋ ਗਏ। ਕੁੱਝ ਵਿਅਕਤੀ ਸ਼ਹਡੋਲ ਰੇਂਜ ਦੀ ਖਿਤੌਲੀ ਬੀਟ 'ਚ ਸੋਨ ਨਦੀ ਦੇ ਕੋਲ ਪਿਕਨਿਕ ਮਨਾ ਰਹੇ ਸਨ। ਉਨ੍ਹਾਂ ਵਿੱਚੋਂ ਇੱਕ ਵੱਲੋਂ ਸ਼ੂਟ ਕੀਤੀ ਗਈ 30 ਸੈਕਿੰਡ ਦੀ ਵੀਡੀਓ ਕਲਿੱਪ ਵਾਇਰਲ ਹੋ ਰਹੀ ਹੈ, ਜਿਸ ਵਿਚ ਤੇਂਦੂਆ ਉਨ੍ਹਾਂ 'ਤੇ ਹਮਲਾ ਕਰਦਾ ਦਿਖਾਈ ਦਿੰਦਾ ਹੈ। ਗਰੁੱਪ ਨੇ ● ਬਾਕੀ ਸਫ਼ਾ 2 'ਤੇ

# ਪਨੂੰ ਮਾਮਲੇ 'ਚ ਭਾਰਤ ਨੂੰ ਪੂਰੀ ਤਸੱਲੀ ਕਰਾਉਣੀ ਪੈਣੀ : ਅਮਰੀਕਾ

**ਵਾਸ਼ਿੰਗਟਨ** : ਅਮਰੀਕਾ ਨੇ ਕਿਹਾ ਹੈ ਕਿ ਉਸ ਦੀ ਪੂਰੀ ਤਰ੍ਹਾਂ ਤਸੱਲੀ ਉਦੋਂ ਹੀ ਹੋਵੇਗੀ, ਜਦੋਂ ਵੱਖਵਾਦੀ ਗੁਰਪਤਵੰਤ ਸਿੰਘ ਪਨੂੰ ਨੂੰ ਅਮਰੀਕੀ ਧਰਤੀ ਉਤੇ ਕਤਲ ਕਰਨ ਦੀ ਨਾਕਾਮ ਸਾਜ਼ਿਸ਼ ਦੀ ਭਾਰਤ ਵੱਲੋਂ ਕੀਤੀ ਜਾ ਰਹੀ ਜਾਂਚ ਦੇ ਸਿੱਟੇ ਵਜੋਂ ਕੋਈ 'ਸਾਰਥਕ ਜਵਾਬਦੇਹੀ' ਨਿਕਲ ਕੇ ਆਵੇਗੀ।

ਭਾਰਤ ਸਰਕਾਰ ਪਹਿਲਾਂ ਹੀ ਸਾਜ਼ਿਸ਼ 'ਚ ਕਿਸੇ ਸ਼ਮੂਲੀਅਤ ਤੋਂ ਨਾਂਹ ਕਰ ਚੁੱਕੀ ਹੈ। ਤਾਂ ਵੀ ਅਮਰੀਕਾ ਵੱਲੋਂ ਲਾਏ ਗਏ ਇਨ੍ਹਾਂ ਗੰਭੀਰ ਦੋਸ਼ਾਂ ਤੋਂ ਬਾਅਦ ਭਾਰਤ ਨੇ ਮਾਮਲੇ ਦੀ ਤਫਤੀਸ਼ ਲਈ ਇਕ ਜਾਂਚ ਕਮੇਟੀ ਕਾਇਮ ਕੀਤੀ ਹੈ।

ਅਮਰੀਕੀ ਵਿਦੇਸ਼ ਵਿਭਾਗ ਦੇ ਉਪ ਤਰਜਮਾਨ ਵੇਦਾਂਤ ਪਟੇਲ ਨੇ ਪ੍ਰੈੱਸ ਕਾਨਫਰੰਸ ਵਿਚ ਦੱਸਿਆ—ਅਸੀਂ ਭਾਰਤੀ ਜਾਂਚ ਦੇ ਸਿੱਟਿਆਂ ਉਤੇ ਆਧਾਰਤ ਜਵਾਬਦੇਹੀ ਦੀ ਉਮੀਦ ਕਰਦੇ ਹਾਂ ਤੇ ਅਜਿਹਾ ਹੁੰਦਾ ਦੇਖਣਾ ਚਾਹੁੰਦੇ ਹਾਂ ਤੇ ਯਕੀਨਨ ਅਮਰੀਕਾ ਦੀ ਉਦੋਂ ਤੱਕ ਪੂਰੀ ਤਸੱਲੀ ਨਹੀਂ ਹੋਵੇਗੀ, ਜਦੋਂ ਤੱਕ ਤਫਤੀਸ਼ ਦੇ ਸਿੱਟੇ ਵਜੋਂ ਸਾਰਥਕ ਜਵਾਬਦੇਹੀ ਸਾਹਮਣੇ ਨਹੀਂ ਆਉਂਦੀ।

ਉਨ੍ਹਾ ਇਸ ਸੰਬੰਧੀ ਇਹ ਕਹਿੰਦਿਆਂ ਹੋਰ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ ਕਿ 'ਮਾਮਲਾ ਹਾਲੇ ਜਾਂਚ ਅਧੀਨ' ਹੈ। ਬੀਤੇ ਹਫਤੇ ਅਮਰੀਕੀ ਅਧਿਕਾਰੀਆਂ ਨੇ ਸਾਬਕਾ ਭਾਰਤੀ ਪੁਲਸ ਅਧਿਕਾਰੀ ਵਿਕਾਸ ਯਾਦਵ ਉਤੇ ਪਨੂੰ ਦੇ ਕਤਲ ਦੀ ਕੋਸ਼ਿਸ਼ ਵਿਚ ਸ਼ਮੂਲੀਅਤ ਦੇ ਦੋਸ਼ ਲਾਏ ਸਨ। ਉਸ ਦੇ ਸਹਿ ਸਾਜ਼ਿਸ਼ਘਾੜੇ ਨਿਖਿਲ ਗੁਪਤਾ ਨੂੰ ਪਹਿਲਾਂ ਹੀ ਚੈਕ ਰਿਬਪਲਿਕ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ, ਜੋ ਹੁਣ ਅਮਰੀਕੀ ਜੇਲ੍ਹ ਵਿਚ ਬੰਦ ਹੈ। ਇਸ ਤੋਂ ਪਹਿਲਾਂ ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਮੈਥਿਊ ਮਿੱਲਰ ਨੇ ਕਿਹਾ ਸੀ ਕਿ ਭਾਰਤ ਵੱਲੋਂ ਮਾਮਲੇ ਵਿਚ ਦਿੱਤੇ ਜਾ ਰਹੇ ਸਹਿਯੋਗ ਤੋਂ ਅਮਰੀਕਾ ਦੀ ਤਸੱਲੀ ਹੈ। ਇਸ ਤੋਂ ਬਾਅਦ ਪਟੇਲ ਦਾ ਇਹ ਬਿਆਨ ਆਇਆ ਹੈ ਕਿ ਹਾਲੇ ਅਮਰੀਕਾ ਦੀ ਪੂਰੀ ਤਸੱਲੀ ਨਹੀਂ ਹੈ।


## ਦੀਵਾਲੀ ਵਿਸ਼ੇਸ਼ ਸਪਲੀਮੈਂਟ



ਤਰਸੇਮ ਸਿੰਘ ਸਾਧਪੁਰ ਤਰਸਿੱਕਾ 99882-03163



ਹਰਬਿੰਦਰ ਸਿੰਘ ਰਾਣਾ ਵੇਰਕਾ (ਅੰਮ੍ਰਿਤਸਰ) 98881-45991



ਕ੍ਰਿਸ਼ਨ ਗਰਗ ਚੰਡੀਗੜ੍ਹ 94175-93500

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। -ਜਨਰਲ ਮੈਨੇਜਰ


# ਜਾਖੜ ਨੂੰ ਭਾਜਪਾ ਨੇ ਬਣਾਇਆ ਪੋਸਟਰ ਬੁਆਏ

**ਚੰਡੀਗੜ੍ਹ** : ਜ਼ਿਮਨੀ ਚੋਣਾਂ ਵਿਚ ਭਾਜਪਾ ਨੇ 'ਪਗੜੀਧਾਰੀ' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪ੍ਰਚਾਰ ਲਈ ਸੁਨੀਲ ਜਾਖੜ ਨੂੰ ਪੋਸਟਰ ਬੁਆਏ ਵਜੋਂ ਦਿਖਾਇਆ ਹੈ। ਪਾਰਟੀ ਵੱਲੋਂ ਸਾਂਝੀ ਕੀਤੀ ਗਈ ਵੀਡੀਓ ਦੇ ਨਾਲ ਲਿਖਿਆ ਗਿਆ ਹੈ ਕਿ 'ਜੇ ਪੰਜਾਬ ਬਚਾਉਣਾ ਤਾਂ ਪੈਣਾ ਭਾਜਪਾ ਨੂੰ ਜਿਤਾਉਣਾ'। ਵੀਡੀਓ ਦੀ ਟੈਗਲਾਈਨ 'ਬਾਕੀ ਗੱਲਾਂ ਛੱਡੋ, ਪੰਜਾਬ ਦੀ ਗੱਲ ਜ਼ਰੂਰੀ ਹੈ' ਜਾਖੜ ਦੇ ਇਸ ਵਿਚਾਰ ਨੂੰ ਦਰਸਾਉਂਦੀ ਹੈ ਕਿ ਭਾਜਪਾ ਨੂੰ ਪੰਜਾਬੀਆਂ ਅਤੇ ਪੰਜਾਬ ਦੇ ਕਿਸਾਨਾਂ ਦੇ ਮੁੱਦਿਆਂ ਨੂੰ ਸਮਝਣ ਦੀ ਲੋੜ ਹ ੈ । ● ਬਾਕੀ ਸਫ਼ਾ 2 'ਤੇ




# ਵਾਤਾਵਰਣ ਸੁਰੱਖਿਆ ਕਾਨੂੰਨ ਸ਼ਕਤੀਹੀਣ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਬੁੱਧਵਾਰ ਕੇਂਦਰ ਦੀ ਖਿਚਾਈ ਕਰਦਿਆਂ ਵਾਤਾਵਰਣ ਸੁਰੱਖਿਆ ਕਾਨੂੰਨ ਨੂੰ ਸ਼ਕਤੀਹੀਣ ਦੱਸਿਆ ਅਤੇ ਕਿਹਾ ਕਿ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ ਏ ਕਿਊ ਐੱਮ) ਐਕਟ ਦੇ ਤਹਿਤ, ਜੋ ਕਿ ਪਰਾਲੀ ਸਾੜਨ ਲਈ ਜੁਰਮਾਨੇ ਨਾਲ ਸੰਬੰਧਤ ਹੈ, ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਜਸਟਿਸ ਅਭੈ ਐਸ ਓਕਾ, ਅਹਸਾਨੂਦੀਨ ਅਮਾਨੁੱਲਾ ਅਤੇ ਆਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਕਿਹਾ ਕਿ ਕੌਮੀ ਰਾਜਧਾਨੀ ਖੇਤਰ ਅਤੇ ਆਸਪਾਸ ਖੇਤਰ ਐਕਟ 2021 (ਸੀ ਏ ਕਿਊ ਐੱਮ ਐਕਟ) 'ਚ ਹਵਾ ਗੁਣਵੱਤਾ ਪ੍ਰਬੰਧਨ ਲਈ ਕਮਿਸ਼ਨ ਨੂੰ ਹਵਾ ਪ੍ਰਦੂਸ਼ਣ ਨੂੰ ● ਬਾਕੀ ਸਫ਼ਾ 2 'ਤੇ

# ਸੀ ਪੀ ਆਈ ਦੀ 2 ਦਸੰਬਰ ਨੂੰ ਮਾਝਾ ਜ਼ੋਨ ਦੀ ਰੈਲੀ ਅੰਮ੍ਰਿਤਸਰ 'ਚ ਹੋਵੇਗੀ : ਬਰਾੜ



**ਅੰਮ੍ਰਿਤਸਰ (ਜਸਬੀਰ ਪੱਟੀ, ਕੰਵਲਜੀਤ ਸਿੰਘ)**

ਭਾਰਤੀ ਕਮਿਊਨਿਸਟ ਪਾਰਟੀ ਪੰਜਾਬ ਦੇ ਮਾਝਾ ਜ਼ੋਨ ਦੇ ਸਟੇਟ ਕੌਂਸਲ ਮੈਂਬਰਾਂ ਦੀ ਮੀਟਿੰਗ ਏਕਤਾ ਭਵਨ ਪੁਤਲੀਘਰ, ਅੰਮ੍ਰਿਤਸਰ ਵਿਖੇ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਤਰਨ ਤਾਰਨ ਜ਼ਿਲ੍ਹੇ ਦੇ ਸਕੱਤਰ ਦਵਿੰਦਰ ਸੋਹਲ ਨੇ ਕੀਤੀ। ਪਾਰਟੀ ਦੇ ਪੰਜਾਬ ਸਕੱਤਰ ਬੰਤ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਮੀਟਿੰਗ ਵਿੱਚ ਸ਼ਾਮਲ ਹੋਏ। ਮੀਟਿੰਗ ਦੇ ਸ਼ੁਰੂ ਵਿੱਚ ਇਜ਼ਰਾਈਲ ਵੱਲੋਂ ਫਲਸਤੀਨ ਦੇ ਲੋਕਾਂ ਉਪਰ ਢਾਹੇ ਜਾ ਰਹੇ ਕਹਿਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਫਸੀ ਚਿੱਕੜ ਵਿੱਚ ਗੱਡੀ ਅਕਾਲੀਆਂ ਦੀ,
ਬਣਦੀ ਕੱਢਣ ਦੀ ਬਿੱਧ ਨਾ ਕੋਈ ਮੀਆਂ।
ਅਕਾਲ ਤਖਤ ਦੇ ਤੱਕ ਵੀ ਪਹੁੰਚ ਕੀਤੀ,
ਕਹਿੰਦੇ ਓਥੋਂ ਵੀ ਮਿਲੀ ਨਾ ਢੋਈ ਮੀਆਂ।
ਭੁਗਤਣੀ ਉਨ੍ਹਾਂ ਨੂੰ ਪਈ ਆ ਅੱਜ ਜਿਹੜੀ,
ਪਹਿਲਾਂ ਕਦੀ ਵੀ ਏਨੀ ਨਹੀਂ ਹੋਈ ਮੀਆਂ।
ਕਚੀਚੀਆਂ ਵੱਟ ਕੇ ਬਾਹਰ ਤਾਂ ਬੋਲਦੇ ਈ,
ਵੜ-ਵੜ ਅੰਦਰੀਂ ਜਾਂਦੇ ਆ ਰੋਈ ਮੀਆਂ।
ਨਾਟਕ ਜਿੰਦਾਂ ਦੇ ਕੀਤੇ ਕਈ ਅਜੇ ਤੀਕਰ,
ਨਾਟਕ ਓਦਾਂ ਦਾ ਕਰਨ ਇਹ ਤੁਰੇ ਮੀਆਂ।
ਫਸੀ ਕਸੂਤੀ ਜਿਹੀ ਗੱਡੀ ਅਕਾਲੀਆਂ ਦੀ,
ਕੱਢਣ ਵਾਲੀ ਤਰਕੀਬ ਨਹੀਂ ਫੁਰੇ ਮੀਆਂ।

-ਤੀਸ ਮਾਰ ਖਾਂ

# ਪੰਜਾਬ ਨੂੰ ਪਹਾੜੀ ਸੂਬਿਆਂ ਦੀ ਤਰਜ਼ 'ਤੇ ਰਿਆਇਤਾਂ ਦਿੱਤੀਆਂ ਜਾਣ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਨੀਤੀ ਆਯੋਗ ਦੀ ਉੱਚ ਪੱਧਰੀ ਟੀਮ ਅੱਗੇ ਸੂਬੇ ਵਿੱਚ ਉਦਯੋਗਿਕ ਵਿਕਾਸ ਦਾ ਮਜ਼ਬੂਤ ਪੱਖ ਪੇਸ਼ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਕਿਹਾ ਕਿ ਸੂਬੇ ਵਿੱਚ ਉਦਯੋਗਾਂ ਦੇ ਵਿਕਾਸ ਲਈ ਗੁਆਂਢੀ ਪਹਾੜੀ ਰਾਜਾਂ ਦੇ ਬਰਾਬਰ ਰਿਆਇਤਾਂ ਦਿੱਤੀਆਂ ਜਾਣ।

ਐੱਮ ਐੱਸ ਐੱਮ ਈਜ਼ ਬਰਾਮਦਾਂ 'ਤੇ ਆਧਾਰਤ ਵਰਕਸ਼ਾਪ ਦੇ ਉਦਘਾਟਨੀ ਸੈਸ਼ਨ ਦੌਰਾਨ ਉਦਯੋਗਾਂ ਨੂੰ ਪੰਜਾਬ ਦੇ ਵਿਕਾਸ ਦੇ ਧੁਰੇ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਉਦਯੋਗਪਤੀਆਂ ਨੂੰ ਵੀ ਪਹਾੜੀ ਰਾਜਾਂ ਦੇ ਬਰਾਬਰ ਸਬਸਿਡੀਆਂ ਅਤੇ ਰਿਆਇਤਾਂ ਦੇਣਾ ਸਮੇਂ ਦੀ ਲੋੜ ਹੈ। ਉਨ੍ਹਾ ਕਿਹਾ ਕਿ ਪੰਜਾਬ ਨੂੰ ਸਰਹੱਦੀ ਸੂਬਾ ਹੋਣ ਕਰਕੇ ਪਹਾੜੀ ਰਾਜਾਂ ਦੀ ਤਰਜ਼ 'ਤੇ ਕਾਰੋਬਾਰੀ ਸੌਖ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਮਾਨ ਨੇ ਕਿਹਾ ਕਿ ਇਸ ਨਾਲ ਸੂਬੇ ਦੇ ਵਿਆਪਕ ਉਦਯੋਗਿਕ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ, ਕਿਉਂਕਿ ਪਹਾੜੀ ਖੇਤਰਾਂ ਨੂੰ ਰਿਆਇਤਾਂ ਮਿਲਣ ਕਾਰਨ ਸੂਬਾ ਉਦਯੋਗਿਕ ਵਿਕਾਸ ਵਿੱਚ ਪਛੜ ਗਿਆ ਹੈ।




ਐੱਮ ਐੱਸ ਐੱਮ ਈਜ਼ ਨੂੰ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਅਤੇ ਐੱਮ ਐੱਸ ਐੱਮ ਈਜ਼ ਨੂੰ ਸੂਬੇ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਲਈ ਇੱਕਜੁੱਟ ਹੋ ਕੇ ਇੱਕ ਟੀਮ ਵਜੋਂ ਕੰਮ ਕਰਨਾ ਹੋਵੇਗਾ। ਉਨ੍ਹਾ ਉਦਯੋਗਪਤੀਆਂ ਨੂੰ ਸੱਦਾ ਦਿੱਤਾ ਕਿ ਉਹ ਵਿਸ਼ਵ ਪੱਧਰ ਦੇ ਪ੍ਰਤੀਯੋਗੀ ਬਣਨ ਅਤੇ ਵਿਸ਼ਵ ਭਰ ਵਿੱਚ ਚਮਕਣ ਲਈ ਪੰਜਾਬ ਸਰਕਾਰ ਦੀਆਂ ਪਹਿਲਕਦਮੀਆਂ ਦਾ ਲਾਭ ਉਠਾਉਣ। ਉਹਨਾ ਕਿਹਾ ਕਿ ਮਾਈਕਰੋ, ਲਘੂ ਅਤੇ ਦਰਮਿਆਨੇ ਉੱਦਮ (ਐੱਮ ਐੱਸ ਐੱਮ ਈਜ਼) ਆਰਥਿਕਤਾ ਦੇ ਵਾਧੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜੋ ਕੁੱਲ ਘਰੇਲੂ ਉਤਪਾਦ (ਜੀ ਡੀ ਪੀ), ਕੁੱਲ ਵੈਲੀਊ ਐਡਿਡ (ਜੀ ਵੀ ਏ), ਰੁਜ਼ਗਾਰ ਉਤਪਤੀ ਅਤੇ ਬਰਾਮਦ ਲਈ ਮਹੱਤਵਪੂਰਨ ਹਨ।ਮੁੱਖ ਮੰਤਰੀ ਨੇ ਕਿਹਾ ਕਿ ਐੱਮ ਐੱਸ ਐੱਮ ਈਜ਼ ਉਦਮਾਂ ਦੀ ਭਾਰਤੀ ਅਰਥਚਾਰੇ ਨੂੰ ਪ੍ਰਫੁੱਲਤ ਕਰਨ ਵਿੱਚ ਬਹੁਤ ਵੱਡੀ ਅਹਿਮੀਅਤ ਹੈ। ਪਿਛਲੇ ਸਾਲਾਂ ਦੌਰਾਨ ਐੱਮ ਐੱਸ ਐੱਮ ਈਜ਼ ਇੱਕ ਮਜ਼ਬੂਤ ਪਾਵਰ ਹਾਊਸ ਵਜੋਂ ਵਿਕਸਤ ਹੋਏ ਹਨ। ਰਵਾਇਤੀ ਕਾਰੀਗਰਾਂ ਤੋਂ ਲੈ ਕੇ ਨਵੀਨਤਾਕਾਰੀ ਸ਼ੁਰੂਆਤ ਤੱਕ ਐੱਮ ਐੱਸ ਐੱਮ ● ਬਾਕੀ ਸਫ਼ਾ 2 'ਤੇ

# ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ 'ਚ ਉਠਾਈ ਆਵਾਜ਼

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਝੋਨੇ ਦੀ ਨਿਰਵਿਘਨ ਖਰੀਦ ਅਤੇ ਚੁਕਾਈ ਅਮਲੀ ਰੂਪ 'ਚ ਚਾਲੂ ਕਰਾਉਣ ਲਈ ਕਿਸਾਨਾਂ ਵੱਲੋਂ ਚੱਲ ਰਹੇ ਸੰਘਰਸ਼ ਦੀ ਹਮਾਇਤ ਕਰਦੇ ਹੋਏ ਹੱਕੀ ਮੰਗਾਂ ਤੁਰੰਤ ਪ੍ਰਵਾਨ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ ।

ਕਮੇਟੀ ਨੇ ਕਿਹਾ ਕਿ ਗ਼ਦਰੀ ਬਾਬਿਆਂ ਅਤੇ ਆਜ਼ਾਦੀ ਸੰਗਰਾਮੀਆਂ ਨੇ ਇਸ ਲਈ ਜ਼ਿੰਦਾਂ ਨਹੀਂ ਸੀ ਵਾਰੀਆਂ ਕਿ ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ, ਸੰਤ ਬਾਬਾ ਵਿਸਾਖਾ ਸਿੰਘ, ਭਾਈ ਰਤਨ ਸਿੰਘ ਰਾਏਪੁਰ ਡੱਬਾ, ਬੀਬੀ ਗੁਲਾਬ ਕੌਰ ਵਰਗਿਆਂ ਦੀਆਂ ਕੁਰਬਾਨੀਆਂ ਨੂੰ ਭੁਲਾ ਕੇ ਉਹਨਾਂ ਹੀ ਸਾਮਰਾਜੀ ਕਾਰਪੋਰੇਟ ਘਰਾਣਿਆਂ ਅਤੇ ਫਿਰਕੂ ਫਾਸ਼ੀ ਤਾਕਤਾਂ ਦੇ ਇਸ਼ਾਰਿਆਂ 'ਤੇ ਉਹਨਾਂ ਦੀ ਧਰਤੀ ਦੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਿਆ ਜਾਵੇਗਾ।

ਉਹਨਾਂ ਕਿਹਾ ਕਿ ਅਜੀਤ ਸਿੰਘ ਅਤੇ ਬਾਂਕੇ ਦਿਆਲ ਵਰਗੇ ਆਜ਼ਾਦੀ ਸੰਗਰਾਮੀਏ ਕਿੰਨਾ ਚਿਰ ਪਹਿਲਾਂ 'ਪਗੜੀ ਸੰਭਾਲ' ਦਾ ਪੈਗ਼ਾਮ ਦੇ ਕੇ ਗਏ, ਅੱਜ ਉਸ ਪਗੜੀ ਨੂੰ ਗੰਭੀਰ ਖ਼ਤਰਾ ਹੈ। ਇਸ ਲਈ ਗਦਰੀ ਬਾਬਿਆਂ ਦੇ ਵਾਰਸਾਂ ਨੂੰ ਲੋਕਾਂ ਨਾਲ਼ ਖੜ੍ਹੇ ਹੋਣ ਦਾ ਵੇਲਾ ਹੈ। ਉਹਨਾਂ ਕਿਹਾ ਕਿ ਨਿਰਵਿਘਨ ਖਰੀਦ ਸ਼ੁਰੂ ਹੋਣ ਬਾਰੇ ਸਰਕਾਰੀ ਦਾਅਵੇ ਬਹੁਤੀਆਂ ਮੰਡੀਆਂ 'ਚ ਝੂਠੇ ਸਾਬਤ ਹੋ ਰਹੇ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਸਾਨਾਂ ਦੀਆਂ ਮੰਗਾਂ ਦੀ ਹਮਾਇਤ ਕਰਦਿਆਂ ਕਿਹਾ ਕਿ ਝੋਨੇ ਦੀ ਪੂਰੇ ਐੱਮ ਐੱਸ ਪੀ 'ਤੇ ਨਿਰਵਿਘਨ ਖਰੀਦ ਅਤੇ ਨਾਲੋ-ਨਾਲ ਚੁਕਾਈ ਅਮਲੀ ਰੂਪ 'ਚ ਚਾਲੂ ਕੀਤੀ ਜਾਵੇ ਅਤੇ ਹੁਣ ਤੱਕ ਘੱਟ ਮੁੱਲ 'ਤੇ ਵਿਕੇ ਝੋਨੇ ਦੀ ਕਮੀ ਪੂਰਤੀ ਕੀਤੀ ਜਾਵੇ। ਸਰਕਾਰੀ ● ਬਾਕੀ ਸਫ਼ਾ 2 'ਤੇ

## ਐੱਸ ਬੀ ਐੱਸ ਸਟੇਟ 'ਵਰਸਿਟੀ 'ਚ ਸਮਾਗਮ ਕਰਾਇਆ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ ਵਿਖੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਯੂਨੀਵਰਸਿਟੀ ਦੇ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਕਰਾਏ ਗਏ, ਜਿਸ ਦੌਰਾਨ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਭਾਈ ਮਨਿੰਦਰ ਸਿੰਘ ਜੀ ਦੇ ਜਥੇ, ਹਜ਼ੂਰੀ ਰਾਗੀ ਭਾਈ ਜਤਿੰਦਰਪਾਲ ਸਿੰਘ ਜੀ ਗੁਰਦੁਆਰਾ ਜਾਮਨੀ ਸਾਹਿਬ, ਬਾਜੀਦਪੁਰ ਦੇ ਜਥੇ ਤੇ ਭਾਈ ਬਲਵਿੰਦਰ ਸਿੰਘ ਜੀ (ਕਥਾ ਵਾਚਕ ਗੁਰਦੁਆਰਾ ਸ੍ਰੀ ਜਾਮਨੀ ਸਾਹਿਬ) ਵੱਲੋਂ ਰਸ ਭਿੰਨੇ ਕੀਰਤਨ ਤੇ ਗੁਰੂ ਰਾਮਦਾਸ ਜੀ ਦੇ ਜੀਵਨ ਤੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਸ਼ੁਸ਼ੀਲ ਮਿੱਤਲ ਨੇ ਆਪਣੇ ਸੁਨੇਹੇ ਰਾਹੀਂ ਕੈਂਪਸ ਦੇ ਸਟਾਫ਼ ਤੇ ਵਿਦਿਆਰਥੀਆਂ ਨੂੰ ਇਸ ਸ਼ੁਭ ਇੱਛਾਵਾਂ ਭੇਜੀਆਂ। ਯੂਨੀਵਰਸਿਟੀ ਰਜਿਸਟ੍ਰਾਰ ਡਾ. ਗਜ਼ਲਪ੍ਰੀਤ ਸਿੰਘ ਨੇ ਇਸ ਸ਼ੁਭ ਮੌਕੇ ਪਹੁੰਚੀ ਹੋਈ ਸੰਗਤ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਜੀ ਆਇਆਂ ਕਿਹਾ। ਉਪਰੰਤ ਗੁਰੂ ਜੀ ਦੇ ਅਤੁਟ ਲੰਗਰ ਵਰਤਾਏ ਗਏ।

## ਸਰਪੰਚ ਰਛਪਾਲ ਸਿੰਘ ਭਾਲਾ ਮੰਡ ਵੱਲੋਂ ਵੋਟਰਾਂ ਦਾ ਧੰਨਵਾਦ



**ਸਮਾਣਾ (ਹਰਜਿੰਦਰ ਸਿੰਘ ਜਵੰਦਾ)**-ਪਿੰਡ ਮਿਆਲ ਕਲਾਂ ਤੋਂ ਬਹੁਤ ਹੀ ਮਿਲਣਸਾਰ ਤੇ ਸੂਝਵਾਨ ਨੌਜਵਾਨ ਰਛਪਾਲ ਸਿੰਘ ਭਾਲਾ ਮੰਡ ਨਵੇਂ ਸਰਪੰਚ ਬਣੇ ਹਨ।ਉਨ੍ਹਾਂ ਦੇ ਸਰਪੰਚ ਬਣਨ ਨਾਲ ਪਿੰਡ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ।ਉਨ੍ਹਾਂ ਪ੍ਰਮਾਤਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਵਾਹਿਗੁਰੂ ਜੀ ਅਤੇ ਪਿੰਡ ਵਾਸੀਆਂ ਦੇ ਪਿਆਰ ਸਦਕਾ ਹੋਈ ਹੈ।ਇਸ ਲਈ ਉਹ ਪ੍ਰਮਾਤਮਾ ਦੇ ਸ਼ੁਕਰਗੁਜ਼ਾਰ ਹਨ ਤੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ।ਉਨ੍ਹਾਂ ਕਿਹਾ ਕਿ ਉਹ ਪਿੰਡ ਦੇ ਸਾਂਝੇ ਕੰਮਾਂ ਨੂੰ ਬਿਨਾਂ ਕਿਸੇ ਵਿਤਕਰੇ ਤੇ ਬਿਨਾਂ ਕਿਸੇ ਪੱਖਪਾਤ ਤੋਂ ਕਰਨਗੇ ਤੇ ਪਿੰਡ ਵਾਸੀਆਂ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣਗੇ। ਪਿੰਡ ਦੇ ਅਧੂਰੇ ਰਹਿੰਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਉਣ ਦੀ ਕੋਸ਼ਿਸ਼ ਕਰਨਗੇ।

## ਸੂਬੇ 'ਚੋਂ ਫ਼ਸਲ ਨਾ ਚੁੱਕ ਕੇ ਕੇਂਦਰ ਸਰਕਾਰ ਪੰਜਾਬ ਨਾਲ ਕਰ ਰਹੀ ਮਤਰੇਈ ਮਾਂ ਵਾਲਾ ਸਲੂਕ : ਤਰੁਨਪ੍ਰੀਤ ਸਿੰਘ ਸੌਂਦ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜਦੋਂ ਦੇਸ਼ ਨੂੰ ਅਨਾਜ ਦੀ ਲੋੜ ਸੀ, ਓਦੋਂ ਪੰਜਾਬ ਨੇ ਦਿਨ-ਰਾਤ ਇੱਕ ਕਰ ਕੇ ਦੇਸ਼ ਲਈ ਅਨਾਜ ਪੈਦਾ ਕਰਕੇ ਦਿੱਤਾ, ਪਰ ਉਸ ਸਾਰੀ ਮਿਹਨਤ ਨੂੰ ਦਰਕਿਨਾਰ ਕਰ ਕੇ ਕੇਂਦਰ ਸਰਕਾਰ ਸੂਬੇ ਵਿੱਚੋਂ ਫ਼ਸਲ ਨਾ ਚੁੱਕ ਕੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।ਇਹ ਗੱਲ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸਕੂਲ ਆਫ਼ ਐਮੀਨੈਂਸ, ਅਮਲੋਹ ਵਿਖੇ ਮਾਪੇ ਅਧਿਆਪਕ ਮਿਲਣੀ ਦਾ ਜਾਇਜ਼ਾ ਲੈਣ ਉਪਰੰਤ ਆਖੀ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਕੇਂਦਰ ਨਾਲ ਚਿੱਠੀ-ਪੱਤਰ ਵੀ ਕੀਤਾ ਗਿਆ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਜਾ ਕੇ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਵੀ ਕਰ ਕੇ ਆਏ ਹਨ, ਪਰ ਇਸ ਦੇ ਬਾਵਜੂਦ ਕੇਂਦਰ ਵੱਲੋਂ ਪੰਜਾਬ ਵਿੱਚੋਂ ਫ਼ਸਲ ਨਹੀਂ ਚੁੱਕੀ ਜਾ ਰਹੀ।ਸੌਂਦ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਵੀ ਪਤਾ ਸੀ ਕਿ ਝੋਨੇ ਦਾ ਸੀਜ਼ਨ ਆ ਰਿਹਾ ਹੈ।ਇਸ ਦੇ ਬਾਵਜੂਦ ਕੇਂਦਰ ਵੱਲੋਂ ਕੋਈ ਵੀ ਸਪੈਸ਼ਲ ਲਾ ਕੇ ਪੰਜਾਬ ਵਿਚਲੇ ਗੋਦਾਮ ਖਾਲੀ ਨਹੀਂ ਕਰਾਏ ਗਏ।ਦੂਜੇ ਪਾਸੇ ਕਿਸਾਨਾਂ ਤੇ ਆੜ੍ਹਤੀਆਂ ਦੀਆਂ ਜਿਹੜੀਆਂ ਮੁਸ਼ਕਲਾਂ ਪੰਜਾਬ ਨਾਲ ਸਬੰਧਤ ਸਨ, ਉਹ ਪੰਜਾਬ ਸਰਕਾਰ ਨੇ ਬਹੁਤ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰ ਕੇ ਹੱਲ ਕਰ ਦਿੱਤੀਆਂ, ਪਰ ਜਦ ਗੱਲ ਕੇਂਦਰ ਦੀ ਆਉਂਦੀ ਹੈ ਤਾਂ ਕੇਂਦਰ ਵੱਲੋਂ ਪੰਜਾਬ ਦੀਆਂ ਮੁਸ਼ਕਲਾਂ ਹੱਲ ਨਹੀਂ ਕੀਤੀਆਂ ਜਾ ਰਹੀਆਂ।

## ਪਰਾਲੀ ਨੂੰ ਅੱਗ ਨਾ ਲਾਉਣ ਕਿਸਾਨ, ਪ੍ਰਸ਼ਾਸਨ ਦਾ ਸਾਥ ਦੇਣ : ਐੱਸ ਡੀ ਐੱਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਬ ਡਵੀਜ਼ਨ ਦੇ ਐਸ ਡੀ ਐਮ ਹਰਕੰਵਲਜੀਤ ਸਿੰਘ, ਤਹਿਸੀਲਦਾਰ ਸਰਵੇਸ਼ ਰਾਜਨ, ਨਾਇਬ ਤਹਿਸੀਲਦਾਰ ਬਲਵਿੰਦਰ ਸਿੰਘ ਵੱਲੋਂ ਕਿਸਾਨਾਂ ਨੂੰ ਪਰਾਲੀ ਨੂੰ ਖੇਤਾਂ ਵਿੱਚ ਨਾ ਸਾੜਨ ਸਬੰਧੀ ਪ੍ਰੇਰਿਤ ਕਰਨ ਲਈ ਮਹਿਲ ਕਲਾਂ, ਖਿਆਲੀ, ਕੁਰੜ, ਪੰਡੋਰੀ, ਛਾਪਾ, ਮਹਿਲ ਖੁਰਦ ਅਤੇ ਭੱਦਲਵੱਢ ਵਿਖੇ ਕਿਸਾਨਾਂ ਦੇ ਖੇਤਾਂ ਵਿੱਚ ਪੁੱਜ ਕੇ ਕਿਸਾਨਾਂ ਵੱਲੋਂ ਕੱਟੀ ਜਾ ਰਹੀ ਝੋਨੇ ਦੀ ਫਸਲ ਸਮੇਂ ਕਿਸਾਨਾਂ ਨੂੰ ਜਾਗਰੂਕ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮ ਅਨੁਸਾਰ ਕਿਸਾਨ ਆਪਣੇ ਖੇਤ ਵਿੱਚੋ ਕੰਬਾਈਨ ਨਾਲ ਝੋਨੇ ਦੀ ਕਟਾਈ ਸਮੇਂ ਐਸ ਐਮ ਐਸ ਦਾ ਪ੍ਰਯੋਗ ਕਰਨ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਇਲਾਕਿਆਂ ਵਿੱਚ ਟੀਮਾਂ ਦੀਆਂ ਡਿਊਟੀਆਂ ਲਾ ਕੇ ਕੰਬਾਈਨ ਮਾਲਕ ਤੇ ਕਿਸਾਨਾਂ ਨੂੰ ਐਸ ਐਮ ਐਸ ਲਾ ਕੇ ਝੋਨਾ ਕੱਟਣ ਦੀਆਂ ਹਦਾਇਤਾਂ ਨੂੰ ਹਰ ਹਾਲਤ ਵਿੱਚ ਲਾਗੂ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਮਾਜ ਵਿੱਚ ਅਨੇਕਾਂ ਬਿਮਾਰੀਆਂ ਨਾਲ ਲੋਕ ਜੂਝ ਰਹੇ ਹਨ, ਝੋਨੇ ਦੀ ਪਰਾਲੀ ਨੂੰ ਲਾਈ ਜਾ ਰਹੀ, ਅੱਗ ਕਾਰਨ ਜਿੱਥੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਜਨਮ ਲੈਂਦੀਆਂ ਹਨ, ਉਥੇ ਘਰਾਂ ਵਿੱਚ ਬੈਠੇ ਮਰੀਜ਼ਾਂ ਦੀ ਜਾਨ ਨੂੰ ਖਤਰਾ ਹੋ ਜਾਂਦਾ ਹੈ।

## ਸਰਬਸੰਮਤੀ ਵਾਲੀਆਂ 10 ਪੰਚਾਇਤਾਂ ਨੂੰ 50 ਲੱਖ ਰੁਪਏ ਗ੍ਰਾਂਟ ਦੇਣ ਦਾ ਐਲਾਨ



**ਕੋਟਕਪੂਰਾ (ਰਛਪਾਲ ਭੁੱਲਰ)**-ਕੁਲਤਾਰ ਸਿੰਘ ਸੰਧਵਾਂ ਸਪੀਕਰ ਨੇ ਆਪਣੇ ਹਲਕੇ ਕੋਟਕਪੂਰਾ ਅਧੀਨ ਆਉਂਦੇ ਪਿੰਡਾਂ ਚਮੇਲੀ, ਢਾਬ ਗੁਰੂ ਕੀ, ਲਾਲੇਆਨਾ, ਕੋਠੇ ਗੱਜਣ ਸਿੰਘ, ਕੋਠੇ ਧਾਲੀਵਾਲ, ਕੋਠੇ ਇੰਦਰ ਸਿੰਘ ਵਾਲੇ, ਖਾਰਾ, ਵਾਂਦਰ ਜਟਾਣਾ, ਸਰਪੰਚ ਚਮਕੌਰ ਸਿੰਘ ਹਰੀਏਵਾਲਾ, ਵਾਂਦਰ ਜਟਾਣਾ ਟਿੱਬੀਆਂ ਦੀਆਂ ਪੰਚਾਇਤਾਂ ਨੂੰ ਕੀਤੇ ਵਾਅਦੇ ਮੁਤਾਬਕ ਪੰਜ-ਪੰਜ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ! ਇਸ ਮੌਕੇ ਪਿੰਡ ਚਮੇਲੀ ਦੇ ਸਰਪੰਚ ਦਿਲਬਾਗ ਸਿੰਘ, ਸਰਪੰਚ ਲਖਵੀਰ ਸਿੰਘ ਢਾਬ ਗੁਰੂ ਕੀ, ਜਸਵਿੰਦਰ ਸਿੰਘ ਲੱਕੀ ਖਾਲਸਾ ਸਰਪੰਚ ਲਾਲੇਆਨਾ, ਪ੍ਰਦੀਪ ਕੌਰ ਢਿੱਲੋਂ ਸਰਪੰਚ ਕੋਠੇ ਗੱਜਣ ਸਿੰਘ ਵਾਲੇ, ਜਗਦੀਪ ਸਿੰਘ ਸਰਪੰਚ ਕੋਠੇ ਧਾਲੀਵਾਲ, ਦੀਪ ਸਰਪੰਚ ਕੋਠੇ ਇੰਦਰ ਸਿੰਘ, ਲਖਵਿੰਦਰ ਸਿੰਘ ਸਰਪੰਚ ਖਾਰਾ, ਕੌਰ ਸਿੰਘ ਸਰਪੰਚ ਵਾਂਦਰ ਜਟਾਣਾ, ਕੁਲਦੀਪ ਕੌਰ ਸਰਪੰਚ ਵਾਂਦਰ ਜਟਾਣਾ ਟਿੱਬੀਆਂ ਨੇ ਸਪੀਕਰ ਸੰਧਵਾਂ ਦੇ ਉਕਤ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਪਣੀ ਕਹਿਣੀ ਕਥਨੀ ਨੂੰ ਇੱਕ ਕਰ ਵਿਖਾਇਆ ਹੈ। ਸਮੂਹ ਸਰਪੰਚਾਂ ਤੇ ਮੈਂਬਰਾਂ ਸਮੇਤ ਉਕਤ ਪਿੰਡਾਂ ਦੇ ਮੋਹਤਬਰ ਸੱਜਣਾਂ ਹੈਪੀ ਚਮੇਲੀ, ਅਮਨ ਢਾਬ, ਬੂਟਾ ਸਿੰਘ ਬਰਾੜ ਚਮੇਲੀ ਵਾਲਾ, ਜਸਕਰਨ ਸਿੰਘ ਢਿੱਲੋਂ, ਬੂਟਾ ਕੋਠੇ ਇੰਦਰ ਵਾਲਾ, ਸੇਵਕ ਸਿੰਘ ਖਾਰਾ, ਮਹਿੰਗਾ ਸਿੰਘ ਵਾਂਦਰ ਜਟਾਣਾ, ਬੱਬੀ ਵਾਂਦਰ ਜਟਾਣਾ, ਗੁਰਜੀਤ ਸਿੰਘ ਹਰੀਏਵਾਲਾ, ਮਹਿੰਦਰ ਸਿੰਘ ਹਰੀਏਵਾਲਾ ਆਦਿ ਨੇ ਸਪੀਕਰ ਸੰਧਵਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪਿੰਡਾ ਦੇ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਇਆ ਜਾਵੇਗਾ।

## ਸਕੂਲ 'ਚ ਮਾਪੇ-ਅਧਿਆਪਕ ਮਿਲਣੀ ਦਾ ਆਯੋਜਨ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਦੀ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਪ੍ਰਾਇਮਰੀ ਸਕੂਲ ਮਾਨਸਾ ਖੁਰਦ ਵਿਖੇ ਹੈੱਡ ਟੀਚਰ ਕਮਲਪ੍ਰੀਤ ਕੌਰ ਦੀ ਅਗਵਾਈ +ਚ ਮੈਗਾ ਮਾਪੇ ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਨਵ ਨਿਯੁਕਤ ਸਰਪੰਚ, ਗ੍ਰਾਮ ਪੰਚਾਇਤ ਤੇ ਮਾਪਿਆਂ ਦਾ ਸਕੂਲ ਮੁਖੀ ਕਮਲਪ੍ਰੀਤ ਕੌਰ ਵੱਲੋਂ ਸਵਾਗਤ ਕਰਦਿਆਂ ਜੀ ਆਇਆਂ ਵੀ ਕਿਹਾ।ਇਸ ਸਮੇਂ ਨਵੀਂ ਪੰਚਾਇਤ ਵੱਲੋਂ ਸਕੂਲ ਮੁਖੀ ਤੇ ਸਟਾਫ਼ ਨਾਲ ਸਕੂਲ ਦੀਆਂ ਜ਼ਰੂਰਤਾਂ ਤੇ ਸਕੂਲ ਦੀ ਬਿਹਤਰੀ ਲਈ ਵਿਚਾਰ-ਚਰਚਾ ਵੀ ਕੀਤੀ ਗਈ।ਇਸ ਸਮੇਂ ਸਕੂਲ ਸਟਾਫ ਵੱਲੋਂ ਗ੍ਰਾਮ ਪੰਚਾਇਤ ਨੂੰ ਸਨਮਾਨਤ ਵੀ ਕੀਤਾ ਗਿਆ। ਮਾਪਿਆਂ ਨੂੰ ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜ਼ਾਰੀ ਤੋਂ ਜਾਣੂ ਕਰਵਾਇਆ ਗਿਆ ਤੇ ਨਾਲ ਹੀ ਮਾਪਿਆਂ ਨੂੰ ਅਪੀਲ ਕੀਤੀ ਗਈ ਕਿ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਹੀ ਦਾਖਲ ਕਰਾਇਆ ਜਾਵੇ ਤਾਂ ਜੁ ਸਰਕਾਰ ਵੱਲੋਂ ਮਿਲ ਰਹੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕੇ।ਇਸੇ ਦੌਰਾਨ ਸ੍ਰੀ ਨਿਰਮਲ ਉਸੇਪਚ ਆਈ ਏ ਐਸ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮਾਨਸਾ ਵੱਲੋਂ ਵੀ ਇਸ ਮਿਲਣੀ 'ਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ।

## ਫ਼ਤਹਿ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਜਿੱਤੀ ਓਵਰਆਲ ਟਰਾਫ਼ੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਤ ਬਠਿੰਡਾ-ਫ਼ਰੀਦਕੋਟ ਜ਼ੋਨ ਪੱਧਰੀ ਖੇਤਰੀ ਯੁਵਕ ਮੇਲੇ ਦੇ ਰੰਗਮੰਚ (ਥੀਏਟਰ) ਮੁਕਾਬਲਿਆਂ ਵਿੱਚੋਂ ਫ਼ਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਓਵਰਆਲ ਟਰਾਫੀ ਜਿੱਤ ਕੇ ਵੱਡਾ ਮਾਅਰਕਾ ਮਾਰਿਆ ਹੈ।

ਰੰਗਮੰਚ ਮੁਕਾਬਲਿਆਂ ਵਿੱਚ ਨਾਟਕ, ਸਕਿੱਟ ਵਿੱਚੋਂ ਪਹਿਲਾ ਸਥਾਨ ਤੇ ਮਮਿੱਕਰੀ ਦੂਜਾ ਸਥਾਨ ਹਾਸਲ ਕਰਕੇ ਓਵਰਆਲ ਟ੍ਰਾਫੀ 'ਤੇ ਕਬਜ਼ਾ ਕੀਤਾ। ਇਸੇ ਤਰ੍ਹਾਂ ਹੋਰਨਾਂ ਮੁਕਾਬਲਿਆਂ ਵਿੱਚੋਂ ਲੋਕ ਗੀਤ 'ਚੋਂ ਪਹਿਲੇ ਸਥਾਨ 'ਤੇ ਗ਼ੀਤ, ਗਜ਼ਲ ਤੇ ਲੋਕ ਸਾਜ਼ ਤੇ ਕਵਿਤਾ ਉਚਾਰਣ ਮੁਕਾਬਲਿਆਂ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ। ਉਕਤ ਆਈਟਮਾਂ ਹੁਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅੰਤਰ ਜ਼ੋਨ ਮੁਕਾਬਲਿਆਂ ਵਿੱਚ ਆਪਣੀਆਂ ਪੇਸ਼ਕਾਰੀਆਂ ਦੇਣਗੇ। ਸੰਸਥਾ ਦੇ ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ, ਯੂਥ ਕੋਆਰਡੀਨੇਟਰ ਰਮਨਪ੍ਰੀਤ ਕੌਰ ਨੇ ਦੱਸਿਆ ਕਿ ਡੀਏਵੀ ਕਾਲਜ ਬਠਿੰਡਾ ਵਿਖੇ ਨਾਟਕ ਕਿਨਾਰੇ ਜੋ ਸ਼ਾਹੀ ਨਦੀਮ ਵੱਲੋਂ ਲਿਖਿਆ ਗਿਆ ਦੀ ਪੇਸ਼ਕਾਰੀ ਦੇਖਣ ਉਪਰੰਤ ਸਰੋਤੇ ਆਪਣੇ ਹੰਝੂ ਰੋਕ ਨਹੀਂ ਸਕੇ। ਅਕਸ ਮਹਿਰਾਜ ਤੇ ਸੋਨੀ ਢਿੱਲੋਂ ਦੁਆਰਾ ਤਿਆਰ ਕਰਾਏ ਗਏ ਇਸ ਨਾਟਕ ਵਿੱਚ ਭਾਰਤ ਪਾਕਿਸਤਾਨ ਦੀ ਵੰਡ, ਸਰਹੱਦਾਂ ਤੇ ਲੋਕ ਵਿਛੋੜੇ ਦੀ ਦੁਖਦਾਈ ਘਟਨਾਵਾਂ ਦੀ ਬੇਮਿਸਾਲ ਪੇਸ਼ਕਾਰੀ ਵਿਦਿਆਰਥੀ ਦਿਲਵਰਜੋਤ ਸਿੰਘ, ਵਿਪੀਤ ਸਿੰਘ, ਅਨਿਲ ਚੌਹਾਨ, ਰੋਹਿਤ, ਹਰਜੋਤ ਕੌਰ, ਸੁਖਜੀਤ ਕੌਰ, ਨਰਿੰਦਰ ਕੁਮਾਰ, ਅਮਨਦੀਪ ਕੌਰ, ਜਸਪ੍ਰੀਤ ਕੌਰ ਦੁਆਰਾ ਬਾਖੂਬੀ ਦਿੱਤੀ ਗਈ। ਲੋਕ ਗੀਤ, ਗੀਤ ਗਜਲ ਦੀ ਪੇਸ਼ਕਾਰੀ ਸਲੀਮ ਖਾਨ ਤੇ ਸਕਿੱਟ ਵਿੱਚ ਰੋਹਿਤ, ਅਨਿਲ, ਰਮਨਦੀਪ ਸਿੰਘ, ਦਿਲਵਰਜੋਤ, ਅਮਨਦੀਪ ਕੌਰ ਤੇ ਸੁਖਜੀਤ ਕੌਰ ਨੇ ਮੁੱਖ ਕਿਰਦਾਰ ਪੇਸ਼ ਕੀਤੇ।

ਕਵਿਤਾ ਉਚਾਰਣ ਵਿੱਚ ਜਸਪ੍ਰੀਤ ਕੌਰ ਬੀਕਾਮ ਨੇ ਭਾਗ ਲਿਆ। ਸੰਸਥਾ ਦੇ ਚੇਅਰਮੈਨ ਐਸ ਐਸ ਚੱਠਾ ਉਕਤ ਪ੍ਰਾਪਤੀਆਂ ਤੋਂ ਕਾਫੀ ਉਤਸ਼ਾਹਤ ਨਜ਼ਰ ਆਏ, ਉਨ੍ਹਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ ਨਾਲ ਯੁਵਕ ਮੇਲਿਆਂ ਦੀ ਮਹੱਤਤਾ ਨੂੰ ਵਿਸ਼ੇਸ਼ ਦੱਸਿਆ। ਉਨ੍ਹਾਂ ਜੇਤੂ ਟੀਮਾਂ ਦੇ ਵਿਦਿਆਰਥੀਆਂ, ਕੋਚ ਸਾਹਿਬਾਨਾਂ ਤੇ ਅਧਿਆਪਕਾਂ ਨੂੰ ਵਿਸ਼ੇਸ਼ ਰੂਪ ਵਿੱਚ ਮੁਬਾਰਕਬਾਦ ਦਿੱਤੀ ਤੇ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਜਿੱਤਣ ਦੀ ਆਸ ਪ੍ਰਗਟ ਕੀਤੀ।

## ਸੁਰੀਲੇ ਫ਼ਨਕਾਰ 'ਚ ਗੁਲਾਬ ਸਿੰਘ ਤੇ ਪਾਲੀ ਸਿੱਧੂ ਰਹੇ ਪਹਿਲੇ ਸਥਾਨ 'ਤੇ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ, ਗੁਰਪ੍ਰੀਤ ਬੇਦੀ)**

ਪੰਜਾਬੀ ਲੇਖਕ ਮੰਚ (ਰਜਿ:) ਫ਼ਰੀਦਕੋਟ ਵੱਲੋਂ ਪ੍ਰਧਾਨ ਮਨਜਿੰਦਰ ਗੋਲੀ ਤੇ ਮੁੱਖ ਸਰਪ੍ਰਸਤ ਲੋਕ ਗਾਇਕ ਬਲਧੀਰ ਮਾਹਲਾ ਦੀ ਅਗਵਾਈ ਵਿੱਚ ਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਪਿਛਲੇ ਦਿਨੀਂ ਸੁਰੀਲੇ ਫਨਕਾਰ 2024 ਸੰਗੀਤਕ ਮੁਕਾਬਲੇ ਕਰਾਏ ਗਏ। ਇਸ ਸਮੇਂ ਕੈਨੇਡਾ ਤੋਂ ਆਏ ਸਾਇਰ ਸੁਲੱਖਣ ਸਿੰਘ ਮੈਹਮੀ ਦੇ ਗੀਤਾਂ ਦੀ ਪੁਸਤਕ ਕਾਵਿ-ਗੁਲਦਸਤਾ ਵੀ ਲੋਕ ਅਰਪਣ ਕੀਤੀ ਗਈ। ਸਮਾਗਮ ਦੇ ਮੁੱਖ ਮਹਿਮਾਨ ਡਾ. ਸੁਖਚੈਨ ਸਿੰਘ ਬਰਾੜ ਡਾਇਰੈਕਟਰ/ ਪ੍ਰਿੰਸੀਪਲ ਐਮ.ਏ.ਐਸ ਕਾਨਵੈਂਟ ਸਕੂਲ ਜਿਊਣਵਾਲਾ, ਪ੍ਰਧਾਨਗੀ ਡਾ. ਲਖਵਿੰਦਰ ਸਿੰਘ ਜੌਹਲ ਚੇਅਰਮੈਨ ਲੋਕ ਮੰਚ ਪੰਜਾਬ, ਪੁਸਤਕ ਕਾਵਿ-ਗੁਲਦਸਤਾ ਦੇ ਲੇਖਕ ਸਾਇਰ ਸੁਲੱਖਣ ਸਿੰਘ ਮੈਹਮੀ, ਵਿਸ਼ੇਸ਼ ਮਹਿਮਾਨ ਵਜੋਂ ਮੱਖਣ ਸਿੰਘ ਮੈਹਮੀ, ਸੂਬਾ ਸਿੰਘ ਮੈਹਮੀ, ਵਿੱਕੀ ਸਿੰਘ ਮੁਹਾਲੀ, ਸਰਬਜੀਤ ਸਿੰਘ ਬੀ.ਡੀ.ਓ, ਕੰਵਲਜੀਤ ਸਿੰਘ ਢਿੱਲੋਂ, ਸਮਸੇਰ ਸਿੰਘ ਸੇਖੋਂ, ਪਵਨ ਕੁਮਾਰ ਸ਼ਰਮਾ ਹਰੀਨੋ, ਗੁਰਿੰਦਰ ਕੌਰ ਰੂਪਰਾ ਪ੍ਰਿੰਸੀਪਲ, ਰਣਬੀਰ ਸਿੰਘ ਰਾਣਾ ਬਰਾੜ, ਬਖਸ਼ੀਸ਼ ਬੀਸਾ, ਲਖਵਿੰਦਰ ਸਿੰਘ ਲੱਖਾ ਬਰਾੜ ਵਿਸ਼ੇਸ਼ ਮਹਿਮਾਨਾਂ ਦੇ ਤੌਰ 'ਤੇ ਸਨ। ਇਸ ਸਮਾਗਮ ਦੇ ਸੰਗੀਤਕ ਮੁਕਾਬਲੇ ਸਮੇਂ ਜੱਜਾਂ ਦੀ ਭੂਮਿਕਾ ਪ੍ਰੋਫੈਸਰ ਅਰੁਣਾ ਰੰਦੇਵ ਕਲਾਸੀਕਲ ਸੰਗੀਤਕਾਰ, ਜੀ ਗੁਰੀ ਸੰਗੀਤਕਾਰ, ਲਵਦੀਪ ਸੂਫ਼ੀ ਗਾਇਕ ਅਤੇ ਜੇ ਪੀ ਸਿੰਘ ਸੰਗੀਤਕਾਰ ਨੇ ਨਿਭਾਈ।

ਸੰਗੀਤਕ ਮੁਕਾਬਲੇ ਵਿੱਚ ਪੂਰੇ ਪੰਜਾਬ ਚੋ ਲੜਕੇ/ਲੜਕੀਆਂ ਨੇ ਭਾਗ ਲਿਆ। ਇਸ ਸੰਗੀਤਕ ਮੁਕਾਬਲੇ ਦੇ ਵਿੱਚ ਸੇਮੀਫਾਈਨਲ ਵਿੱਚ ਲੜਕਿਆਂ 'ਚੋਂ ਗੁਲਾਬ ਸਿੰਘ ਅਤੇ ਨਿਰਵੈਰ ਸਿੰਘ ਤੇ ਕੁੜੀਆਂ ਵਿਚੋਂ ਪਾਲੀ ਸਿੱਧੂ ਤੇ ਪ੍ਰੀਤੀ ਵਾਲੀਆ ਪੁੱਜੇ। ਇਨ੍ਹਾਂ ਵਿੱਚੋਂ ਲੜਕਿਆਂ 'ਚੋਂ ਗੁਲਾਬ ਸਿੰਘ ਤੇ ਲੜਕੀਆਂ 'ਚੋਂ ਪਾਲੀ ਸਿੱਧੂ ਨੇ ਪਹਿਲਾ ਸਥਾਨ ਹਾਸਲ ਕੀਤਾ। ਜੇਤੂਆਂ ਨੂੰ 5100-5100 ਰੁਪਏ ਸੀਲਡ ਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ।

## ਹਰਿਆਣਾ ਸਰਕਾਰ ਵੱਲੋਂ ਕਰਮਚਾਰੀਆਂ ਲਈ 53 ਫੀਸਦੀ ਮਹਿੰਗਾਈ ਭੱਤਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**

ਹਰਿਆਣਾ ਸਰਕਾਰ ਨੇ ਸੂਬਾ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨ ਭੋਗੀਆਂ/ ਪਰਵਾਰਕ ਪੈਨਸ਼ਨ ਭੋਗੀਆਂ ਨੂੰ ਦੀਵਾਲੀ ਦਾ ਤੋਹਫਾ ਦਿੰਦੇ ਹੋਏ ਮਹਿੰਗਾਈ ਭੱਤੇ ਨੂੰ 50 ਫੀਸਦੀ ਤੋਂ ਵਧਾ ਕੇ 53 ਫੀਸਦੀ ਕਰ ਦਿੱਤਾ ਹੈ। ਇਹ ਵਾਧਾ 1 ਜੁਲਾਈ, 2024 ਤੋਂ ਪ੍ਰਭਾਵੀ ਸੋਧ ਵੇਤਨ ਸਰੰਖਨਾ (7ਵੇਂ ਪੇ ਕਮਿਸ਼ਨ) ਤਹਿਤ ਵੇਤਨ ਅਤੇ ਪੈਨਸ਼ਨ/ਪਰਵਾਰਕ ਪੈਨਸ਼ਨ ਪਾਉਣ ਵਾਲੇ 'ਤੇ ਲਾਗੂ ਰਹੇਗੀ।ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਇਸ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ।ਉਨ੍ਹਾ ਕਿਹਾ ਕਿ ਵਧਿਆ ਹੋਇਆ ਮਹਿੰਗਾਈ ਭੱਤਾ ਅਕਤੂਬਰ 2024 ਦੇ ਤਨਖਾਹ ਅਤੇ ਪੈਨਸ਼ਨ ਵਿਚ ਜੁੜ ਕੇ ਆਵੇਗਾ। ਇਸ ਤੋਂ ਇਲਾਵਾ ਜੁਲਾਈ, ਅਗਸਤ ਅਤੇ ਸਤੰਬਰ ਦੇ ਏਰੀਅਰ ਦਾ ਭੁਗਤਾਨ ਦਸੰਬਰ 2024 ਵਿਚ ਕੀਤਾ ਜਾਵੇਗਾ। ਮਹਿੰਗਾਈ ਭੱਤੇ ਵਿਚ ਇਸ ਸੋਧ ਨਾਲ ਸੂਬਾ ਸਰਕਾਰ 'ਤੇ 498 ਕਰੋੜ ਰੁਪਏ ਦਾ ਵੱਧ ਮਾਲੀ ਭਾਰ ਆਵੇਗਾ।

## ਵਿਧਾਇਕ ਸੁਖਾਨੰਦ ਦੇ ਘਰ ਅੱਗੇ ਦਿਨ-ਰਾਤ ਦਾ ਧਰਨਾ ਛੇਵੇਂ ਦਿਨ 'ਚ ਦਾਖ਼ਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਬਾਘਾਪੁਰਾਣਾ ਦੇ ਪ੍ਰਧਾਨ ਗੁਰਦਾਸ ਸਿੰਘ ਸੇਖਾ ਕਲਾਂ ਦੀ ਅਗਵਾਈ ਹੇਠ ਐਮ ਐਲ ਏ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਘਰ ਅੱਗੇ ਧਰਨਾ ਛੇਵੇਂ ਦਿਨ 'ਚ ਸ਼ਾਮਲ ਹੋ ਚੁੱਕਾ ਹੈ, ਪਰ ਮੌਜੂਦਾ ਹਕੂਮਤ ਹਾਲ ਦੀ ਘੜੀ ਵਿੱਚ ਕਿਸੇ ਵੀ ਸਿੱਟੇ 'ਤੇ ਨਹੀਂ ਪਹੁੰਚੀ, ਕਿਉਂਕਿ ਪਿਛਲੇ ਕਈਆ ਦਿਨਾਂ ਤੋਂ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਝੋਨੇ ਦੀ ਫ਼ਸਲ ਮੰਡੀਆਂ ਵਿੱਚ ਰੁਲ ਰਹੀ ਹੈ। ਜਾਣ ਬੁੱਝ ਕੇ ਸਰਕਾਰ ਵੱਲੋਂ ਕਾਰਪੋਰੇਟ ਘਰਾਨਿਆਂ ਦੇ ਇਸ਼ਾਰੇ 'ਤੇ ਹੀ ਖ਼ਰੀਦ ਸ਼ੁਰੂ ਕਰਨੀ ਹੈ, ਕਿਉਂਕਿ ਕਿਸਾਨ ਵੱਲੋਂ ਪਾਲੀ ਆਪਣੀ ਫਸਲ ਦਾ ਮੁੱਲ ਵਪਾਰੀ ਜਾ ਸਰਕਾਰ ਤਹਿ ਕਰਦੀ ਹੈ, ਪਰ ਓਹੀ ਫਸਲ ਕਿਸਾਨਾਂ ਤੋਂ ਕੌਡੀਆਂ ਦੇ ਭਾਅ ਤੇ ਖ਼ਰੀਦ ਕੇ ਆਪ ਚਮਕਣੇ ਲਫਾਫਿਆਂ ਵਿਚ ਪੈਕ ਕਰਕੇ ਓਹੀ ਫਸਲ ਕਈ ਗੁਣਾ ਵੱਧ ਕੀਮਤ ਨਾਲ ਸਾਨੂੰ ਹੀ ਅਤੇ ਮੱਧ ਵਰਗੀ ਕਿਸਾਨਾਂ, ਮਜ਼ਦੂਰਾਂ ਨੂੰ ਵੇਚਿਆ ਜਾਂਦਾ ਹੈ, ਜੋ ਸਿੱਧੇ ਤੌਰ 'ਤੇ ਕਿਸਾਨਾਂ ਦਾ ਗਲ ਘੁੱਟਿਆ ਜਾ ਰਿਹਾ ਹੈ, ਪਰ ਹੁਣ ਕਿਸਾਨ ਐਨੇ ਕੁ ਜਾਗਰੂਕ ਹੋ ਗਏ ਹਨ ਕਿ ਸਰਕਾਰਾਂ ਦੀਆਂ ਬੇਤੁਕੀਆਂ ਚਾਲਾਂ ਵਿੱਚ ਨਹੀਂ ਆਉਣਗੇ। ਇਸ ਮੌਕੇ ਮੀਤ ਪ੍ਰਧਾਨ ਗੁਰਦੇਵ ਸਿੰਘ ਡੇਮਰੂ, ਬਲਾਕ ਖ਼ਜ਼ਾਨਚੀ ਅਜੀਤ ਸਿੰਘ ਡੇਮਰੂ,ਗੁਰਤੀਰ ਸਿੰਘ ਚੀਦਾ ਜਨਰਲ ਸਕੱਤਰ ਚੀਦਾ, ਬਲਾਕ ਸਲਾਹਕਾਰ ਲਾਭ ਸਿੰਘ ਗਿੱਲ, ਬਲਾਕ ਸਲਾਹਕਾਰ ਸੁਖਵਿੰਦਰ ਸਿੰਘ ਕਾਲਾ ਲੰਗਿਆਣਾ, ਬੀਬੀ ਹਰਜੀਤ ਕੌਰ ਸੁਖਾਨੰਦ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ।

## ਸੈਣੀ ਨੂੰ ਸੰਤਾਂ ਨੇ ਦਿੱਤਾ ਆਸ਼ੀਰਵਾਦ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੀ ਜਨਤਾ ਵੱਲੋਂ ਵੱਡੇ ਬਹੁਮਤ ਨਾਲ ਸੂਬੇ ਵਿਚ ਲਗਾਤਾਰ ਤੀਜੀ ਵਾਰ ਭਾਰਤੀ ਜਨਤਾ ਦੀ ਸਰਕਾਰ ਬਣਨ 'ਤੇ ਪੂਜਨੀਕ ਸੰਤਾਂ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਆਸ਼ੀਰਵਾਦ ਦਿੱਤਾ। ਮੁੱਖ ਮੰਤਰੀ ਆਵਾਸ ਸੰਤ ਕਬੀਰ ਕੁਟੀਰ 'ਤੇ ਸ਼ਾਨਦਾਰ ਢੰਗ ਨਾਲ ਸੰਤ ਆਸ਼ੀਰਵਾਦ ਸਮਾਰੋਹ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿਚ ਪੂਰੇ ਸੂਬੇ ਤੋਂ ਸੰਤਾਂ ਨੇ ਹਿੱਸਾ ਲਿਆ। ਸੰਮੇਲਨ ਵਿਚ ਪਹਿਲਾਂ ਹਵਨ ਯੱਗ ਕੀਤਾ ਗਿਆ , ਜਿਸ ਵਿਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀ ਆਹੂਤੀ ਦਿੱਤੀ।ਸੈਣੀ ਨੇ ਕਿਹਾ ਕਿ ਮੈਂ ਬਹੁਤ ਖੁਸ਼ਕਿਸਮਤ ਹਾਂ, ਜੋ ਅੱਜ ਮੈਨੂੰ ਸੰਤਾਂ ਦਾ ਆਸ਼ੀਰਵਾਦ ਮਿਲਿਆ ਹੈ।

ਉਨ੍ਹਾ ਕਿਹਾ ਕਿ ਪਿਛਲੇ 10 ਸਾਲਾਂ ਵਿਚ ਦੇਸ਼ ਤੇ ਸੂਬੇ ਨੇ ਇਕ ਨਵੀਂ ਕਰਵਟ ਲਈ ਹੈ। ਦੇਸ਼ ਦੀਆਂ ਸਮੱਸਿਆਵਾਂ ਦਾ ਹੱਲ ਹੋਇਆ, ਜਿਨ੍ਹਾਂ ਨਾਲ ਅਸੀਂ ਪਹਿਲਾਂ ਜੂਝਦੇ ਸਾਂ।ਸਮਾਰੋਹ ਵਿਚ ਕੈਬਨਿਟ ਮੰਤਰੀ ਮਹੀਪਾਲ ਢਾਂਡਾ, ਵਿਪੁਲ ਗੋਇਲ, ਰਣਬੀਰ ਗੰਗਵਾ ਅਤੇ ਰਾਜ ਮੰਤਰੀ ਰਾਜੇਸ਼ ਨਾਗਰ ਤੇ ਗੌਰਵ ਗੌਤਮ ਵੀ ਮੌਜੂਦ ਸਨ।

## ਸੈਣੀ ਨਾਲ ਜਰਮਨੀ ਦੇ ਵਫਦ ਨੇ ਕੀਤੀ ਮੁਲਾਕਾਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਬੁੱਧਵਾਰ ਚੰਡੀਗੜ੍ਹ ਵਿਚ ਮੁੱਖ ਮੰਤਰੀ ਨਿਵਾਸ 'ਤੇ ਜਰਮਨੀ ਦੇ ਇਕ ਵਫਦ ਨੇ ਮੁਲਾਕਾਤ ਕੀਤੀ ਅਤੇ ਹਰਿਆਣਾ ਅਤੇ ਜਰਮਨੀ ਦੇ ਵਿਚ ਆਟੋਮੋਟਿਵ, ਫਾਰਮਾਸਿਊਟਕਲ, ਸਿਖਿਆ, ਸਕਿਲ ਡਿਵੈੱਲਪਮੈਂਟ, ਰਿਸਰਚ ਅਤੇ ਡਿਵੈਲਪਮੈਂਟ, ਕਲਾਈ ਬਦਲਾਅ ਸਮੇਤ ਵੱਖ-ਵੱਖ ਖੇਤਰਾਂ ਦੇ ਇਕੱਠੇ ਕੰਮ ਕਰਨ ਦੀਆਂ ਸੰਭਾਵਨਾਵਾਂ 'ਤੇ ਚਰਚਾ ਕੀਤੀ।

ਜਰਮਨੀ ਦੇ ਵਫਦ ਵਿਚ ਜਰਮਨੀ ਦੇ ਕੇਲਸਟਰਬਾਕ ਦੇ ਮੇਅਰ ਮੈਨਫ੍ਰੇਡ ਓਕੇਲ, ਰਸੇਲਹਮ ਦੇ ਮੇਅਰ ਪੈਟ੍ਰਿਕ ਬਗਹਾਰਟ, ਰੌਨਹੇਮ ਦੇ ਮੇਅਰ ਡੇਵਿਡ ਰੇਂਡੇਲ ਅਤੇ ਫ੍ਰੈਂਕਫਰਟ ਦੇ ਸਾਂਸਦ ਰਾਹੁਲ ਕੁਮਾਰ ਵਰਗੇ ਪ੍ਰਮੁੱਖ ਵਿਅਕਤੀ ਸ਼ਾਮਿਲ ਸਨ।

ਮੁੱਖ ਮੰਤਰੀ ਨੇ ਜਰਮਨੀ ਦੇ ਵਫਦ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਹਰਿਆਣਾ ਇਕ ਮੋਹਰੀ ਸੂਬਾ ਹੈ ਅਤੇ ਆਬਾਦੀ ਵਿਚ ਛੋਟਾ ਹੁੰਦੇ ਹੋਏ ਵੀ ਵੱਖ-ਵੱਖ ਖੇਤਰਾਂ ਵਿਚ ਤੇਜ਼ੀ ਨਾਲ ਵਿਕਾਸ ਦੇ ਰਾਹ 'ਤੇ ਵਧਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਗੋ ਗਲੋਬਲ ਰਾਹੀਂ ਹਰਿਆਣਾ ਵਿਚ ਬਦਲਾਅ ਲਿਆਉਣ ਦੀ ਦਿਸ਼ਾ ਵਿਚ ਕੰਮ ਕਰ ਰਹੀ ਹੈ।

## 30 ਨੂੰ ਮਿਲੇਗੀ ਤਨਖਾਹ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸੂਬਾ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨ ਭੋਗੀਆਂ/ਪਰਿਵਾਰਕ ਪੈਨਸ਼ਨ ਭੋਗੀਆਂ ਨੂੰ ਅਕਤੂਬਰ ਮਹੀਨੇ ਦੀ ਤਨਖਾਹ, ਭੱਤੇ ਅਤੇ ਪੈਨਸ਼ਨ 30 ਅਕਤੂਬਰ ਨੂੰ ਦਿੱਤੀ ਜਾਵੇਗੀ। ਇਹ ਫੈਸਲਾ ਦੀਵਾਲੀ ਅਤੇ ਹਰਿਆਣਾ ਦਿਵਸ ਦੇ ਮੌਕੇ 'ਤੇ 31 ਅਕਤੂਬਰ ਅਤੇ 1 ਨਵੰਬਰ ਨੂੰ ਪਬਲਿਕ ਛੁੱਟੀ ਦੇ ਮੱਦੇਨਜ਼ਰ ਕੀਤਾ ਗਿਆ ਹੈ।ਬੁਲਾਰੇ ਨੇ ਦੱਸਿਆ ਕਿ ਸਾਰੇ ਪ੍ਰਸ਼ਾਸਨਿਕ ਸਕੱਤਰਾਂ, ਵਿਭਾਗ ਪ੍ਰਮੁੱਖਾਂ ਅਤੇ ਪੈਨਸ਼ਨ ਵੰਡ ਏਜੰਸੀਆਂ ਨੂੰ ਸੁਚਾਰੂ ਲਾਗੂ ਕਰਨਾ ਯਕੀਨੀ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।

## ...ਸ.ਫ਼ਾ 1 ਦੇ ਬਾਕੀ

### ਵਾਤਾਵਰਣ ਸੁਰੱਖਿਆ...

ਰੋਕਣ ਲਈ ਵਿਵਸਥਾ ਨੂੰ ਲਾਗੂ ਕਰਨ ਲਈ ਲੋੜੀਂਦੀ ਮਸ਼ੀਨਰੀ ਬਣਾਏ ਬਿਨਾਂ ਹੀ ਬਣਾਇਆ ਗਿਆ ਸੀ।

ਇਸ ਮੌਕੇ ਕੇਂਦਰ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਨੇ ਕਿਹਾ ਕਿ ਸੀ ਏ ਕਿਊ ਐੱਮ ਐਕਟ ਦੀ ਧਾਰਾ 15 ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾਵੇਗਾ ਅਤੇ ਇਸ ਦੇ ਲਈ ਨਿਯਮ 10 ਦਿਨਾਂ 'ਚ ਜਾਰੀ ਕੀਤੇ ਜਾਣਗੇ। ਉਨ੍ਹਾ ਕਿਹਾ ਕਿ ਇੱਕ ਨਿਰਣਾਇਕ ਅਧਿਕਾਰੀ ਨਿਯੁਕਤ ਕੀਤਾ ਜਾਵੇਗਾ ਅਤੇ ਕਾਨੂੰਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਾਰੀਆਂ ਲੋੜੀਂਦੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ।

ਭਾਟੀ ਨੇ ਦੱਸਿਆ ਕਿ ਸੀ ਏ ਕਿਊ ਐੱਮ ਨੇ ਪੰਜਾਬ ਅਤੇ ਹਰਿਆਣਾ ਦੇ ਸੀਨੀਅਰ ਪ੍ਰਸ਼ਾਸਨਕ ਅਧਿਕਾਰੀਆਂ ਤੋਂ ਇਲਾਵਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਦੇ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ ਕਿ ਉਨ੍ਹਾਂ ਵਿਰੁੱਧ ਕਾਰਵਾਈ ਕਿਉਂ ਨਾ ਕੀਤੀ ਜਾਵੇ।

ਉਧਰ, ਬੈਂਚ ਨੇ ਸੀ ਏ ਕਿਊ ਐੱਮ ਨੂੰ ਪੁੱਛਿਆ ਕਿ ਤੁਹਾਡੇ ਨੋਟਿਸ ਨੂੰ ਕੌਣ ਗੰਭੀਰਤਾ ਨਾਲ ਲੈ ਰਿਹਾ ਹੈ ਕਿਉਂਕਿ ਕਾਨੂੰਨ ਦੇ ਤਹਿਤ ਪ੍ਰਕਿਰਿਆ ਪ੍ਰਦਾਨ ਨਹੀਂ ਕੀਤੀ ਗਈ ਹੈ। ਬੈਂਚ ਨੇ ਕਿਹਾ-ਕਿਰਪਾ ਕਰਕੇ ਸੀ ਏ ਕਿਊ ਐੱਮ ਦੇ ਆਪਣੇ ਚੇਅਰਪਰਸਨ ਨੂੰ ਕਹੋ ਕਿ ਉਹ ਇਨ੍ਹਾਂ ਅਧਿਕਾਰੀਆਂ ਨੂੰ ਜ਼ਮਾਨਤ ਨਾ ਦੇਣ। ਅਸੀਂ ਜਾਣਦੇ ਹਾਂ ਕਿ ਜ਼ਮੀਨ 'ਤੇ ਕੀ ਹੋ ਰਿਹਾ ਹੈ। ਭਾਟੀ ਨੇ ਦੱਸਿਆ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਜਿਵੇਂ ਕਿ ਅੰਮ੍ਰਿਤਸਰ, ਫਿਰੋਜ਼ਪੁਰ, ਪਟਿਆਲਾ, ਸੰਗਰੂਰ, ਤਰਨ ਤਾਰਨ 'ਚ ਪਰਾਲੀ ਸਾੜਨ ਦੇ 1000 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। 16 ਅਕਤੂਬਰ ਨੂੰ ਸੁਪਰੀਮ ਕੋਰਟ ਨੇ ਪਰਾਲੀ ਸਾੜਨ ਦੇ ਦੋਸ਼ੀ ਪਾਏ ਗਏ ਉਲੰਘਣਾ ਕਰਨ ਵਾਲਿਆਂ 'ਤੇ ਮੁਕੱਦਮਾ ਨਾ ਚਲਾਉਣ 'ਤੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਦੀ ਖਿਚਾਈ ਕੀਤੀ ਸੀ ਅਤੇ ਰਾਜ ਦੇ ਮੁੱਖ ਸਕੱਤਰਾਂ ਨੂੰ ਸਪੱਸ਼ਟੀਕਰਨ ਲਈ 23 ਅਕਤੂਬਰ ਨੂੰ ਤਲਬ ਕੀਤਾ ਸੀ।

### ਸੀ ਪੀ ਆਈ ਦੀ 2 ਦਸੰਬਰ...

ਗਈ। ਇੱਕ ਮਤਾ ਪਾਸ ਕਰਕੇ ਫਲਸਤੀਨ ਦੇ ਲੋਕਾਂ ਨਾਲ ਇੱਕਮੁੱਠਤਾ ਪ੍ਰਗਟ ਕਰਦਿਆਂ ਮੰਗ ਕੀਤੀ ਗਈ ਕਿ ਜੰਗ ਫੌਰੀ ਤੌਰ 'ਤੇ ਰੋਕੀ ਜਾਵੇ। ਅਮਰੀਕੀ ਸਾਮਰਾਜੀਆਂ ਵੱਲੋਂ ਇਜ਼ਰਾਈਲ ਦੀ ਇੱਕ ਪਾਸੜ ਹਮਾਇਤ ਦੀ ਨਿੰਦਾ ਕੀਤੀ ਗਈ। ਇਸ ਜੰਗ ਵਿੱਚ ਮਾਰੇ ਗਏ ਬੇਗੁਨਾਹ ਲੋਕਾਂ ਨੂੰ 2 ਮਿੰਟ ਖੜੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਬੰਤ ਸਿੰਘ ਬਰਾੜ ਨੇ ਪੰਜਾਬ ਅਤੇ ਦੇਸ਼ ਦੇ ਰਾਜਨੀਤਕ ਹਾਲਾਤ ਉਪਰ ਵਿਸਥਾਰ-ਪੂਰਵਕ ਚਾਨਣਾ ਪਾਉਂਦਿਆ ਕਿਹਾ ਕਿ ਕੇਂਦਰ ਦੀ ਸਰਕਾਰ ਭਾਵੇਂ ਪੂਰੀ ਤਰ੍ਹਾਂ ਭਾਜਪਾ ਦੇ ਬਹੁਮਤ ਦੀ ਸਰਕਾਰ ਨਹੀਂ, ਗੱਠਜੋੜ ਸਰਕਾਰ ਹੈ, ਪਰ ਫਿਰ ਵੀ ਇਸ ਨੇ ਦੇਸ਼ ਨੂੰ ਵੰਡਣ ਵਾਲੀਆਂ ਫਾਸ਼ੀਵਾਦੀ ਫਿਰਕੂ ਨੀਤੀਆਂ ਤਬਦੀਲ ਨਹੀਂ ਕੀਤੀਆਂ। ਲੋਕਾਂ ਨੂੰ ਫਿਰਕਾਪ੍ਰਸਤੀ ਦੇ ਆਧਾਰ 'ਤੇ ਵੰਡਣ ਤੋਂ ਇਲਾਵਾ ਦੇਸ਼ ਦੇ ਸਰਕਾਰੀ ਖੇਤਰ ਦੇ ਅਦਾਰਿਆਂ ਨੂੰ ਪਹਿਲਾਂ ਦੀ ਤਰ੍ਹਾਂ ਹੀ ਧਨਾਢਾਂ ਨੂੰ ਵੇਚਿਆ ਜਾ ਰਿਹਾ ਹੈ। ਦੇਸ਼ ਦੇ ਵੱਡੇ ਧਨਾਢਾਂ ਅੰਬਾਨੀ-ਅਡਾਨੀ ਆਦਿ ਦੇ ਹੀ ਮੁਨਾਫੇ ਵਧਾਏ ਜਾ ਰਹੇ ਹਨ। ਦੇਸ਼ ਦੀ ਕੁੱਲ ਦੌਲਤ ਇਹਨਾਂ ਘਰਾਣਿਆਂ ਦੇ ਹਵਾਲੇ ਕੀਤੀ ਜਾ ਰਹੀ ਹੈ। ਬੇਰੁਜ਼ਗਾਰੀ ਦਾ ਦੈਂਤ ਦੇਸ਼ ਦੇ ਲੋਕਾਂ ਦੇ ਰੁਜ਼ਗਾਰ ਨੂੰ ਬੇਰਹਿਮੀ ਨਾਲ ਖਾ ਰਿਹਾ ਹੈ। ਦੇਸ਼ ਦੇ ਲੋਕ 'ਇੰਡੀਆ' ਦੇ ਭਾਈਵਾਲਾਂ ਨੂੰ ਤਾਕਤ ਦੇ ਕੇ ਭਾਜਪਾ ਦੀਆਂ ਵੰਡ-ਪਾਊ ਅਤੇ ਲੁਟੇਰੀਆਂ ਨੀਤੀਆਂ ਤੋਂ ਨਿਜਾਤ ਪਾਉਣਾ ਚਾਹੁੰਦੇ ਹਨ, ਪਰ 'ਇੰਡੀਆ' ਵਿੱਚ ਸ਼ਾਮਲ ਕੁਝ ਮੁੱਖ ਪਾਰਟੀਆਂ ਸੰਜੀਦਾ ਨਹੀਂ ਹਨ। ਕਾਂਗਰਸ ਪਾਰਟੀ 'ਇੰਡੀਆ' ਗੱਠਜੋੜ ਦੀ ਮੁੱਖ ਭਾਈਵਾਲੀ ਪਾਰਟੀ ਹੈ, ਪਰ ਦੂਜੀਆਂ ਭਾਈਵਾਲ ਪਾਰਟੀਆਂ ਨੂੰ ਨਾਲ ਲੈ ਕੇ ਚੱਲਣ ਵਿੱਚ ਇਹ ਅਸਫਲ ਰਹੀ ਹੈ। ਕਾਂਗਰਸ ਦੇ ਭਾਈਵਾਲਾਂ ਵੱਲੋਂ ਉਸਾਰੂ ਪਹੁੰਚ ਹੀ ਦੇਸ਼ ਦੇ ਲੋਕਾਂ ਨੂੰ ਫਿਰਕੂ ਅਤੇ ਫਾਸ਼ੀਵਾਦੀ ਤਾਕਤਾਂ ਤੋ ਨਿਜਾਤ ਦਿਵਾ ਸਕਦੀ ਹੈ।

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਦੀ ਗੱਲ ਕਰਦਿਆਂ ਬਰਾੜ ਨੇ ਕਿਹਾ ਕਿ ਇਸ ਪਾਰਟੀ ਦੀ ਕਹਿਣੀ ਅਤੇ ਕਰਨੀ ਅਸਫਲ ਸਾਬਤ ਹੋਈ ਹੈ। ਪੰਜਾਬ ਦੇ ਲੋਕਾਂ ਨੇ ਜਿਸ ਤਰ੍ਹਾਂ ਇਸ ਪਾਰਟੀ ਉੱਪਰ ਵਿਸ਼ਵਾਸ ਕੀਤਾ, ਪਰ ਇਹ ਸਰਕਾਰ ਹਰ ਫਰੰਟ ਉਪਰ ਫੇਲ੍ਹ ਹੋਈ ਹੈ। ਪੰਜਾਬ ਦਾ ਵਿਕਾਸ ਕਰਨ, ਭ੍ਰਿਸ਼ਟਾਚਾਰ ਖਤਮ ਕਰਨ, ਅਮਨ-ਕਾਨੂੰਨ ਦੀ ਹਾਲਤ ਬੇਹਤਰ ਕਰਨ, ਨਸ਼ਾਖੋਰੀ ਰੋਕਣ, ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ, ਬੇਲਗਾਮ ਅਤੇ ਕੁਰੱਪਟ ਅਫਸਰਸ਼ਾਹੀ ਨੂੰ ਨੱਥ ਪਾਉਣ ਵਿੱਚ ਇਹ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ। ਪੰਜਾਬ ਦਾ ਕੋਈ ਵੀ ਮਸਲਾ ਇਹਨਾਂ ਤੋਂ ਹੱਲ ਨਹੀਂ ਹੋਇਆ ਹੈ। ਪੰਜਾਬ ਦੀ ਕਮਿਊਨਿਸਟ ਪਾਰਟੀ ਵੱਲੋਂ ਲੋਕਾਂ ਦੇ ਭਖਦੇ ਮੁੱਦਿਆਂ ਨੂੰ ਲੈ ਕੇ ਪੰਜਾਬ ਵਿੱਚ ਅੰਦੋਲਨ ਕੀਤਾ ਜਾ ਰਿਹਾ ਹੈ। ਸਾਰੇ ਪੰਜਾਬ ਨੂੰ 5 ਜ਼ੋਨਾਂ ਵਿੱਚ ਵੰਡ ਕੇ ਰੈਲੀਆਂ ਕੀਤੀਆਂ ਜਾ ਰਹੀਆਂ ਹਨ।

ਮਾਝਾ ਜ਼ੋਨ ਦੀ ਰੈਲੀ 2 ਦਸੰਬਰ ਨੂੰ ਅੰਮ੍ਰਿਤਸਰ ਵਿਖੇ ਕੀਤੀ ਜਾਵੇਗੀ, ਜਿਸ ਵਿੱਚ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਦੇ ਲੋਕ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਕਾਮਰੇਡ ਬਰਾੜ ਤੋ ਇਲਾਵਾ ਅਮਰਜੀਤ ਸਿੰਘ ਆਸਲ, ਦੇਵੀ ਕੁਮਾਰੀ, ਲਖਬੀਰ ਸਿੰਘ ਨਿਜ਼ਾਮਪੁਰ, ਰਜਿੰਦਰਪਾਲ ਕੌਰ ਆਦਿ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ। ਇਸ ਮੌਕੇ ਪਠਾਨਕੋਟ ਦੇ ਜ਼ਿਲ੍ਹਾ ਸਕੱਤਰ ਸਤਦੇਵ ਸੈਣੀ, ਮਹਿੰਦਰਪਾਲ ਸਿੰਘ ਮੁਹਾਲੀ, ਵਿਜੇ ਕੁਮਾਰ, ਬਲਦੇਵ ਸਿੰਘ ਵੇਰਕਾ, ਬਲਵਿੰਦਰ ਸਿੰਘ ਦੁਧਾਲਾ, ਨਰਿੰਦਰ ਬੱਲ, ਗੁਰਦੀਪ ਸਿੰਘ ਗੁਰੂਵਾਲੀ, ਮੰਗਲ ਸਿੰਘ, ਪ੍ਰਕਾਸ਼ ਸਿੰਘ, ਬਲਬੀਰ ਸਿੰਘ, ਵਿਕਾਸ ਗੌਰਵ ਅਤੇ ਜੋਗਿੰਦਰ ਸਿੰਘ ਆਦਿ ਹਾਜ਼ਰ ਸਨ।

### ਪੰਜਾਬ ਨੂੰ ਪਹਾੜੀ ਸੂਬਿਆਂ...

ਈਜ਼ ਘੱਟ ਪੂੰਜੀ, ਰੁਜ਼ਗਾਰ ਉਤਪਤੀ ਦੇ ਵੱਧ ਮੌਕੇ ਪੈਦਾ ਕਰਨ ਦੀ ਸਮਰੱਥਾ ਅਤੇ ਟਿਕਾਊ ਆਰਥਕ ਵਿਕਾਸ, ਸਾਂਝੀ ਖੁਸ਼ਹਾਲੀ ਅਤੇ ਗਰੀਬੀ ਘਟਾਉਣ ਦੀ ਸੰਭਾਵਨਾ ਦੇ ਨਾਲ ਸ਼ਾਨਦਾਰ ਭਵਿੱਖ ਸਿਰਜਣ ਲਈ ਤਿਆਰ ਹਨ। ਉਨ੍ਹਾ ਕਿਹਾ ਕਿ ਪੰਜਾਬ ਹਰ ਖੇਤਰ ਵਿੱਚ ਮੋਹਰੀ ਸੂਬਾ ਰਿਹਾ ਹੈ। ਭਾਵੇਂ ਉਹ ਕੌਮੀ ਆਜ਼ਾਦੀ ਦੀ ਲੜਾਈ ਹੋਵੇ, ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣਾ ਹੋਵੇ ਜਾਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਹੋਵੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਲਗਭਗ 2 ਲੱਖ ਐੱਮ ਐੱਸ ਐੱਮ ਈਜ਼ਡ ਦਾ ਮਜ਼ਬੂਤ ਆਧਾਰ ਹੈ, ਜੋ ਰੁਜ਼ਗਾਰ ਦੇ ਵੱਡੇ ਮੌਕੇ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾ ਕਿਹਾ ਕਿ ਪੰਜਾਬ ਕਣਕ ਅਤੇ ਚੌਲਾਂ ਦਾ ਤੀਜਾ ਸਭ ਤੋਂ ਵੱਡਾ ਉਤਪਾਦਕ, ਮਸ਼ੀਨਾਂ, ਹੱਥੀਂ ਕੰਮ ਕਰਨ ਵਾਲੇ ਸੰਦਾਂ ਅਤੇ ਸਾਈਕਲ ਦੇ ਪੁਰਜ਼ਿਆਂ ਦਾ ਸਭ ਤੋਂ ਵੱਡਾ ਉਤਪਾਦਕ ਅਤੇ ਬਾਗਬਾਨੀ ਫਸਲਾਂ: ਗਾਜਰ, ਖਰਬੂਜ਼ਾ ਅਤੇ ਸ਼ਹਿਦ ਦਾ ਪ੍ਰਮੁੱਖ ਉਤਪਾਦਕ ਹੈ। ਉਹਨਾ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਰਾਜ ਭਾਰਤ ਦੇ 95 ਫੀਸਦ ਊਨੀ ਕੱਪੜੇ, ਭਾਰਤ ਦੇ 85 ਫੀਸਦੀ ਸਿਲਾਈ ਮਸ਼ੀਨ ਉਤਪਾਦਨ ਅਤੇ ਭਾਰਤ ਦੇ ਖੇਡਾਂ ਦੇ ਸਮਾਨ ਦੇ 75 ਫੀਸਦੀ ਦਾ ਉਤਪਾਦਨ ਦਾ ਸੋਮਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਟਰੈਕਟਰ ਅਤੇ ਆਟੋ ਪਾਰਟਸ, ਸਾਈਕਲ ਅਤੇ ਸਾਈਕਲ ਦੇ ਪੁਰਜ਼ੇ, ਹੌਜ਼ਰੀ, ਐਗਰੋ ਅਤੇ ਫੂਡ ਪ੍ਰੋਸੈਸਿੰਗ, ਖੇਤੀਬਾੜੀ ਦੇ ਸੰਦ, ਹਲਕੀਆਂ ਇੰਜੀਨੀਅਰਿੰਗ ਵਸਤੂਆਂ, ਧਾਤ ਅਤੇ ਮਿਸ਼ਰਤ, ਰਸਾਇਣਕ ਉਤਪਾਦ, ਟੈਕਸਟਾਈਲ, ਆਈ ਟੀ ਅਤੇ ਫਾਰਮਾਸਿਊਟੀਕਲ ਅਤੇ ਹੋਰ ਖੇਤਰਾਂ ਦਾ ਸੂਬੇ ਦੇ ਨਿਰਯਾਤ ਵਿੱਚ ਸਭ ਤੋਂ ਵੱਧ ਹਿੱਸਾ ਹੈ। ਇਸ ਮੌਕੇ ਮੁੱਖ ਮੰਤਰੀ ਅਤੇ ਨੀਤੀ ਆਯੋਗ ਦੇ ਉੱਪ ਚੇਅਰਮੈਨ ਨੇ ਇੱਕ ਕਿਤਾਬਚਾ ਵੀ ਜਾਰੀ ਕੀਤਾ।ਨੀਤੀ ਆਯੋਗ ਦੇ ਵਾਈਸ ਚੇਅਰਮੈਨ ਸੁਮਨ ਬੇਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰਾਜ ਕੋਲ ਐੱਮ ਐੱਸ ਐੱਮ ਈ ਖੇਤਰ ਵਿੱਚ ਉਤਮਤਾ ਹਾਸਲ ਕਰਨ ਦਾ ਵੱਡਾ ਮੌਕਾ ਹੈ। ਉਨ੍ਹਾ ਕਿਹਾ ਕਿ ਹੁਣ ਸਮਾਂ ਆ ਗਿਆ ਹੈ, ਜਦੋਂ ਸੂਬੇ ਵਿੱਚ ਖੇਤੀ ਅਤੇ ਉਦਯੋਗਿਕ ਖੇਤਰ ਦੇ ਸੰਬੰਧਾਂ ਨੂੰ ਲਾਭਕਾਰੀ ਬਣਾਇਆ ਜਾਵੇ। ਉਨ੍ਹਾਂ ਰਾਜ ਦੀ ਆਰਥਿਕਤਾ ਦੇ ਸਰਬਪੱਖੀ ਵਿਕਾਸ ਲਈ ਇਨ੍ਹਾਂ ਖੇਤਰਾਂ ਲਈ ਇੱਕ ਏਕੀਕ੍ਰਿਤ ਰਣਨੀਤੀ ਦੀ ਵੀ ਵਕਾਲਤ ਕੀਤੀ। ਵਾਈਸ ਚੇਅਰਮੈਨ ਨੇ ਕਿਹਾ ਕਿ ਪੰਜਾਬ ਉਦਯੋਗਿਕ ਖੇਤਰ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਪਰ ਇਸ ਸੰਬੰਧ ਵਿੱਚ ਹੋਰ ਵੀ ਕੁਝ ਕੀਤਾ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਸੂਬੇ ਦੇ ਵਿਕਾਸ ਦੇ ਤਿੰਨ ਗੁਣ : ਤੇਜ਼, ਬਿਹਤਰ ਅਤੇ ਸਾਫ਼-ਸੁਥਰਾ ਹੋਣੇ ਚਾਹੀਦੇ ਹਨ। ਉਨ੍ਹਾ ਕਿਹਾ ਕਿ ਮੋਹਾਲੀ ਆਈ ਟੀ ਸੈਕਟਰ ਪੇਸ਼ੇਵਰਾਂ ਲਈ ਪੂਰੀ ਤਰ੍ਹਾਂ ਵਿਹਾਰਕ ਸਥਾਨ ਹੈ। ਉਨ੍ਹਾ ਉਮੀਦ ਜਤਾਈ ਕਿ ਇਹ ਵਿਚਾਰ-ਵਟਾਂਦਰਾ ਸੂਬੇ ਲਈ ਵੱਡੀ ਸਫ਼ਲਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਹੋਰ ਪਤਵੰਤੇ ਹਾਜ਼ਰ ਸਨ।

### ਤੇਂਦੂਏ ਨਾਲ...

ਵੀਡੀਓ ਰਿਕਾਰਡਿੰਗ ਕਰਦਿਆਂ ਤੇਂਦੂਏ ਨੂੰ ਹਮਲਾ ਕਰਨ ਨੂੰ ਉਕਸਾਇਆ ਸੀ। ਤੇਂਦੂਏ ਦੇ ਹਮਲੇ 'ਚ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਵੀਡੀਓ ਦੀ ਸ਼ੁਰੂਆਤ ਗਰੁੱਪ ਵੱਲੋਂ ਤੇਂਦੂਏ ਨੂੰ ਬੁਲਾਉਣ ਨਾਲ ਹੁੰਦੀ ਹੈ, ਜੋ ਝਾੜੀਆਂ 'ਚ ਲੁਕਿਆ ਹੋਇਆ ਸੀ, ਉਹ ਤੇਂਦੂਏ ਨੂੰ 'ਆਜਾ ਆਜਾ' ਕਹਿ ਰਹੇ ਸਨ ਅਤੇ ਇਕ ਵੀਡੀਓ ਸ਼ੂਟ ਕਰ ਰਿਹਾ ਸੀ। ਉਨ੍ਹਾਂ ਦਾ ਇਹ ਮਜ਼ਾ ਦਹਿਸ਼ਤ 'ਚ ਬਦਲ ਗਿਆ ਜਦੋਂ ਤੇਂਦੂਆ ਦੌੜਦਾ ਆਇਆ ਅਤੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਤੇਂਦੂਏ ਨੇ ਦੋ ਲੋਕਾਂ 'ਤੇ ਹਮਲਾ ਕੀਤਾ ਅਤੇ ਤੀਜੇ ਨੂੰ ਘਸੀਟ ਕੇ ਲੈ ਗਿਆ ਤੇ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਇਸ ਤੋਂ ਬਾਅਦ ਸਾਰੇ ਇੱਧਰ-ਉੱਧਰ ਭੱਜੇ।

### ਦੇਸ਼ ਭਗਤ ਯਾਦਗਾਰ ...

ਸਿਫਾਰਸ਼ ਅਨੁਸਾਰ ਪਾਣੀ ਦੀ ਬੱਚਤ ਲਈ ਬੀਜੀ ਗਈ ਪੀ ਆਰ 126 ਕਿਸਮ ਦੇ ਪੂਸਾ 44 ਨਾਲੋਂ ਘੱਟ ਝਾੜ ਅਤੇ ਐੱਮ ਐੱਸ ਪੀ ਤੋਂ ਘੱਟ ਮਿਲੇ ਮੁੱਲ ਕਾਰਨ ਪਏ ਘਾਟੇ ਦੀ ਕੀਮਤ ਪੂਰੀ ਕੀਤੀ ਜਾਵੇ।ਬਿਮਾਰੀ ਦੀ ਜੜ੍ਹ ਸੰਸਾਰ ਵਪਾਰ ਸੰਸਥਾ ਦੀ ਖੁੱਲ੍ਹੀ ਮੰਡੀ ਦੀ ਨੀਤੀ ਰੱਦ ਕੀਤੀ ਜਾਵੇ ਅਤੇ ਇਸ ਸੰਸਥਾ ਨਾਲੋਂ ਨਾਤਾ ਤੋੜਿਆ ਜਾਵੇ, ਨਵੇਂ ਚੌਲਾਂ ਦੀ ਸਟੋਰੇਜ ਲਈ ਸ਼ੈਲਰ ਮਾਲਕਾਂ ਦੇ ਜਮ੍ਹਾਂ ਪਏ ਚੌਲਾਂ ਦੀ ਚੁਕਾਈ ਤੇਜ਼ੀ ਨਾਲ ਕੀਤੀ ਜਾਵੇ। ਕਿਸਾਨਾਂ ਦੀਆਂ ਇਨ੍ਹਾਂ ਹੱਕੀ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਨ ਲਈ ਕੇਂਦਰ ਤੇ ਪੰਜਾਬ ਦੀਆਂ ਦੋਨਾਂ ਸਰਕਾਰਾਂ ਨੂੰ ਦੋਸ਼ੀ ਠਹਿਰਾਉਂਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਹਾ ਕਿ ਛੋਟੇ, ਦਰਮਿਆਨੇ ਕਿਸਾਨਾਂ ਨੂੰ ਆਰਥਕ ਪੱਖੋਂ ਤਬਾਹ ਕਰਕੇ ਜ਼ਮੀਨਾਂ ਹਥਿਆਉਣ ਵਾਲੀ ਸੰਸਾਰ ਵਪਾਰ ਸੰਸਥਾ ਦੀ ਕਾਰਪੋਰੇਟ ਪੱਖੀ ਖੁੱਲ੍ਹੀ ਮੰਡੀ ਦੀ ਨੀਤੀ ਮੜ੍ਹਨ 'ਤੇ ਤੁਲੀਆਂ ਹਨ। ਕਿਸਾਨਾਂ ਦੀ ਮੰਗ ਨੂੰ ਜਾਇਜ਼ ਦੱਸਿਆ ਕਿ ਸੰਸਾਰ ਵਪਾਰ ਸੰਸਥਾ ਨਾਲ ਕੀਤੀ ਗੰਢ-ਤੁੱਪ ਵਾਲਾ ਸਮਝੌਤਾ ਖਤਮ ਕੀਤਾ ਜਾਵੇ।

### ਜਾਖੜ ਨੂੰ ਭਾਜਪਾ...

ਜਾਖੜ ਨੇ ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਪਾਸਾ ਵੱਟ ਲਿਆ ਸੀ।

ਹਾਲਾਂਕਿ, 17 ਅਕਤੂਬਰ ਨੂੰ ਪ੍ਰਧਾਨ ਮੰਤਰੀ ਨੇ ਹਰਿਆਣਾ ਸਰਕਾਰ ਦੇ ਸਹੁੰ ਚੁੱਕ ਸਮਾਗਮ ਅਤੇ ਹੋਰ ਸਮਾਗਮਾਂ ਲਈ ਚੰਡੀਗੜ੍ਹ ਤੇ ਪੰਚਕੂਲਾ ਦਾ ਦੌਰਾ ਕਰਨ ਵੇਲੇ ਕਥਿਤ ਤੌਰ 'ਤੇ ਉਨ੍ਹਾ ਨੂੰ ਮੋਹਰੀ ਰਹਿਣ ਲਈ ਕਿਹਾ ਸੀ। ਜਾਖੜ ਨੇ ਵੀਡੀਓ ਤੋਂ ਪਹਿਲਾਂ ਬੁੱਧਵਾਰ ਟਵੀਟ ਕਰਦਿਆਂ ਪਾਕਿਸਤਾਨ ਨਾਲ ਕਰਤਾਰਪੁਰ ਲਾਂਘੇ ਦੇ ਸਮਝੌਤੇ ਨੂੰ ਹੋਰ ਪੰਜ ਸਾਲਾਂ ਲਈ ਵਧਾਉਣ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ।


**Capital Small Finance Bank Ltd.**

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

[ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8 (1) ਅਧੀਨ]

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਿਟਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 04 ਅਗਸਤ 2023 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ ਸ੍ਰੀ ਕਾਰਤਿਕ ਮਹਾਜਨ ਪੁੱਤਰ ਵਰਿੰਦਰ ਕੁਮਾਰ, ਸ੍ਰੀ ਦੀਪਕ ਮਹਾਜਨ ਪੁੱਤਰ ਸੁਦੇਸ਼ ਕੁਮਾਰ ਮਹਾਜਨ ਅਤੇ ਸ੍ਰੀਮਤੀ ਪੂਨਮ ਮਹਾਜਨ ਪਤਨੀ ਵਰਿੰਦਰ ਕੁਮਾਰ ਨੂੰ ਨੋਟਿਸ 'ਚ ਵਰਨਣ ਮਿਤੀ 04 ਅਗਸਤ 2023 ਅਨੁਸਾਰ ਬਕਾਇਆ ਰਾਸ਼ੀ ਰੁਪਏ 22,63,830.02 (ਰੁਪਏ ਬਾਈ ਲੱਖ ਤ੍ਰੇਹਠ ਹਜ਼ਾਰ ਅੱਠ ਸੌ ਤੀਹ ਅਤੇ ਦੋ ਪੈਸੇ ਕੇਵਲ) ਦੀ ਨੋਟਿਸ ਦੇ ਪ੍ਰਾਪਤ ਹੋਣ ਤੋਂ ਮਿਤੀ ਤੋਂ 60 ਦਿਨਾਂ ਦੇ ਅੰਦਰ ਭਵਿੱਖੀ ਵਿਆਜ, ਲਾਗਤਾਂ ਅਤੇ ਫੁੱਟਕਲ ਖਰਚਿਆਂ ਸਮੇਤ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਮਿਤੀ 23 ਅਕਤੂਬਰ 2024 ਨੂੰ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰ/ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਮਿਤੀ 04.08.2023 ਅਨੁਸਾਰ ਬਕਾਇਆ ਰਾਸ਼ੀ ਰੁਪਏ 22,63, 830.02 (ਰੁਪਏ ਬਾਈ ਲੱਖ ਤ੍ਰੇਹਠ ਹਜ਼ਾਰ ਅੱਠ ਸੌ ਤੀਹ ਅਤੇ ਦੋ ਪੈਸੇ ਕੇਵਲ) ਸਮੇਤ ਭਵਿੱਖੀ ਵਿਆਜ, ਲਾਗਤ ਅਤੇ ਫੁੱਟਕਲ ਖਰਚਿਆਂ ਦੇ ਲਈ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਜਾਇਦਾਦ ਦਾ ਉਚਿਤ ਰਹਿਣਨਾਮਾ : ਵਿਕਰੀ ਬੈਨਾਮਾ ਦਸਤਾਵੇਜ਼ ਨੰ. 2020-21/44/1/5145 ਮਿਤੀ 30-12-2020 ਤਹਿਤ ਸ੍ਰੀ ਕਾਰਤਿਕ ਮਹਾਜਨ ਪੁੱਤਰ ਸ੍ਰੀ ਵਰਿੰਦਰ ਕੁਮਾਰ ਦੀ ਮਾਲਕੀ ਹੇਠ ਪਿੰਡ ਮਨਵਾਲ, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ ਵਿਖੇ ਸਥਿਤ ਹਦਬਸਤ ਨੰ. 343 ਖਸਰਾ ਨੰ. 2352/2247/422 ਵਿੱਚ ਸ਼ਾਮਲ ਜਾਇਦਾਦ ਰਕਬਾ 3 ਮਰਲੇ (675 ਵਰਗ ਫੁੱਟ) ਦੇ ਸਾਰੇ ਹਿੱਸੇ।

ਮਿਤੀ 23.10.2024, ਸਥਾਨ : ਪਠਾਨਕੋਟ (ਅਧਿਕਾਰਤ ਅਫ਼ਸਰ)



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 11.11.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੁੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈੱਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਨਿਵਿਦਾ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
|---|---|---|---|---|---|
| ਟੈਂਡਰ ਅਪਲੋਡ ਕਰਨ ਦੀ ਮਿਤੀ | 19.10.2024 | ਬੋਲੀ ਸ਼ੁਰੂ ਕਰਨ ਦੀ ਮਿਤੀ | 28.10.2024 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 11.11.2024 ਨੂੰ 15:00 ਵਜੇ |

| ਲ. ਨੰ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ | ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | ਸਮਾਨ ਨੇਚਰ ਦਾ ਕੰਮ |
|---|---|---|---|---|---|---|---|
| 1. | 191-2024-25-SrDEN-II-FZR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਦੇ ਤਹਿਤ ਪਠਾਨਕੋਟ ਅਤੇ ਜੰਮੂ ਸਬ ਡਵੀਜਨ ਵਿਚ ਡਿਜ਼ਾਈਨ ਮੋਡ ਟੈਂਪਿੰਗ ਦੇ ਲਈ ਟ੍ਰਿਮਬਲ ਗੇਡਾਂ ਵੇਸ੍ਰਿਸ ਟ੍ਰਾਲੀ ਸਿਸਟਮ ਦਾ ਉਪਯੋਗ ਕਰਕੇ ਪ੍ਰੀ ਅਤੇ ਪੋਸਟ-ਟੈਂਪਿੰਗ ਟ੍ਰੈਕ ਮਾਪ ਸਰਵੇਖਣ। | ₹24,91,313.58/- | ₹49,800/- | 60 ਦਿਨ | 06 ਮਹੀਨੇ | "ਪਾਈਪ ਅਤੇ ਬਾਕਸ ਪੁਸ਼ਿੰਗ ਤਕਨੀਕ ਨਾਲ ਪੁਲ ਦੀ ਉਸਾਰੀ/ਜ਼ਮੀਨਦੋਜ਼ ਕੇਬਲ/ਪਾਈਪ ਲਾਈਨ ਆਦਿ ਨੂੰ ਪਾਰ ਕਰਨਾ"। |
| 2. | 215-2024-25-PTK-DRM-FZR | ਸਹਾਇਕ ਮੰਡਲ ਇੰਜੀਨੀਅਰ/ਪਠਾਨਕੋਟ ਦੇ ਸੈਕਸ਼ਨ ਵਿਚ ਪੁਲਾਂ ਦੀ ਮੁਰੰਮਤ ਅਤੇ ਰਖਰਖਾਅ ਦਾ ਕੰਮ। | ₹54,99,989.01 | ₹1,10,000/- | 60 ਦਿਨ | 08 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 3. | 216-2024-25-PLMX-DRM-FZR | ਸਹਾਇਕ ਮੰਡਲ ਇੰਜੀਨੀਅਰ/ਪਾਲਮਪੁਰ ਸੈਕਸ਼ਨ ਵਿਚ ਸਮਪਾਰਾਂ ਦੀ ਮੁਰੰਮਤ ਅਤੇ ਰਖਰਖਾਅ ਦਾ ਕੰਮ। | ₹54,99,621.30 | ₹1,10,000/- | 60 ਦਿਨ | 08 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 4. | 217-2024-25-PLMX-DRM-FZR | ਸਹਾਇਕ ਮੰਡਲ ਇੰਜੀਨੀਅਰ/ਪਾਲਮਪੁਰ ਸੈਕਸ਼ਨ ਵਿਚ ਪੁਲਾਂ ਦੀ ਮੁਰੰਮਤ ਅਤੇ ਰਖਰਖਾਅ ਦਾ ਕੰਮ। | ₹54,99,981.10 | ₹1,10,000/- | 60 ਦਿਨ | 08 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 5. | 218-2024-25-JAT-DRM-FZR | ਸਹਾਇਕ ਮੰਡਲ ਇੰਜੀਨੀਅਰ/ਜੰਮੂ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ਜੰਮੂ ਦੇ ਸੈਕਸ਼ਨ ਵਿਚ ਜੰਮੂ ਵਿਚ ਕਰਮਚਾਰੀ ਕਵਾਟਰਾਂ ਦੇ ਲਈ ਚੋਂਦੀਆਂ ਛੱਤਾਂ, ਪਾਣੀ ਨਿਕਾਸੀ, ਪਾਣੀ ਦੀ ਸਪਲਾਈ, ਦਰਵਾਜੇ ਅਤੇ ਖਿੜਕੀ ਦੀ ਮੁਰੰਮਤ। | ₹89,99,214.59 | ₹1,80,000/- | 60 ਦਿਨ | 08 ਮਹੀਨੇ | "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"। |
| 6. | 219-2024-25-JAT-DRM-FZR | ਸਹਾਇਕ ਮੰਡਲ ਇੰਜੀਨੀਅਰ/ਜੰਮੂ ਦੇ ਅਧਿਕਾਰ ਖੇਤਰ ਵਿਚ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀ.ਵੇ./ਜੰਮੂ ਅਤੇ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀ.ਵੇ./ ਕਠੂਆ ਦੇ ਸੈਕਸ਼ਨ ਵਿਚ ਵਿਵਿਧ, ਪੀ.ਵੇ. ਟ੍ਰੈਕ ਰਖਰਖਾਅ ਦੇ ਲਈ ਕੰਮ ਕਰਦਾ ਹੈ। | ₹89,99,628.83 | ₹1,80,000/- | 60 ਦਿਨ | 10 ਮਹੀਨੇ | "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟੈਂਪਿੰਗ ਮਸ਼ੀਨ/ਗਿਟੀ ਸਕ੍ਰੀਨਿੰਗ/ਰੇਗੁਲੇਟਿੰਗ ਮਸ਼ੀਨ ਅਤੇ ਟੀ-28 ਦੁਆਰਾ ਟ੍ਰੈਕ ਰਖਰਖਾਅ ਮਸ਼ੀਨ ਅਤੇ ਟੀਟੀਆਰ ਦੇ ਲਈ ਟ੍ਰੈਕ/ਪੂਰਵ ਅਤੇ ਬਾਅਦ ਦੇ ਕੰਮਾਂ ਦੇ ਲਈ ਟ੍ਰੈਕ/ਸਕ੍ਰੀਨਿੰਗ ਨੂੰ ਵਧਾਉਣਾ ਸ਼ਾਮਲ ਹੈ। |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.: 191-2024-25-SrDEN-II-FZR, 215-2024-25-PTK-DRM-FZR, 216 & 217-2024-25-PLMX-DRM-FZR, 218 & 219-2024-25-JAT-DRM-FZR, ਤਾਰੀਕ: 22.10.2024 3285/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ਼ ਚੰਦ ਫ਼ਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

24-Oct-PAGE-3.qxd 10/23/2024 10:57 PM Page 1



# ਕਿਸਾਨ ਮੁੱਖ ਮੰਤਰੀ ਦੀ ਕੋਠੀ ਅੱਗੇ ਲਾਉਣਗੇ ਪੱਕਾ ਧਰਨਾ



ਅਜਨਾਲਾ (ਸੁਖਜਿੰਦਰ ਸਿੰਘ ਗਾਜ਼ੂ)-ਮੁੱਖ ਮੰਤਰੀ ਦੀ ਕੋਠੀ ਅੱਗੇ ਪੱਕਾ ਧਰਨਾ ਲਗਾਉਣ ਜਾ ਰਹੇ ਕਿਸਾਨਾਂ ਨੂੰ ਪੰਜਾਬ ਅਤੇ ਚੰਡੀਗੜ੍ਹ ਪੁਲਸ ਪ੍ਰਸ਼ਾਸਨ ਵੱਲੋਂ ਥਾਂ-ਥਾਂ ਰੋਕਾਂ ਦੇ ਬਾਵਜੂਦ ਸੰਯੁਕਤ ਕਿਸਾਨ ਮੋਰਚੇ ਦੇ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ, ਪੱਲੇਦਾਰ ਮਜ਼ਦੂਰ, ਆੜ੍ਹਤੀ ਤੇ ਵਪਾਰੀ ਕਿਸਾਨ ਭਵਨ ਪਹੁੰਚਣ ਵਿੱਚ ਕਾਮਯਾਬ ਹੋ ਗਏ, ਜਿੱਥੇ ਉਹਨਾਂ ਨੇ ਪੱਕਾ ਧਰਨਾ ਲਾ ਦਿੱਤਾ। ਵਿਸ਼ਾਲ ਧਰਨੇ ਦੇ ਦਬਾਅ ਨਾਲ ਮੁੱਖ ਮੰਤਰੀ ਅਤੇ ਪ੍ਰਸ਼ਾਸਨ ਨਾਲ ਲੰਬੀ ਗੱਲਬਾਤ ਚੱਲਣ ਉਪਰੰਤ ਜੋ ਮੁੱਖ ਮੰਤਰੀ ਵੱਲੋਂ ਐਲਾਨ ਕੀਤਾ ਗਿਆ ਕਿ ਸਰਕਾਰ ਮੰਡੀਆਂ ਵਿੱਚ 20 ਅਕਤੂਬਰ ਨੂੰ ਹੀ ਬਕਾਇਦਾ ਮੰਡੀਆਂ ਚੋਂ ਝੋਨੇ ਦੀ ਖਰੀਦ ਤੇ ਲਿਫਟਿੰਗ ਸ਼ੁਰੂ ਕਰ ਦੇਵੇਗੀ ਅਤੇ ਬਾਸਮਤੀ ਦਾ ਰੇਟ ਨਹੀਂ ਡਿੱਗਣ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਡਾਇਆ ਖਾਦ ਦਾ ਲੋੜ ਅਨੁਸਾਰ ਜਲਦੀ ਪ੍ਰਬੰਧ ਕਰ ਲਿਆ ਜਾਵੇਗਾ ਪ੍ਰੰਤੂ ਪੰਜਾਬ ਦੀਆਂ ਕੁਝ ਮੰਡੀਆਂ ਨੂੰ ਛੱਡ ਕੇ ਬਾਕੀ ਮੰਡੀਆਂ ਵਿੱਚ ਖਰੀਦ ਤੇ ਲਿਫਟਿੰਗ ਦਾ ਕੰਮ ਪੂਰੀ ਤਰ੍ਹਾਂ ਨਹੀਂ ਚੱਲਿਆ, ਜਿਸ ਕਾਰਨ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਦੱਸਿਆ ਕਿ ਪੰਜਾਬ ਦੇ ਤਕਰੀਬਨ 10 ਲੱਖ ਕਿਸਾਨਾਂ, 55 ਹਜ਼ਾਰ ਆੜ੍ਹਤੀਆਂ, 9- 10 ਲੱਖ ਪੱਲੇਦਾਰ ਮਜ਼ਦੂਰਾਂ ਤੇ 25 ਸੌ ਰਾਈਸ ਮਿਲ ਮਾਲਕਾਂ ਅਤੇ ਪੰਜਾਬ ਦੇ ਵਪਾਰੀਆਂ ਅਤੇ ਆਮ ਲੋਕਾਂ ਵਿੱਚ ਵਿੱਚ ਭਾਰਾ ਗੁੱਸਾ ਪਾਇਆ ਜਾ ਰਿਹਾ ਹੈ। ਡਾ. ਅਜਨਾਲਾ ਨੇ ਅੱਗੇ ਦੱਸਿਆ ਕਿ ਅਜਿਹਾ ਹੋਣ ਕਾਰਨ ਕਿਸਾਨ ਮਜਬੂਰੀ ਵੱਸ ਥਾਂ - ਥਾਂ ਖਰੀਦ ਕਰਵਾਉਣ ਸੰਘਰਸ਼ ਕਰ ਰਹੇ ਹਨ ਅਤੇ ਮੰਤਰੀਆਂ ਤੇ ਰਾਜਸੀ ਆਗੂਆਂ ਦੇ ਘਰਾਂ ਅੱਗੇ ਝੋਨੇ ਦੀ ਖਰੀਦ ਕਰਵਾਉਣ ਲਈ ਧਰਨੇ ਲਗਾਏ ਹੋਏ ਹਨ। ਡਾ. ਸਤਨਾਮ ਸਿੰਘ ਅਜਨਾਲਾ ਨੇ ਹਰਸਾ ਛੀਨਾ ਦਾਣਾ ਮੰਡੀ ਵਿੱਚ ਕਿਸਾਨਾਂ ਆੜ੍ਹਤੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜੇਕਰ 23 ਅਕਤੂਬਰ ਤੱਕ ਪੰਜਾਬ ਭਰ ਦੀਆਂ ਦਾਣਾ ਮੰਡੀਆਂ ਵਿੱਚ ਬਕਾਇਦਾ ਪੂਰੇ ਤੌਰ 'ਤੇ ਝੋਨੇ ਦੀ ਖਰੀਦ ਨਾ ਹੋਈ ਤਾਂ ਸੰਯੁਕਤ ਕਿਸਾਨ ਮੋਰਚਾ 24 ਅਕਤੂਬਰ ਤੋਂ ਪੰਜਾਬ ਭਰ ਵਿੱਚ ਵੱਡਾ ਐਕਸ਼ਨ ਸ਼ੁਰੂ ਕਰੇਗਾ। ਮੰਡੀ ਵਿੱਚ ਹੋਰਨਾਂ ਤੋਂ ਇਲਾਵਾ ਕਿਸਾਨ ਕਾਰਕੁਨ ਕਾਬਲ ਸਿੰਘ ਸੈਸਰਾਂ ਕਲਾਂ, ਸੁਖਦੇਵ ਸਿੰਘ ਆਲਮਪੁਰ, ਜਰਨੈਲ ਸਿੰਘ ਚੱਕ ਫਤਹਿ ਖਾਂ, ਭਾਗਵੰਤ ਸਿੰਘ ਦਾਲਮ, ਸਵਿੰਦਰ ਸਿੰਘ ਚੱਕ ਫਤਹਿ ਖਾਂ ਤੇ ਸਰਪੰਚ ਕਾਬਲ ਸਿੰਘ ਮਟੀਆ ਮੌਜੂਦ ਸਨ।

# ਮਨਿਸਟੀਰੀਅਲ ਕਾਮਿਆਂ ਗੇਟ ਰੈਲੀ ਕਰਕੇ ਕੀਤਾ ਰੋਸ ਪ੍ਰਦਰਸ਼ਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੀ ਸੂਬਾ ਬਾਡੀ ਵੱਲੋਂ ਸਰਕਾਰੀ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਜਿਵੇਂ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਬਕਾਇਆ ਡੀ.ਏ. ਦੀਆਂ ਕਿਸ਼ਤਾਂ ਜਾਰੀ ਕਰਨਾ, ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨਾ, 15 ਜਨਵਰੀ 2015 ਦਾ ਪੱਤਰ ਰੱਦ ਕਰਕੇ ਪ੍ਰੋਬੇਸ਼ਨ ਪੀਰੀਅਡ ਦੌਰਾਨ ਪੂਰੀ ਤਨਖਾਹ ਭੱਤਿਆਂ ਸਮੇਤ ਜਾਰੀ ਕਰਨਾ, 17 ਜੁਲਾਈ 2020 ਤੋਂ ਬਾਅਦ ਕੇਂਦਰੀ ਪੈਟਰਨ 'ਤੇ ਨਵੀਂ ਭਰਤੀ ਕਰਨ ਦਾ ਪੱਤਰ ਰੱਦ ਕਰਨਾ ਅਤੇ 04–09–14 ਏ.ਸੀ.ਪੀ. ਸਕੀਮ ਬਹਾਲ ਕਰਨਾ, ਟਾਈਪ ਟੈਸਟ ਦੀ ਸ਼ਰਤ ਹਟਾ ਕੇ ਕੰਪਿਊਟਰ ਕੋਰਸ ਲਾਗੂ, 37 ਤਰ੍ਹਾਂ ਦੇ ਕੱਟੇ ਹੋਏ ਭੱਤੇ ਬਹਾਲ ਕਰਨਾ ਆਦਿ ਮੰਗਾਂ ਸਬੰਧੀ ਸਰਕਾਰ ਨੂੰ ਮੰਗ ਪੱਤਰ ਦਿੱਤਾ ਗਿਆ ਸੀ ਪ੍ਰੰਤੂ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਪ੍ਰਤੀ ਕੋਈ ਹਾਂ–ਪੱਖੀ ਹੁੰਗਾਰਾ ਨਾ ਦੇਣ ਕਾਰਨ ਸੂਬਾ ਬਾਡੀ ਵੱਲੋਂ ਸੰਘਰਸ਼ ਸਬੰਧੀ ਕੀਤੇ ਫੈਸਲੇ ਤਹਿਤ 21 ਅਕਤੂਬਰ ਨੂੰ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਬਾਹਰ ਗੇਟ ਰੈਲੀ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਦੀ ਜਾਣਕਾਰੀ ਦਿੰਦੇ ਹੋਏ ਪੀ ਐੱਸ ਐੱਮ ਐੱਸ ਯੂ ਦੇ ਜ਼ਿਲ੍ਹਾ ਜਨਰਲ ਸਕੱਤਰ ਜਗਦੀਸ਼ ਠਾਕੁਰ ਅਤੇ ਮਨਦੀਪ ਸਿੰਘ ਚੌਹਾਨ ਜ਼ਿਲ੍ਹਾ ਵਿੱਤ ਸਕੱਤਰ ਨੇ ਦੱਸਿਆ ਸਰਕਾਰ ਭਗਵੰਤ ਸਿੰਘ ਮਾਨ ਵੱਲੋਂ ਜਥੇਬੰਦੀ ਨਾਲ 18 ਦਸੰਬਰ 2023 ਨੂੰ ਹੋਈ ਮੀਟਿੰਗ ਵਿੱਚ ਮੰਨੀਆਂ ਮੰਗਾਂ ਦੀ ਪ੍ਰੋਸੀਡਿੰਗ 29 ਜਨਵਰੀ 24 ਨੂੰ ਜਾਰੀ ਹੋਣ ਉਪਰੰਤ ਵੀ ਮੰਗਾਂ ਦਾ ਕੋਈ ਨੋਟੀਫਿਕੇਸ਼ਨ ਨਾ ਹੋਣ ਕਰਕੇ ਸੰਘਰਸ਼ ਦੁਬਾਰਾ ਤੋਂ ਸ਼ੁਰੂ ਕਰਨਾ ਪਿਆ ਹੈ।ਜਥੇਬੰਦੀ ਵੱਲੋਂ ਮਜਬੂਰੀ ਵੱਸ ਸੂਬਾ ਕਮੇਟੀ ਦੇ ਦੇ ਸੱਦੇ ਤੇ 28 ਅਕਤੂਬਰ 24 ਨੂੰ ਕਾਲੀਆਂ ਝੰਡੀਆਂ ਲੈ ਕੇ ਬਜ਼ਾਰਾਂ ਵਿੱਚ ਰੋਸ ਮਾਰਚ ਕੀਤਾ ਜਾਵੇਗਾ 29, 30 ਅਕਤੂਬਰ ਨੂੰ ਸਮੂਹ ਵਿਭਾਗਾਂ ਦੇ ਮਨਿਸਟੀਰੀਅਲ ਸਮੂਹਿਕ ਛੁੱਟੀ 'ਤੇ ਜਾਣਗੇ ਅਤੇ ਸਰਕਾਰ ਦਾ ਕੰਮ ਪੂਰੀ ਤਰਾਂ ਨਾਲ ਠੱਪ



ਕਰਨਗੇ।ਜੇਕਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬਾ ਕਮੇਟੀ ਨਾਲ ਮੀਟਿੰਗ ਨਹੀਂ ਕੀਤੀ ਜਾਂਦੀ ਅਤੇ ਮੰਗਾਂ ਦਾ ਨੋਟੀਫਿਕੇਸ਼ਨ ਨਾ ਹੋਣ ਦੀ ਸੂਰਤ ਵਿੱਚ ਮੁਲਾਜ਼ਮ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਹੋਣਗੇ ਅਤੇ ਚਾਰ ਜ਼ਿਮਨੀ ਚੋਣਾਂ ਵਿੱਚ ਸਰਕਾਰ ਖਿਲਾਫ ਸਖ਼ਤ ਐਕਸ਼ਨ ਕੀਤੇ ਜਾਣਗੇ ਅਤੇ 8 ਨਵੰਬਰ ਨੂੰ ਬਰਨਾਲਾ ਵਿਖੇ ਸਮੂਹ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਸੂਬਾ ਪੱਧਰੀ ਰੈਲੀ ਕਰਨ ਉਪਰੰਤ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਦਫ਼ਤਰ ਦਾ ਘਿਰਾਓ ਕਰਨਗੇ।ਪੰਜਾਬ ਸਰਕਾਰ ਖਜ਼ਾਨਾ ਵਿਭਾਗ ਵੱਲੋਂ 165 ਦੇ ਕਰੀਬ ਕਰਮਚਾਰੀਆਂ ਨੂੰ ਘਰੋਂ ਬੈਠਾਉਣ ਕਰਕੇ ਵੱਡੇ ਪੱਧਰ 'ਤੇ ਕੀਤੀਆਂ ਬਦਲੀਆਂ ਰੱਦ ਕਰਨ ਦੀ ਵੀ ਮੰਗ ਕੀਤੀ ਗਈ। ਇਸ ਰੋਸ ਰੈਲੀ ਵਿੱਚ ਮਨਿਸਟੀਰੀਅਲ ਸਰਵਿਸਿਜ ਯੂਨੀਅਨ ਦੇ ਆਗੂ ਤੇਜਿੰਦਰ ਸਿੰਘ ਢਿੱਲੋਂ ਜ਼ਿਲ੍ਹਾ ਮੁੱਖ ਬੁਲਾਰਾ, ਗੁਰਵੇਲ ਸਿੰਘ ਸੇਖੋਂ ਐਡੀਸ਼ਨਲ ਜਨਰਲ ਸਕੱਤਰ, ਅਮਨ ਥਰੀਏਵਾਲ, ਮੁਨੀਸ਼ ਕੁਮਾਰ ਸੂਦ ਅਤੇ ਸਾਹਿਬ ਕੁਮਾਰ ਸੀਨੀਅਰ ਮੀਤ ਪ੍ਰਧਾਨ, ਸਮੇਤ ਵੱਖ ਵੱਖ ਵਿਭਾਗਾਂ ਤੋਂ ਅਤੁੱਲ ਸ਼ਰਮਾ, ਦੀਪਕ ਅਰੋੜਾ, ਗੁਰਮੁੱਖ ਸਿੰਘ ਚਾਹਲ, ਜਸਬੀਰ ਸਿੰਘ, ਤੇਜਿੰਦਰ ਸਿੰਘ ਛੱਜਲਵੱਡੀ ਅਤੇ ਭਰਾਤਰੀ ਜਥੇਬੰਦੀ ਵੱਲੋਂ ਨਰਿੰਦਰ ਸਿੰਘ ਅਤੇ ਜਤਿਨ ਸ਼ਰਮਾਂ ਆਦਿ ਬਹੁਤ ਸਾਰੇ ਮੁਲਾਜ਼ਮ ਆਗੂ ਹਾਜ਼ਰ ਸਨ।

# ਐੱਸ ਡੀ ਐੱਮ ਨੇ ਬੱਬੇਹਾਲੀ ਵਿਖੇ ਪਰਾਲੀ ਦੇ ਢੇਰ ਨੂੰ ਲੱਗੀ ਅੱਗ ਖੁਦ ਜਾ ਕੇ ਬੁਝਾਈ

ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਦੇ ਸਿਵਲ ਤੇ ਪੁਲਸ ਅਧਿਕਾਰੀਆਂ ਵੱਲੋਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਲਗਾਤਾਰ ਮਿਲਿਆ ਜਾ ਰਿਹਾ ਹੈ। ਪਰਾਲੀ ਨਾ ਸਾੜਨ ਦੀ ਅਪੀਲ ਕਰਕੇ ਪਰਾਲੀ ਪ੍ਰਬੰਧਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਐੱਸ ਡੀ ਐੱਮ ਗੁਰਦਾਸਪੁਰ ਕਰਮਜੀਤ ਸਿੰਘ ਜਦ ਪਿੰਡਾਂ ਵਿੱਚ ਕਿਸਾਨਾਂ ਨੂੰ ਮਿਲਣ ਲਈ ਜਾ ਰਹੇ ਸਨ ਤਾਂ ਉਨ੍ਹਾਂ ਦੇਖਿਆ ਕਿ ਪਿੰਡ ਬੱਬੇਹਾਲੀ ਵਿਖੇ ਪਰਾਲੀ ਦੇ ਢੇਰ ਨੂੰ ਅੱਗ ਲੱਗੀ ਹੋਈ ਸੀ ਅਤੇ ਕਿਸਾਨ ਵੱਲੋਂ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਐੱਸ ਡੀ ਐੱਮ ਤੁਰੰਤ ਖੇਤ ਵਿੱਚ ਗਏ ਤੇ ਅੱਗ ਨੂੰ ਬੁਝਾਇਆ। ਉਨ੍ਹਾਂ ਕਿਸਾਨ ਨਾਲ ਗੱਲਬਾਤ ਕੀਤੀ ਅਤੇ ਕਿਸਾਨ ਨੇ ਵਿਸ਼ਵਾਸ ਦਿਵਾਇਆ ਕਿ ਉਹ ਮੁੜ ਅਜਿਹਾ ਨਹੀਂ ਕਰੇਗਾ। ਇਸ ਮੌਕੇ ਐੱਸ. ਡੀ. ਐੱਮ. ਕਰਮਜੀਤ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਕਿਸਾਨਾਂ ਨੂੰ ਲਗਾਤਾਰ ਮਿਲ ਰਹੇ ਹਨ। ਕਿਸਾਨਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਵਰਤੋਂ ਕਰਨ। ਖੇਤੀ ਮਸ਼ੀਨਰੀ ਮੁਹੱਈਆ ਕਰਵਾਉਣ ਲਈ ਪਿੰਡ ਪੱਧਰ ਤੱਕ ਨੋਡਲ ਅਫਸਰ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਕਿਸੇ ਕਿਸਾਨ ਨੂੰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਹ ਨੇੜਲੇ ਖੇਤੀਬਾੜੀ ਵਿਭਾਗ ਦੇ ਦਫ਼ਤਰ ਐੱਸ.ਡੀ.ਐੱਮ. ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

# ਪਸ਼ੂਆਂ ਦੇ ਟੀਕਾਕਰਨ ਦੀ ਵਿਆਪਕ ਮੁਹਿੰਮ ਧੂਲਕਾ ਵਿਖੇ ਸ਼ੁਰੂ



ਟਾਂਗਰਾ (ਲਾਡੀ ਮੱਲ੍ਹੀ)-ਪੰਜਾਬ ਸਰਕਾਰ ਵਲੋਂ ਪਸ਼ੂਆਂ ਨੂੰ ਮੂੰਹ ਖੁਰ ਦੀ ਬਿਮਾਰੀ (ਐਫ.ਐਮ.ਡੀ.) ਤੋਂ ਬਚਾਉਣ ਲਈ ਸੂਬੇ ਭਰ ਵਿਚ ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਯੋਗ ਰਹਿਨੁਮਾਈ ਹੇਠ 21 ਅਕਤੂਬਰ ਤੋਂ ਪਸ਼ੂਆਂ ਦੇ ਟੀਕਾਕਰਨ ਦੀ ਵਿਆਪਕ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਦੇ ਚਲਦਿਆਂ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਅੰਮ੍ਰਿਤਸਰ ਡਾ. ਨਵਰਾਜ ਸਿੰਘ ਸੰਧੂ ਦੀ ਯੋਗ ਅਗਵਾਈ ਹੇਠ ਸਿਵਲ ਪਸ਼ੂ ਹਸਪਤਾਲ ਧੂਲਕਾ ਦੇ ਸਟਾਫ ਵੱਲੋਂ ਪਿੰਡ ਧੂਲਕਾ ਵਿਖੇ ਮੂੰਹ ਖੁਰ ਦੇ ਟੀਕਾਕਰਨ ਦਾ ਆਰੰਭ ਕੀਤਾ ਗਿਆ। ਇਸ ਮੌਕੇ ਵੈਟਰਨਰੀ ਅਫਸਰ ਡਾ. ਕਰਨਬੀਰ ਸਿੰਘ ਭਿੰਡਰ ਵੱਲੋਂ ਇਲਾਕੇ ਦੇ ਸਮੂਹ ਪਸ਼ੂ ਪਾਲਕਾਂ ਨੂੰ ਆਪਣੇ ਡੰਗਰਾਂ ਨੂੰ ਮੂੰਹ ਖੁਰ ਦਾ ਟੀਕਾਕਰਨ ਕਰਵਾਉਣ ਦੀ ਪੁਰਜ਼ੋਰ ਅਪੀਲ ਕੀਤੀ ਗਈ ਅਤੇ ਟੀਕਾਕਰਨ ਦੇ ਫਾਇਦੇ ਗਿਣਵਾਏ ਗਏ। ਇਸ ਮੌਕੇ ਡਾ. ਕਰਨਬੀਰ ਸਿੰਘ ਭਿੰਡਰ, ਸਰਪੰਚ ਵਰਿੰਦਰ ਸਿੰਘ ਮਿੱਠੂ, ਮੈਂਬਰ ਗੁਰਪ੍ਰਤਾਪ ਸਿੰਘ ਬਾਊ, ਮੈਂਬਰ ਬਲਜੀਤ ਕੌਰ, ਮੈਂਬਰ ਤਰਸੇਮ ਸਿੰਘ, ਮੈਂਬਰ ਰਣਜੀਤ ਕੌਰ ,ਵੈਟਰਨਰੀ ਫਾਰਮਾਸਿਸਟ ਹਰਵਿੰਦਰ ਸਿੰਘ, ਹੈਲਪਰ ਬਲਵਿੰਦਰ ਸਿੰਘ ਅਤੇ ਪਿੰਡ ਦੇ ਹੋਰ ਪਤਵੰਤੇ ਸੱਜਣ ਮੌਜੂਦ ਸਨ।

# ਸਰਪੰਚ ਬਿੰਦੀਆ ਦੇਵੀ ਨੇ ਨਗਰ ਨਿਵਾਸੀਆਂ ਦਾ ਕੀਤਾ ਧੰਨਵਾਦ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਪਿੰਡ ਕੋਟ ਖਾਨ ਮੁਹੰਮਦ ਦੀ ਸਰਬ ਸੰਮਤੀ ਨਾਲ ਬਣੀ ਸਰਪੰਚ ਬਿੰਦੀਆ ਦੇਵੀ ਪਤਨੀ ਅਸ਼ੋਕ ਸਿੰਘ ਅਤੇ ਉਨ੍ਹਾਂ ਦੇ ਨਾਲ ਬਣੇ ਮੈਂਬਰ ਮਦਨ ਸਿੰਘ, ਰਕੇਸ਼ ਕੁਮਾਰ, ਰਜਨੀ, ਸਰਬਜੀਤ ਕੌਰ ਨੇ ਸਮੂਹ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ।

ਉਨ੍ਹਾਂ ਨੇ ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਜਨਰਲ ਸਕੱਤਰ ਪੰਜਾਬ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਪਿੰਡ ਕੋਟਖਾਨ ਮੁਹੰਮਦ ਦੇ ਵਿੱਚ ਵਿਕਾਸ ਕਾਰਜ ਪਹਿਲ ਦੇ ਅਧਾਰ 'ਤੇ ਕਰਵਾਏ ਜਾਣਗੇ ਅਤੇ ਹਰੇਕ ਵੋਟਰ ਸਪੋਰਟਰ ਨੂੰ ਨਾਲ ਲੈ ਕੇ ਪਿੰਡ ਦੇ ਵਿਕਾਸ ਵਿੱਚ ਸਹਿਮਤੀ ਪ੍ਰਗਟਾਈ ਜਾਵੇਗੀ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਦੇ ਵਿਕਾਸ ਵੱਲ ਜ਼ੋਰ ਦਿੱਤਾ ਜਾਵੇਗਾ।

ਉਨ੍ਹਾ ਪਿੰਡ ਕੋਟਖਾਨ ਮੁਹੰਮਦ ਦੇ ਸਮੂਹ ਵੋਟਰਾਂ ਸਪੋਟਰਾਂ ਅਤੇ ਨਗਰ ਨਿਵਾਸੀਆਂ ਦਾ ਸਹਿਯੋਗ ਕਰਨ 'ਤੇ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਹਮੇਸ਼ਾ ਹੀ ਆਪਣੇ ਸਹਿਯੋਗੀਆਂ ਦੇ ਰਿਣੀ ਰਹਿਣਗੇ।

# ਮੈਗਾ ਪੀ ਟੀ ਐੱਮ ਸਮਾਰੋਹਾਂ 'ਚ ਕਟਾਰੂ ਚੱਕ ਨੇ ਕੀਤੀ ਸ਼ਿਰਕਤ

ਪਠਾਨਕੋਟ (ਦਵਿੰਦਰ ਸਿੰਘ)- ਮਾਣਯੋਗ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਪ੍ਰਧਾਨਗੀ ਵਿੱਚ ਸਮੁੱਚੇ ਪੰਜਾਬ ਅੰਦਰ ਸਾਰੇ ਸਰਕਾਰੀ ਸਕੂਲਾਂ ਅੰਦਰ ਮੰਗਲਵਾਰ ਮੈਗਾ ਪੀ.ਟੀ.ਐਮ. ਦਾ ਆਯੋਜਨ ਕੀਤਾ ਗਿਆ ਹੈ ਜਿਸ ਅਧੀਨ ਪੰਜਾਬ ਦੇ ਕੋਨੇ ਕੋਨੇ ਦੇ ਅੰਦਰ ਚਾਹੇ ਉਹ ਪ੍ਰਾਇਮਰੀ ਸਕੂਲ ਨੇ, ਹਾਈ ਸਕੂਲ ਨੇ ਜਾਂ ਸੀਨੀਅਰ



ਸੈਕੰਡਰੀ ਸਕੂਲ ਹਨ, ਸਾਰੇ ਸਕੂਲਾਂ ਅੰਦਰ ਵੱਡੇ ਸਮਾਰੋਹ ਆਯੋਜਿਤ ਕੀਤੇ ਗਏ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਜ਼ਿਲ੍ਹਾ ਪਠਾਨਕੋਟ ਅੰਦਰ ਸਰਕਾਰੀ ਸਕੂਲਾਂ ਅੰਦਰ ਆਯੋਜਿਤ ਕੀਤੇ ਮੈਗਾ ਪੀ.ਟੀ.ਐਮ. ਸਮਾਰੋਹ ਦੌਰਾਨ ਸਕੂਲ ਆਫ ਐਮੀਨੈਂਸ ਲਮੀਨੀ ਪਠਾਨਕੋਟ ਅਤੇ ਸ਼ਹੀਦ ਮੇਹਰ ਸਿੰਘ ਵੀਰ ਚੱਕਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਰੋਟ ਜੈਮਲ ਸਿੰਘ ਦਾ ਦੌਰਾ ਕਰਨ ਮਗਰੋਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜੇਸ਼ ਗੁਪਤਾ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਪਠਾਨਕੋਟ, ਜਨਰਲ ਸਕੱਤਰ ਸੌਰਭ ਬਹਿਲ, ਸਤੀਸ਼ ਮਹਿੰਦਰੂ ਚੇਅਰਮੈਨ ਦ ਹਿੰਦੂ ਕੋਪਰੇਟਿਵ ਬੈਂਕ ਪਠਾਨਕੋਟ, ਰੇਖਾ ਮਨੀ ਸ਼ਰਮਾ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ, ਐਡਵੋਕੇਟ ਰਮੇਸ਼ ਕੁਮਾਰ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਬੱਬਲੀ ਕੁਮਾਰ ਬੱਬੀ ਬਲਾਕ ਪ੍ਰਧਾਨ, ਮਾਸਟਰ ਤਰਸੇਮ ਚੰਦ, ਸੰਦੀਪ ਮਹਾਜਨ, ਕਰਮਚੰਦ, ਮਨੀ ਮਹਾਜਨ, ਰੂਬਲ ਗੁਪਤਾ, ਅਨੂ ਸ਼ਰਮਾ ਅਤੇ ਦੇਵ ਰਾਜ ਅਤੇ ਹੋਰ ਪਾਰਟੀ ਕਾਰਜ ਕਰਤਾ ਵੀ ਹਾਜ਼ਰ ਸਨ। ਇਸ ਮੌਕੇ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਸਮੁੱਚੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਸਾਰੇ ਮੰਤਰੀ ਸਾਹਿਬਾਨ, ਵਿਧਾਇਕ ਅਤੇ ਹੋਰ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀ ਇਨ੍ਹਾਂ ਮੈਗਾ ਪੀਟੀਐਮ ਸਮਾਰੋਹਾਂ ਅੰਦਰ ਪਹੁੰਚ ਕਰ ਰਹੇ ਹਨ। ਉਨ੍ਹਾਂ ਵੱਲੋਂ ਵੀ ਪਠਾਨਕੋਟ ਅਤੇ ਨਰੋਟ ਜੈਮਲ ਸਿੰਘ ਦੇ ਇੱਕ ਇੱਕ ਸਕੂਲ ਦਾ ਦੌਰਾ ਕੀਤਾ ਗਿਆ ਹੈ। ਇਸ ਦੌਰਾਨ ਸਕੂਲਾਂ ਅੰਦਰ ਵਿਦਿਆਰਥੀਆਂ ਦੇ ਮਾਪਿਆਂ ਨਾਲ ਮਿਲਣ ਦਾ ਮੌਕਾ ਮਿਲਿਆ ਜਿਸ ਦੌਰਾਨ ਉਨ੍ਹਾਂ ਸਰਕਾਰੀ ਸਕੂਲਾਂ ਅੰਦਰ ਦਿੱਤੀ ਜਾ ਰਹੀ ਸਿੱਖਿਆ ਤੇ ਪੂਰੀ ਸੰਤੁਸ਼ਟੀ ਵਿਅਕਤ ਕੀਤੀ ਹੈ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਵੀ ਸਕੂਲਾਂ ਵੱਲੋਂ ਦਿੱਤੀ ਜਾ ਰਹੀ ਸਿੱਖਿਆ ਪ੍ਰਨਾਲੀ ਦੀ ਪ੍ਰਸ਼ੰਸਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਅਤੇ ਅਧਿਆਪਕ ਸਾਹਿਬਾਨ ਨੂੰ ਵਿਦੇਸਾਂ ਅੰਦਰ ਸਿੱਖਿਆ ਦੀ ਟ੍ਰੇਨਿੰਗ ਲੈਣ ਲਈ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਨਰੋਟ ਜੈਮਲ ਸਿੰਘ ਸਕੂਲ ਦੀ ਕਾਇਆ ਕਲਪ ਲਈ ਸਰਕਾਰ ਵੱਲੋਂ 62 ਲੱਖ ਰੁਪਏ ਦਿੱਤੇ ਗਏ ਹਨ ਅਤੇ ਕਰੀਬ ਇੱਕ ਕਰੋੜ ਰੁਪਏ ਹੋਰ ਦਿੱਤੇ ਜਾਣੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਅੱਜ ਹਰੇਕ ਖੇਤਰ ਅੰਦਰ ਉੱਨਤੀ ਦੀ ਰਾਹ 'ਤੇ ਹਨ।

# ਗੁਰਦੁਆਰਾ ਮਾਈਆਂ ਵਿਖੇ ਗੁਰਮਤਿ ਸਮਾਗਮ




ਮਜੀਠਾ (ਸੋਇਮ ਆਨੰਦ)- ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲੋਕਲ ਗੁਰਦੁਆਰਾ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਧਾਰਮਿਕ ਸਮਾਗਮ ਕਰਾਇਆ ਗਿਆ। ਸਵੇਰੇ ਕੁਲਵੰਤ ਸਿੰਘ ਬੈਂਕ ਵਾਲੇ ਦੇ ਪਰਵਾਰ ਵਲੋਂ ਰਖਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਪੰਥ ਪ੍ਰਸਿੱਧ ਰਾਗੀ ਜਥੇ ਨੇ ਮਨੋਹਰ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਯਤਨ ਕੀਤਾ। ਉਪਰੰਤ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਗਰੰਥੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਲੋਂ ਗੁਰਮਤਿ ਵਿਚਾਰਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਗੁਰਦੁਆਰਾ ਦੇ ਗਰੰਥੀ ਸਿੰਘ ਬਾਬਾ ਗੁਰਪ੍ਰੀਤ ਸਿੰਘ ਨੇ ਸਮਾਗਮ ਦੀ ਸੰਪੂਰਨਤਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਗੁਰੂ ਦੇ ਅਤੁੱਟ ਲੰਗਰ ਲਗਾਏ ਗਏ। ਇਸ ਮੌਕੇ ਗੁਰਦੁਆਰਾ ਕਮੇਟੀ ਪ੍ਰਧਾਨ ਸਤਨਾਮ ਸਿੰਘ ਸਬੂਨੀਆਂ, ਮੈਨੇਜਰ ਜੋਗਾ ਸਿੰਘ ਅਠਵਾਲ, ਅਜੀਤ ਸਿੰਘ ਆਰੇ ਵਾਲੇ, ਕੰਵਲਦੀਪ ਸਿੰਘ ਲਾਲੀ, ਰਮਿੰਦਰ ਸਿੰਘ ਮਿੰਟੂ, ਡਾ. ਹਰਵਿੰਦਰ ਸਿੰਘ ਹੈਪੀ, ਸੁਖਪਾਲ ਸਿੰਘ ਜੇ.ਈ, ਅਜੈਬ ਸਿੰਘ ਡੇਅਰੀ ਵਾਲੇ, ਕੁਲਵਿੰਦਰ ਸਿੰਘ, ਡਾ. ਲੱਕੀ, ਹਰਦੀਪ ਸਿੰਘ ਸਰਾਫ, ਭੁਪਿੰਦਰ ਸਿੰਘ, ਅਜੀਤ ਸਿੰਘ ਲਾਡਾ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਛਿਛਰੇ ਦੀ ਨਵੀਂ ਪੰਚਾਇਤ ਨੇ ਵੋਟਰਾਂ, ਸਪੋਰਟਰਾਂ ਦਾ ਕੀਤਾ ਧੰਨਵਾਦ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਆਉਂਦੇ ਪਿੰਡ ਛਿਛਰੇ ਦੀ ਨਵੀਂ ਬਣੀ ਪੰਚਾਇਤ ਨੇ ਆਪਣੇ ਪਿੰਡ ਦੇ ਸਮੂਹ ਵੋਟਰਾਂ ਅਤੇ ਇਲਾਕੇ ਦੇ ਲੋਕਾਂ ਦਾ ਸਹਿਯੋਗ ਕਰਨ ਤੇ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਆਪਣੇ ਵੋਟਰਾਂ ਸਪੋਰਟਰਾਂ ਦੇ ਹਮੇਸ਼ਾ ਹੀ ਸ਼ੁਕਰਗੁਜ਼ਾਰ ਰਹਿਣਗੇ। ਇਸ ਮੌਕੇ ਪਿੰਡ ਦੀ ਨਵੀਂ ਬਣੀ ਸਰਪੰਚ ਸਰਬਜੀਤ ਕੌਰ ਪਤਨੀ ਸੁਖਦੇਵ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ 735 ਵੋਟਾਂ ਸਨ ਜਿਨ੍ਹਾਂ ਵਿੱਚੋਂ 570 ਵੋਟਾਂ ਪੋਲ ਹੋਈਆਂ ਅਤੇ 16 ਵੋਟਾਂ 'ਤੇ ਉਹ ਜੇਤੂ ਰਹੇ ਅਤੇ ਉਹਨਾਂ ਦੇ ਨਾਲ ਮੈਂਬਰ ਪੰਚਾਇਤ ਹਰਪ੍ਰੀਤ ਕੌਰ ਤੇ ਪਰਮਜੀਤ ਬਣੇ ਜਿਨ੍ਹਾਂ ਨੇ ਇਲਾਕੇ ਦੇ ਵੋਟਰਾਂ ਸਪੋਰਟਰਾਂ ਤੇ ਸਹਿਯੋਗੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਨਵੀਂ ਬਣੀ ਸਰਪੰਚ ਸਰਬਜੀਤ ਕੌਰ ਦੇ ਪਤੀ ਸੁਖਦੇਵ ਸਿੰਘ ਨੇ ਹਲਕਾ ਇੰਚਾਰਜ ਕਾਦੀਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਸਮੇਤ ਮਾਰਕੀਟ ਕਮੇਟੀ ਕਾਦੀਆਂ ਦੇ ਚੇਅਰਮੈਨ ਮੋਹਨ ਸਿੰਘ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਉਹਨਾਂ ਵੱਲੋਂ ਇਹ ਜਿੱਤ ਹਾਸਲ ਕੀਤੀ ਗਈ ਹੈ। ਉਹਨਾਂ ਕਿਹਾ ਕਿ ਉਹ ਆਪਣੇ ਵੋਟਰਾਂ ਸਪੋਟਰਾਂ ਦੇ ਨਾਲ ਹਮੇਸ਼ਾ ਹੀ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਰਹਿਣਗੇ ਅਤੇ ਪਿੰਡ ਦੇ ਵਿਕਾਸ ਕਾਰਜ ਜੰਗੀ ਪੱਧਰ 'ਤੇ ਕਰਵਾਏ ਜਾਣਗੇ ਅਤੇ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਪਿੰਡ ਦੇ ਵਿਕਾਸ ਕਰਵਾਏ ਜਾਣਗੇ ਅਤੇ ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ।

# ਸਤਨਾਮ ਸਿੰਘ ਬਾਜਵਾ ਨੇ ਅਜ਼ਾਦ ਉਮੀਦਵਾਰ ਵਜੋਂ ਨਾਮਜ਼ਦਗੀ ਪੇਪਰ ਦਾਖਲ ਕਰਵਾਏ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)– ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਨੂੰ ਲੈ ਕੇ ਮੰਗਲਵਾਰ ਸਤਨਾਮ ਸਿੰਘ ਬਾਜਵਾ ਨੇ ਅਜ਼ਾਦ ਉਮੀਦਵਾਰ ਵਜੋਂ ਆਪਣੇ ਨਾਮਜ਼ਦਗੀ ਪੇਪਰ ਦਾਖਲ ਕਰਵਾਏ ਗਏ। ਉਪ ਮੰਡਲ ਮਜਿਸਟਰੇਟ ਕੰਮ ਉਪ ਮੰਡਲ ਚੋਣ ਕਮ ਰਜਿਸਟਰੇਸ਼ਨ ਅਫਸਰ ਡੇਰਾ ਬਾਬਾ ਨਾਨਕ ਰਾਜਪਾਲ ਸਿੰਘ ਸੇਖੋਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਲਕਾ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਨੂੰ ਲੈ ਕੇ



ਵੱਖ ਵੱਖ ਉਮੀਦਵਾਰਾਂ ਵੱਲੋਂ ਆਪਣੇ ਨੋਮੀਨੇਸ਼ਨ ਕਾਗਜ਼ ਜਮ੍ਹਾ ਕਰਵਾਏ ਜਾ ਰਹੇ ਹਨ, ਜਿਸ ਤਹਿਤ ਅੱਜ ਡੇਰਾ ਬਾਬਾ ਨਾਨਕ ਵਿਖੇ ਆਜ਼ਾਦ ਉਮੀਦਵਾਰ ਸਤਨਾਮ ਸਿੰਘ ਬਾਜਵਾ ਪੁੱਤਰ ਬਾਵਾ ਪਿੰਡ ਖਹਿਰਾ ਸੁਲਤਾਨ ਨੇ ਆਪਣੇ ਨੋਮੀਨੇਸ਼ਨ ਕਾਗਜ਼ ਦਾਖਲ ਕਰਵਾਏ ਹਨ। ਉਨ੍ਹਾਂ ਦੱਸਿਆ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਡੇਰਾ ਬਾਬਾ ਨਾਨਕ ਵਿਖੇ ਉਮੀਦਵਾਰ ਵੱਲੋਂ 25 ਅਕਤੂਬਰ ਤੱਕ ਆਪਣੇ ਨੋਮੀਨੇਸ਼ਨ ਕਾਗਜ਼ ਦਾਖਲ ਕਰਵਾਏ ਜਾਣਗੇ, ਜਿਨ੍ਹਾਂ ਦੀ ਪੜਤਾਲ 28 ਅਕਤੂਬਰ ਤੱਕ ਹੋਵੇਗੀ ਤੇ ਉਮੀਦਵਾਰਾਂ ਵੱਲੋਂ 30 ਅਕਤੂਬਰ ਤੱਕ ਆਪਣੇ ਨੋਮੀਨੇਸ਼ਨ ਕਾਗਜ਼ ਵਾਪਸ ਲਏ ਜਾਣਗੇ। ਇਸ ਮੌਕੇ ਨੈਬ ਤਹਿਸੀਲਦਾਰ ਅਰਮਾਨਦੀਪ, ਡੀ ਐਸ ਪੀ ਡੇਰਾ ਬਾਬਾ ਨਾਨਕ ਜਸਬੀਰ ਸਿੰਘ, ਬੀ ਡੀ ਪੀ ਓ ਮੈਡਮ ਅਮਨਦੀਪ ਕੌਰ, ਇਲੈਕਸ਼ਨ ਇੰਚਾਰਜ ਪੰਕਜ ਵਰਮਾ, ਇਲੈਕਸ਼ਨ ਸੈੱਲ ਇੰਚਾਰਜ ਨੋਡਲ ਅਫਸਰ ਰਾਹੁਲ, ਲੈਕਚਰਾਰ ਸਲਵਿੰਦਰ ਤੇਜਾ, ਐਸ ਡੀ ਐਮ ਸਟੇਨੋ ਸੰਜੀਵ ਕੁਮਾਰ, ਦੀਪਕ ਕੁਮਾਰ, ਜਗਜੀਤ ਸਿੰਘ, ਜੋਤੀ ਰਾਏ, ਗੁਰਪਾਲ ਸਿੰਘ, ਕਰਨਬੀਰ ਸਿੰਘ, ਗੁਰਮੁੱਖ ਸਿੰਘ, ਵਿਸ਼ਵਦੀਪ, ਗੁਰਪ੍ਰੀਤ ਸਿੰਘ, ਇੰਦਰਜੀਤ ਸਿੰਘ, ਸਾਜਨ ਕੁਮਾਰ,ਜਸਬੀਰ ਸਿੰਘ ਆਦਿ ਚੋਣ ਅਮਲਾ ਹਾਜ਼ਰ ਸੀ।

# ਖਾਲਸਾ ਕਾਲਜ ਮਹਿਤਾ 'ਚ ਕੰਪਿਊਟਰ, ਬੀ ਕਾਮ ਤੇ ਬੀ ਬੀ ਏ ਵਿਭਾਗ ਨਾਲ ਸੰਬੰਧਤ ਸੈਮੀਨਾਰ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਮਹਿਤਾ ਵਿਖੇ ਵਿਦਿਆਰਥੀਆਂ ਦੀ ਕੰਪਿਊਟਰ ਵਿੱਚ ਰੁਚੀ ਨੂੰ ਦੇਖਦੇ ਹੋਏ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਈ ਕੰਪਨੀਆਂ ਦੀਆਂ ਟੀਮਾਂ ਨੇ ਆ ਕੇ ਵਿਦਿਆਰਥੀਆਂ ਨੂੰ ਕੰਪਿਊਟਰ ਦੇ ਖੇਤਰ ਵਿੱਚ ਮਿਲਣ ਵਾਲੀਆਂ ਨੌਕਰੀਆਂ ਬਾਰੇ ਚਾਨਣਾ ਪਾਇਆ। ਇਸ ਖਾਸ ਮੌਕੇ 'ਗਰੀਨ ਐਪਲ ਮੀਡੀਆ ਸਲਿਊਸ਼ਨ ਕੰਪਨੀ' ਦੀ ਟੀਮ, ਜੋ ਅੰਮ੍ਰਿਤਸਰ ਵਿੱਚ ਵਿਦਿਆਰਥੀਆਂ ਨੂੰ ਕੰਪਿਊਟਰ ਨਾਲ ਸੰਬੰਧਿਤ ਕੋਰਸ – ਡਿਜੀਟਲ ਮਾਰਕੀਟਿੰਗ, ਵੈਬਸਾਈਟ ਡਿਜ਼ਾਇਨਿੰਗ ਅਤੇ ਡਿਵੈਲਪਮੈਂਟ, ਗ੍ਰਾਫਿਕ ਡਿਜ਼ਾਇਨਿੰਗ, ਵੀਡੀਓ ਐਡੀਟਿੰਗ ਆਦਿ ਦੀ ਸਿਖਲਾਈ ਦਿੰਦੇ ਹਨ। ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇਣ ਉਪਰੰਤ ਉਹਨਾਂ ਦੀ



ਕਾਰਗੁਜ਼ਾਰੀ ਨੂੰ ਦੇਖਦੇ ਹੋਏ ਨੌਕਰੀ ਮੁਹੱਈਆ ਕਰਵਾਉਂਦੇ ਹਨ। ਉਹਨਾਂ ਨੇ ਕਾਲਜ ਦੇ ਕੁਝ ਹੋਣਹਾਰ ਵਿਦਿਆਰਥੀਆਂ ਨੂੰ ਆਪਣੀ ਕੰਪਨੀ ਵਿੱਚ ਕੰਮ ਕਰਨ ਲਈ ਚੁਣਿਆ। ਇਸ ਸੈਮੀਨਾਰ ਵਿੱਚ ਵਿਦਿਆਰਥੀਆਂ ਦਾ ਬੜਾ ਉਤਸ਼ਾਹ ਦੇਖਿਆ ਗਿਆ। ਇਸ ਤੋਂ ਉਪਰੰਤ ਪ੍ਰਿੰਸੀਪਲ ਨੇ ਸਾਰੀਆਂ ਟੀਮਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਕੰਪਨੀ ਦੇ ਸੀ.ਈ.ਓ ਗੁਰਸ਼ਰਨ ਸਿੰਘ ਅਠਵਾਲ, ਰਿਸ਼ਭ ਲੂੰਬਾ, ਅੰਜੂ ਧਾਲੀਵਾਲ, ਮਿਹਰ ਬਰਦਵਾਜ, ਸਰਦਾਰ ਹਰਸ਼ਦੀਪ ਸਿੰਘ ਰੰਧਾਵਾ (ਡਾਇਰੈਕਟਰ ਦਸ਼ਮੇਸ਼ ਵਿੱਦਿਅਕ ਸੰਸਥਾਵਾਂ, ਮੈਂਬਰ ਆਫ ਚੀਫ ਖਾਲਸਾ ਦੀਵਾਨ) ਸੁਖਦੇਵ ਸਿੰਘ, ਕਾਲਜ ਸੁਪਰਡੈਂਟ ਕੁਲਦੀਪ ਕੌਰ, ਮਨਜੀਤ ਕੌਰ, ਰੁਪਿੰਦਰ ਕੌਰ, ਗੁਰਵਿੰਦਰ ਕੌਰ, ਗੁਰਸ਼ਰਨਪ੍ਰੀਤ ਕੌਰ, ਸੁਪ੍ਰੀਤ ਕੌਰ, ਨਵਨੀਤ ਕੌਰ, ਸੁਖਮਨਪ੍ਰੀਤ ਕੌਰ, ਕੁਲਜੀਤ ਕੌਰ, ਪੂਰਤੀ ਸ਼ਰਮਾ, ਰੇਨੂਕਾ, ਅਤੇ ਕਾਬਲ ਸਿੰਘ ਆਦਿ ਹਾਜ਼ਰ ਸਨ।

# ਕੂੜਾ ਚੁੱਕਣ ਵਾਲੀਆਂ ਗੱਡੀਆਂ ਨੂੰ ਟੌਂਗ ਨੇ ਹਰੀ ਝੰਡੀ ਦੇ ਕੇ ਕੀਤਾ ਰਵਾਨਾ

ਬੁਤਾਲਾ (ਨਿਰਮਲ ਸੰਘਾ)- ਰਈਆ ਸ਼ਹਿਰ ਵਿਚੋਂ ਸਫਾਈ ਪ੍ਰਬੰਧਾਂ ਨੂੰ ਸਚਾਰੂ ਰੂਪ ਨਾਲ ਚਲਾਉਣ ਲਈ ਨਗਰ ਪੰਚਾਇਤ ਰਈਆ ਵਲੋਂ ਤਿੰਨ ਛੋਟੀਆਂ ਗੱਡੀਆਂ (ਛੋਟੇ ਹਾਥੀ) ਦੀ ਖ੍ਰੀਦ ਕੀਤੀ ਗਈ ਹੈ ਤਾਂ ਜੋ ਸ਼ਹਿਰ ਦੇ ਅੰਦਰੋਂ ਕੂੜਾ ਚੁੱਕਣ ਲਈ ਕੋਈ ਮੁਸ਼ਕਲ ਨਾ ਆਵੇ। ਪਹਿਲਾਂ ਕਮੇਟੀ ਵੱਲੋਂ ਕੂੜਾ ਚੁੱਕਣ ਲਈ ਟਰੈਕਟਰ ਟਰਾਲੀਆਂ ਵਰਤੋਂ ਵਿੱਚ



ਲਿਆਂਦੀਆਂ ਜਾਂਦੀਆਂ ਸਨ ਪਰ ਉਹ ਤੰਗ ਗਲੀਆਂ ਵਿੱਚ ਨਹੀਂ ਜਾ ਸਕਦੀਆਂ ਸਨ। ਇਨ੍ਹਾਂ ਗੱਡੀਆਂ ਵਿੱਚ ਸੁੱਕਾ ਤੇ ਗਿੱਲਾ ਕੂੜਾ ਚੁੱਕਣ ਦੇ ਅਲੱਗ ਅਲੱਗ ਪ੍ਰਬੰਧ ਹਨ। ਇਨ੍ਹਾਂ ਗੱਡੀਆਂ ਨੂੰ ਹਲਕਾ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਰਵਾਨਾ ਕੀਤਾ। ਇਸ ਮੌਕੇ ਕਾਰਜ ਸਾਧਕ ਅਫਸਰ ਵਿਜੈ ਕੁਮਾਰ ਡੋਗਰਾ, ਸੰਜੀਵ ਭੰਡਾਰੀ, ਵਿਸ਼ਾਲ ਮੰਨਣ ਪੀ.ਏ ਵਿਧਾਇਕ ਟੌਂਗ, ਸਰਜੀਤ ਸਿੰਘ ਕੰਗ, ਸੁਖਦੇਵ ਸਿੰਘ ਪੱਡਾ, ਗੁਰਮੀਤ ਕੌਰ ਕੰਗ, ਬਲਦੇਵ ਸਿੰਘ ਬੋਦੇਵਾਲ, ਸੈਨੇਟਰੀ ਇੰਸਪੈਕਟਰ ਸੰਦੀਪ ਸਿੰਘ ਸੋਨੂੰ, ਸੈਨੇ. ਇੰਚਾਰਜ ਬਚਿੱਤਰ ਸਿੰਘ, ਮਨਦੀਪ ਸਿੰਘ, ਬਲਰਾਜ ਸਿੰਘ, ਗਗਨਦੀਪ ਸਿੰਘ ਐਮ.ਈ, ਸਰਬਜੀਤ ਸਿੰਘ ਆਦਿ ਹਾਜ਼ਰ ਸਨ।

# ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਫਤਹਿਗੜ੍ਹ ਚੂੜੀਆਂ (ਜਸਦੇਵ ਮਾਨ)-ਸ੍ਰੀ ਗੁਰੂ ਰਾਮਦਾਸ ਗਰੁੱਪ ਆਫ ਇੰਸਟੀਟਿਊਟਸ ਪੰਧੇਰ ਵਿਖੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਤਿੰਨ ਦਿਨ ਤੋਂ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਅਰਦਾਸ ਕੀਤੀ ਗਈ। ਇਸ ਉਪਰੰਤ ਕਰਵਾਏ ਗਏ ਸਮਾਗਮ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਧਰਮਵੀਰ ਸਿੰਘ ਵਲੋਂ ਇਲਾਹੀ ਬਾਣੀ ਦਾ ਕੀਰਤਨ ਗਾਇਨ ਕੀਤਾ ਗਿਆ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਨਾਲ ਜੋੜਿਆ ਗਿਆ। ਇਸ ਉਪਰੰਤ ਕਾਲਜ ਦੇ ਵੱਖ ਵੱਖ ਵਿਭਾਗਾਂ ਨਾਲ ਸੰਬੰਧਤ ਵਿਦਿਆਰਥੀਆਂ ਵਲੋਂ ਕਵਿਤਾ ਅਤੇ ਸ਼ਬਦ ਗਾਇਨ



ਕੀਤਾ ਗਿਆ। ਇਸ ਮੌਕੇ ਸੰਸਥਾਵਾਂ ਦੇ ਚੇਅਰਪਰਸਨ ਹਰਜਿੰਦਰ ਪਾਲ ਕੌਰ ਕੰਗ, ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ, ਵਾਈਸ ਪ੍ਰੈਜੀਡੈਂਟ ਡਾ. ਗੁਲਵਤਨ ਸਿੰਘ ਕੰਗ ਅਤੇ ਡਾ. ਆਨੰਦ ਜੀਤ ਕੌਰ ਕੰਗ ਨੇ ਇਹਨਾਂ ਸਮਾਗਮਾਂ ਵਿੱਚ ਸੇਵਾ ਨਿਭਾਉਣ ਵਾਲੇ ਸਾਰੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਇਸ ਮੌਕੇ ਡਾ. ਗੁਲਵਾਤਨ ਸਿੰਘ ਕੰਗ ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਰਾਗੀ ਸਿੰਘ, ਕਥਾਵਾਚਕ ਅਤੇ ਪਾਠੀ ਸਿੰਘਾਂ ਦਾ ਧੰਨਵਾਦ ਕੀਤਾ। ਚੇਅਰਪਰਸਨ ਹਰਜਿੰਦਰਪਾਲ ਕੌਰ ਕੰਗ ਨੇ ਵਿਦਿਆਰਥੀਆਂ ਨੂੰ ਗੁਰੂ ਰਾਮਦਾਸ ਜੀ ਦੀ ਜੀਵਨੀ ਬਾਰੇ ਜਾਣਕਾਰੀ ਦਿੱਤੀ ਅਤੇ ਉਹਨਾਂ ਨੂੰ ਗੁਰੂ ਜੀ ਵਲੋਂ ਦਰਸਾਏ ਗਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ ਰਿਪੁਦਮਨ ਕਾਹਲੋਂ, ਰਾਜਵੰਤ ਕੌਰ, ਬਲਜੀਤ ਕੌਰ, ਕੇਵਲ ਸਿੰਘ, ਜਸਬੀਰ ਸਿੰਘ, ਲਖਵਿੰਦਰ ਸਿੰਘ ਮਰੜ, ਗੁਰਬਚਨ ਸਿੰਘ, ਬਲਬੀਰ ਸਿੰਘ, ਐਡਵੋਕੇਟ ਮਨਦੀਪ ਸਿੰਘ ਬੋਪਾਰਾਏ, ਦਮਨਪ੍ਰੀਤ ਸਿੰਘ, ਸੁਖਵਿੰਦਰ ਕੌਰ, ਬਲਵਿੰਦਰ ਕੌਰ, ਹਰਜਿੰਦਰ ਕੌਰ ਸਮੇਤ ਸਮੂਹ ਸਟਾਫ, ਵਿਦਿਆਰਥੀ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਦਸਮੇਸ਼ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਧਾਰਮਿਕ ਪ੍ਰੀਖਿਆ 'ਚ ਨਤੀਜਾ ਸ਼ਾਨਦਾਰ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪਿਛਲੇ 40 ਸਾਲਾਂ ਤੋਂ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਹੇਠ ਚੱਲ ਰਹੇ ਦਸ਼ਮੇਸ਼ ਪਬਲਿਕ ਸੀਨੀਅਰ ਸੈਕੰਡਰੀ, ਸਕੂਲ ਮਹਿਤਾ ਚੌਂਕ ਦੇ ਵਿਦਿਆਰਥੀਆਂ ਨੇ ਹਰ ਸਾਲ ਕਰਵਾਈ ਜਾਂਦੀ ਧਾਰਮਿਕ ਪ੍ਰੀਖਿਆ ਵਿੱਚ ਸ਼ਾਨਦਾਰ ਨਤੀਜਾ ਹਾਸਲ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਹਰ ਸਾਲ ਉਚੇਚਾ ਯਤਨ ਕਰਕੇ ਵੱਖ–ਵੱਖ ਸਕੂਲਾਂ ਵਿੱਚ ਧਾਰਮਿਕ ਪ੍ਰੀਖਿਆ ਦਾ ਆਯੋਜਨ ਕੀਤਾ ਜਾਂਦਾ ਹੈ। ਇਹਨਾਂ ਪ੍ਰੀਖਿਆਵਾਂ ਵਿੱਚ ਦਸ਼ਮੇਸ਼ ਪਬਲਿਕ ਸਕੂਲ ਦੇ ਵਿਦਿਆਰਥੀ ਵੱਧ–ਚੜ੍ਹ ਕੇ ਭਾਗ ਲੈਂਦੇ ਹਨ ਅਤੇ ਵਿਸ਼ੇਸ਼ ਇਨਾਮ ਪ੍ਰਾਪਤ ਕਰਦੇ ਆਏ ਹਨ।ਇਸ ਸਾਲ ਵੀ ਵਿਦਿਆਰਥੀਆਂ ਵੱਲੋਂ ਧਾਰਮਿਕ ਪ੍ਰੀਖਿਆ ਵਿੱਚ ਮੱਲਾਂ ਮਾਰੀਆਂ ਗਈਆਂ ਹਨ ਅਤੇ ਵਜ਼ੀਫ਼ੇ ਪ੍ਰਾਪਤ ਕੀਤੇ ਗਏ ਹਨ। ਕੁੱਲ 8 ਵਿਦਿਆਰਥੀਆਂ ਨੇ ਵਜ਼ੀਫ਼ਾ ਪ੍ਰਾਪਤ ਕਰਕੇ ਸਕੂਲ ਅਤੇ ਮਾਪਿਆਂ ਦੇ ਮਾਣ–ਸਤਿਕਾਰ ਵਿੱਚ ਵਾਧਾ ਕੀਤਾ ਹੈ। ਇਸ ਤੋਂ ਇਲਾਵਾ 11 ਵਿਦਿਆਰਥੀਆਂ ਨੂੰ ਮੈਡਲ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਹਨਾਂ ਵਿਦਿਆਰਥੀਆਂ ਨੂੰ ਸਾਬਕਾ ਐੱਮ.ਐੱਲ.ਏ. ਬਲਜੀਤ ਸਿੰਘ ਜਲਾਲ ਉਸਮਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਚਾਰਕ ਜਸਪਾਲ ਸਿੰਘ ਨੇ ਉਚੇਚੇ ਤੌਰ 'ਤੇ ਸਕੂਲ ਪੁੱਜ ਕੇ ਇਨਾਮਾਂ ਨਾਲ ਨਿਵਾਜਿਆ। ਸਕੂਲ ਦੇ ਡਾਇਰੈਕਟਰ ਮਨਪ੍ਰੀਤ ਸਿੰਘ ਟੱਕਰ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਵੀ ਬੱਚਿਆਂ ਦੀ ਹੌਸਲਾ ਅਫ਼ਜਾਈ ਕੀਤੀ। ਬੱਚਿਆਂ ਦੀ ਹੌਸਲਾ ਅਫ਼ਜਾਈ ਸਮੇਂ ਬਲਜੀਤ ਸਿੰਘ ਜਲਾਲਉਸਮਾ, ਪ੍ਰਚਾਰਕ ਜਸਪਾਲ ਸਿੰਘ, ਡਾਇਰੈਕਟਰ ਮਨਪ੍ਰੀਤ ਸਿੰਘ, ਅਵਤਾਰ ਸਿੰਘ ਬੁੱਟਰ ਅਤੇ ਮੈਡਮ ਰਵਿੰਦਰ ਕੌਰ ਮੌਜੂਦ ਰਹੇ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਾਬਾਦ 'ਚ ਮਾਪੇ-ਅਧਿਆਪਕ ਮਿਲਣੀ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)–ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸ.ਸ) ਜਗਵਿੰਦਰ ਸਿੰਘ ਲਹਿਰੀ ਦੇ ਦਿਸ਼ਾ ਨਿਰਦੇਸ਼ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਾਬਾਦ ਮੁੰਡੇ ਵਿਖੇ ਮਾਪੇ–ਅਧਿਆਪਕ ਮਿਲਣੀ ਆਯੋਜਤ ਕੀਤੀ ਗਈ। ਸਕੂਲ ਪ੍ਰਿੰਸੀਪਲ ਗੁਰਿੰਦਰ ਸਿੰਘ ਨੇ ਆਏ ਮਾਪਿਆਂ ਨੂੰ ਜੀ ਆਇਆਂ ਕਿਹਾ। ਸਕੂਲ ਵਿੱਚ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਪ੍ਰੋਜੈਕਟਾਂ/ਕੰਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਰਿਟਾਇਰਡ ਪ੍ਰਿੰਸੀਪਲ ਗੁਰਦੇਵ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਆਪਣੇ ਤਜਰਬੇ ਸਾਂਝੇ ਕੀਤੇ। ਸਾਰੀਆਂ ਜਮਾਤਾਂ ਦੇ ਇੰਚਾਰਜ ਸਾਹਿਬਾਨ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਹਨਾਂ ਦੀ ਕਾਰਗੁਜ਼ਾਰੀ ਤੋਂ ਜਾਣੂ ਕਰਵਾਇਆ। ਇਸ ਮੌਕੇ ਵੱਖ ਵੱਖ ਵਿਸ਼ਿਆਂ ਦੇ ਤਿਆਰ ਮਾਡਲਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਮੌਕੇ ਕਰਨਬੀਰ ਸਿੰਘ ਯੂਕੇ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਹੋਰਨਾਂ ਤੋਂ ਇਲਾਵਾ ਰਜਿੰਦਰਪਾਲ ਸਿੰਘ, ਕੁਲਦੀਪ ਸਿੰਘ ਵਿਰਕ, ਮਲਕੀਤ ਸਿੰਘ, ਰਣਜੋਧ ਸਿੰਘ, ਨਵਤੇਜ ਸਿੰਘ, ਦਲਜੀਤ ਕੌਰ, ਅਨਾਮਿਕਾ, ਬਲਵਿੰਦਰ ਕੌਰ, ਮਨਵਿੰਦਰ ਕੌਰ, ਸੰਦੀਪ ਕੌਰ, ਇੰਦੂ ਬਾਲਾ, ਰਮਨਜੀਤ ਕੌਰ, ਗੁਰਪ੍ਰੀਤ ਸਿੰਘ, ਜਸਕਰਨ ਸਿੰਘ ਆਦਿ ਸਟਾਫ ਹਾਜ਼ਰ ਸੀ।



# ਸ਼੍ਰੋਮਣੀ ਕਮੇਟੀ ਦੇ ਅਕਸ ਨੂੰ ਖ਼ਰਾਬ ਕਰਨ ਵਾਲੀ ਬਿਆਨਬਾਜ਼ੀ ਦੀ ਨਿਖੇਧੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਸ. ਚਰਨਜੀਤ ਸਿੰਘ ਬਰਾੜ ਵੱਲੋਂ ਸ਼੍ਰੋਮਣੀ ਕਮੇਟੀ ਅਤੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਅਕਸ ਨੂੰ ਜਾਣਬੁੱਝ ਕੇ ਖਰਾਬ ਕਰਨ ਦੀ ਮਨਸ਼ਾ ਨਾਲ ਕੀਤੀ ਗਈ ਬਿਆਨਬਾਜ਼ੀ ਦੀ ਕਰੜੀ ਨਿਖੇਧੀ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਅਤੇ ਵੱਡੀ ਗਿਣਤੀ ਸ਼੍ਰੋਮਣੀ ਕਮੇਟੀ ਮੈਂਬਰ ਜਿਨ੍ਹਾਂ ਵਿਚ ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਭਾਈ ਅਮਰਜੀਤ ਸਿੰਘ ਚਾਵਲਾ, ਕੁਲਵੰਤ ਸਿੰਘ ਮੰਨਣ, ਰਣਜੀਤ ਸਿੰਘ ਕਾਹਲੋਂ, ਚਰਨ ਸਿੰਘ ਆਲਮਗੀਰ, ਗੁਰਬਚਨ ਸਿੰਘ ਕਰਮੂੰਵਾਲਾ, ਅਮਰਜੀਤ ਸਿੰਘ ਭਲਾਈਪੁਰ, ਅਮਰਜੀਤ ਸਿੰਘ ਬੰਡਾਲਾ, ਜੋਧ ਸਿੰਘ ਸਮਰਾ, ਭਾਈ ਰਾਮ ਸਿੰਘ, ਫੁੰਮਣ ਸਿੰਘ, ਕੌਰ ਸਿੰਘ, ਹਰਜਾਪ ਸਿੰਘ ਸੁਲਤਾਨਵਿੰਡ, ਬਲਵਿੰਦਰ ਸਿੰਘ ਭੰਮਾਂਲੰਡਾ, ਬੀਬੀ ਜੋਗਿੰਦਰ ਕੌਰ ਸ਼ਾਮਲ ਸਨ, ਨੇ ਚਰਨਜੀਤ ਸਿੰਘ ਬਰਾੜ ਦਾ ਕਰੜਾ ਨੋਟਿਸ ਲੈਂਦਿਆਂ ਕਿਹਾ ਕਿ ਰਾਜਸੀ ਹਿੱਤਾਂ ਦੀ ਖ਼ਾਤਰ ਸਿੱਖ ਸੰਸਥਾ ਅਤੇ ਇਸ ਦੇ ਅਹੁਦੇਦਾਰਾਂ 'ਤੇ ਬੇਬੁਨਿਆਦ ਇਲਜ਼ਾਮ ਲਗਾਉਣੇ ਚਰਨਜੀਤ ਸਿੰਘ ਦੀ ਘਟੀਆ ਹਰਕਤ ਹੈ। ਸ਼੍ਰੋਮਣੀ ਕਮੇਟੀ ਆਗੂਆਂ ਨੇ ਕਿਹਾ ਕਿ ਜਿਥੋਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ, ਕਾਰਜ ਖੇਤਰ ਅਤੇ ਸੇਵਾ–ਮੁਕਤੀ ਦਾ ਸਵਾਲ ਹੈ, ਇਹ ਕਿਸੇ ਇਕ ਮਤੇ ਨਾਲ ਲਿਆ ਜਾਣ ਵਾਲਾ ਫੈਸਲਾ ਨਹੀਂ ਸਗੋਂ ਇਸ ਵਾਸਤੇ ਸਮੁੱਚੇ ਪੰਥ ਦੀ ਸਹਿਮਤੀ ਮਹੱਤਵਪੂਰਨ ਹੈ। ਇਸ ਲਈ ਪੰਥ ਦੀਆਂ ਜਥੇਬੰਦੀਆਂ, ਸੰਪ੍ਰਦਾਵਾਂ ਦੀ ਰਾਇ ਬਿਨਾਂ ਨਵਾਂ ਵਿਧਾਨ ਨਹੀਂ ਘੜਿਆ ਜਾ ਸਕਦਾ ਅਤੇ ਜਾਣਬੁੱਝ ਕੇ ਇਸ ਪੰਥਕ ਮੁੱਦੇ ਨੂੰ ਉਲਝਾਉਣਾ ਕੌਮ ਵਿਰੋਧੀ ਭਾਵਨਾ ਦਾ ਪ੍ਰਗਟਾਵਾ ਹੈ।ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਸ. ਬਰਾੜ ਵੱਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਕਮਜ਼ੋਰ ਪ੍ਰਧਾਨ ਕਹਿਣਾ ਇਕ ਸਤਿਕਾਰਤ ਪੰਥਕ ਸ਼ਖ਼ਸੀਅਤ ਦਾ ਨਿਰਾਦਰ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਧਾਮੀ ਕਮਜ਼ੋਰ ਨਹੀਂ, ਬਲਕਿ ਪੰਥਕ ਸੋਚ ਦੇ ਅਸਲ ਪਹਿਰੇਦਾਰ ਹਨ, ਜਿਨ੍ਹਾਂ ਨੇ ਹਮੇਸ਼ਾ ਹੀ ਪੰਥਕ ਮਾਮਲਿਆਂ ਵਿਚ ਅੱਗੇ ਹੋ ਕੇ ਕਾਰਜ ਕੀਤੇ ਹਨ। ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਉਨ੍ਹਾਂ ਵੱਲੋਂ ਪੰਥਕ ਸੰਸਥਾਵਾਂ, ਸਿੱਖ ਬੁੱਧੀਜੀਵੀਆਂ ਅਤੇ ਕਾਨੂੰਨੀ ਮਾਹਿਰਾਂ ਨਾਲ ਇਕੱਤਰਤਾਵਾਂ ਕਰਕੇ ਇਸ ਮਾਮਲੇ ਨੂੰ ਕੌਮੀ ਪੱਧਰ 'ਤੇ ਉਠਾਇਆ, ਜਿਸ ਨਾਲ ਇਸ ਮਾਮਲੇ ਦੀ ਚਰਚਾ ਵਿਦੇਸ਼ਾਂ ਤੱਕ ਹੋਈ। ਬੰਦੀ ਸਿੰਘਾਂ ਸਬੰਧੀ ਦਿੱਲੀ ਵਿਖੇ ਕੀਤਾ ਜਾਣ ਵਾਲਾ ਰੋਸ ਮਾਰਚ ਰੱਦ ਕਰਨ ਦੇ ਦੋਸ਼ ਬਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਆਖਿਆ ਕਿ ਇਹ ਪੰਜ ਮੈਂਬਰੀ ਕਮੇਟੀ ਦੇ ਦਿੱਲੀ ਨਾਲ ਸਬੰਧਤ ਇਕ ਆਗੂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਿਖੇ ਪੱਤਰ ਦੇ ਮੱਦੇਨਜ਼ਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਪ੍ਰਸਾਰਣ ਲਈ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨਾ ਅਤੇ ਗੁਰਬਾਣੀ ਪ੍ਰਸਾਰਣ ਦੇ ਸਾਰੇ ਅਧਿਕਾਰ ਆਪਣੇ ਪਾਸ ਲੈਣਾ ਵੀ ਧਾਮੀ ਦਾ ਇਕ ਵੱਡਾ ਫੈਸਲਾ ਹੈ। ਚੈਨਲ ਬਾਰੇ ਗੁੰਮਰਾਹਕੁੰਨ ਬਿਆਨ ਕੇਵਲ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੈ, ਜਦਕਿ ਚੈਨਲ ਦਾ ਮਾਮਲਾ ਕੇਂਦਰ ਸਰਕਾਰ ਦੇ ਅਧਿਕਾਰ ਵਿਚ ਹੈ, ਜਿਸ ਬਾਰੇ ਨਿਰੰਤਰ ਯਤਨ ਜਾਰੀ ਹਨ।

# ਆਰ ਐੱਮ ਪੀ ਡਾਕਟਰਾਂ ਵੱਲੋਂ ਮੁਫਤ ਮੈਡੀਕਲ ਕੈਂਪ ਅੱਜ ਤੇ ਭਲਕੇ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)–ਬ੍ਰਹਮ ਗਿਆਨੀ ਸੰਤ ਬਾਬਾ ਹਜ਼ਾਰਾ ਸਿੰਘ ਦੀ ਨਿੱਘੀ ਯਾਦ ਵਿੱਚ ਸਲਾਨਾ ਬਰਸੀ ਨੂੰ ਸਮਰਪਿਤ 36ਵਾਂ ਵਿਸ਼ਾਲ ਪੱਧਰ 'ਤੇ ਮਹਾਨ ਗੁਰਮਤਿ ਸਮਾਗਮ 23, 24 ਅਤੇ 25 ਅਕਤੂਬਰ ਨੂੰ ਗੁਰਦੁਆਰਾ ਤਪ ਅਸਥਾਨ ਸਾਹਿਬ ਪਿੰਡ ਨਿੱਕੇ ਘੁੰਮਣਾਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਪੂਰੀ ਸ਼ਰਧਾ ਭਾਵਨਾ ਅਤੇ ਭਾਰੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਆਰ ਐਮ ਪੀ ਡਾਕਟਰ ਲਖਵਿੰਦਰ ਸਿੰਘ ਸੰਧੂ ਔਲਖ ਅਤੇ ਡਾਕਟਰ ਜਸਵਿੰਦਰ ਸਿੰਘ ਸੰਧੂ ਕੀੜੀ ਅਫਗਾਨਾ ਵਾਲਿਆਂ ਦੀ ਰਹਿਨੁਮਾਈ ਹੇਠ 24 ਅਤੇ 25 ਅਕਤੂਬਰ ਨੂੰ ਦੋ ਰੋਜ਼ਾ 31ਵਾਂ ਮੁਫਤ ਮੈਡੀਕਲ ਕੈਂਪ ਲਗਾਇਆ ਜਾਵੇਗਾ। ਇਸ ਮੈਡੀਕਲ ਕੈਂਪ ਦਾ ਉਦਘਾਟਨ ਗੁਰਦੁਆਰਾ ਤਪ ਅਸਥਾਨ ਸਾਹਿਬ ਦੇ ਮੁੱਖ ਪ੍ਰਬੰਧਕ ਬਾਬਾ ਅਮਰੀਕ ਸਿੰਘ ਨਿੱਕੇ ਘੁੰਮਣ ਕਾਰ ਸੇਵਾ ਵਾਲਿਆਂ ਵੱਲੋਂ ਕੀਤਾ ਜਾਵੇਗਾ। ਇਸ ਮੈਡੀਕਲ ਕੈਂਪ ਵਿੱਚ ਵੱਖ–ਵੱਖ ਬਿਮਾਰੀਆਂ ਦੇ ਮਾਹਿਰ ਅਤੇ ਤਜਰਬੇਕਾਰ ਵੈਦ ਹਕੀਮ ਅਤੇ ਆਰ ਐਮ ਪੀ ਡਾਕਟਰਾਂ ਵੱਲੋਂ ਮਰੀਜ਼ਾਂ ਨੂੰ ਚੈੱਕਅਪ ਕੀਤਾ ਜਾਵੇਗਾ ਅਤੇ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਡਾਕਟਰ ਲਖਵਿੰਦਰ ਸਿੰਘ ਸੰਧੂ ਔਲਖ ਨੇ ਸਾਰੇ ਆਰ ਐਮ ਪੀ ਡਾਕਟਰ ਸਾਥੀਆਂ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਕਿ ਇਸ ਫ੍ਰੀ ਮੈਡੀਕਲ ਕੈਂਪ ਵਿੱਚ ਤਨ ਅਤੇ ਮਨ ਨਾਲ ਸਹਿਯੋਗ ਦੇ ਕੇ ਸੇਵਾ ਕਰਨ ਦਾ ਹਾਰਦਿਕ ਸੱਦਾ ਪੱਤਰ ਦਿੰਦਿਆਂ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨ।

# ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਕਿਸਾਨ ਸੜਕਾਂ 'ਤੇ ਰੁਲ ਰਹੇ ਹਨ : ਪਾਹੜਾ

ਗੁਰਦਾਸਪੁਰ (ਜਨਕ ਮਹਾਜਨ)- ਪੰਜਾਬ ਸਰਕਾਰ ਦੇਸ਼ ਦੇ ਅੰਨਦਾਤਾ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਮੰਡੀਆਂ ਵਿੱਚੋਂ ਫ਼ਸਲ ਦੀ ਚੁਕਾਈ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਰਹੀ ਹੈ ਜਿਸ ਕਾਰਨ ਤਿਉਹਾਰੀ ਸੀਜ਼ਨ ਦੌਰਾਨ ਵੀ ਕਿਸਾਨਾਂ ਨੂੰ ਸੜਕਾਂ 'ਤੇ ਉਤਰ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਨੇ ਪ੍ਰੈੱਸ ਬਿਆਨ ਰਾਹੀਂ ਕੀਤਾ। ਪਾਹੜਾ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਵਾਰ 24 ਘੰਟੇ ਅੰਦਰ ਫਸਲ ਚੁੱਕਣ ਦੇ ਦਾਅਵੇ ਕਰਦੀ ਆ ਰਹੀ ਹੈ ਪਰ ਕਿਸਾਨਾਂ ਨੂੰ ਹਮੇਸ਼ਾ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਣ ਝੋਨੇ ਦੇ ਸੀਜ਼ਨ ਦੇ ਨਾਲ–ਨਾਲ ਤਿਉਹਾਰਾਂ ਦਾ ਸੀਜ਼ਨ ਵੀ ਚੱਲ ਰਿਹਾ ਹੈ ਪਰ ਕਿਸਾਨਾਂ ਦੀ ਫ਼ਸਲ ਮੰਡੀਆਂ ਵਿੱਚ ਨਹੀਂ ਚੁੱਕੀ ਜਾ ਰਹੀ ਜਿਸ ਕਾਰਨ ਤਿਉਹਾਰਾਂ ਦੇ ਬਾਵਜੂਦ ਕਿਸਾਨਾਂ ਨੂੰ ਕਈ ਦਿਨਾਂ ਤੋਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਕ ਪਾਸੇ ਜਿੱਥੇ ਮੰਡੀਆਂ ਵਿੱਚ ਖਰੀਦ ਨਾ ਹੋਣ ਕਾਰਨ ਕਿਸਾਨ ਪ੍ਰੇਸ਼ਾਨ ਹਨ, ਉੱਥੇ ਹੀ ਦੂਜੇ ਪਾਸੇ ਮਜ਼ਦੂਰਾਂ ਨੂੰ ਵੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਜ਼ਦੂਰ ਵਰਗ ਲਈ ਆਪਣਾ ਗੁਜ਼ਾਰਾ ਚਲਾਉਣਾ ਵੀ ਔਖਾ ਹੋ ਗਿਆ ਹੈ। ਪਾਹੜਾ ਨੇ ਕਿਹਾ ਕਿ ਪੰਜਾਬ ਵਿੱਚ ਵੱਡੇ–ਵੱਡੇ ਦਾਅਵੇ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋ ਰਹੀ ਹੈ। ਆਪਣੇ ਹੱਕਾਂ ਲਈ ਲੜ ਰਹੇ ਕਿਸਾਨ ਨੈਸ਼ਨਲ ਹਾਈਵੇ ਜਾਮ ਕਰ ਰਹੇ ਹਨ ਜਿਸ ਨਾਲ ਆਮ ਲੋਕਾਂ ਨੂੰ ਵੀ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਬਾਵਜੂਦ ਪੰਜਾਬ ਸਰਕਾਰ ਕਿਸਾਨਾਂ ਅਤੇ ਹੋਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਕੋਈ ਧਿਆਨ ਨਹੀਂ ਦੇ ਰਹੀ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਿਸਾਨਾਂ ਦੀਆਂ ਮੰਗਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ।

ਨਵਾਂ ਜ਼ਮਾਨਾ
ਵੀਰਵਾਰ, 24 ਅਕਤੂਬਰ 2024

# ਆਵਾਜ਼ ਦੇ ਪ੍ਰਦੂਸ਼ਣ ਖਿਲਾਫ ਮੁਹਿੰਮ

*ਮੱਧ ਪ੍ਰਦੇਸ਼ ਦੀ ਸੀਨੀਅਰ ਆਈ ਏ ਐੱਸ ਅਧਿਕਾਰੀ ਸ਼ੈਲਬਾਲਾ ਮਾਰਟਿਨ ਨੇ ਮੰਦਰਾਂ 'ਚ ਲੱਗੇ ਲਾਊਡ ਸਪੀਕਰਾਂ ਤੇ ਡੀ ਜੇ ਨਾਲ ਹੋਣ ਵਾਲੇ ਪ੍ਰਦੂਸ਼ਣ 'ਤੇ ਸਵਾਲ ਉਠਾਇਆ ਤਾਂ ਹਿੰਦੂ ਸੰਗਠਨ ਉਸ ਦੇ ਪਿੱਛੇ ਪੈ ਗਏ ਹਨ। ਸੂਬੇ ਦੀ ਰਾਜਧਾਨੀ ਭੋਪਾਲ 'ਚ ਪਿਛਲੇ ਹਫਤੇ ਦੁਰਗਾ ਮੂਰਤੀ ਦੇ ਵਿਸਰਜਨ ਦੌਰਾਨ ਤੇਜ਼ ਡੀ ਜੇ ਦੀ ਆਵਾਜ਼ ਨਾਲ 13 ਸਾਲ ਦੇ ਮੁੰਡੇ ਦੀ ਮੌਤ ਹੋ ਗਈ ਸੀ। ਉਹ ਡੀ ਜੇ ਦੀ ਆਵਾਜ਼ 'ਤੇ ਡਾਂਸ ਕਰਦਾ-ਕਰਦਾ ਅਚਾਨਕ ਡਿਗ ਪਿਆ ਤੇ ਸ਼ੁੱਕਰਵਾਰ ਉਸ ਦੀ ਮੌਤ ਹੋ ਗਈ। ਇਸ ਦੇ ਬਾਅਦ ਸੂਬੇ ਦੇ ਮੰਦਰਾਂ ਵਿਚ ਲਾਊਡ ਸਪੀਕਰ ਵਜਾਉਣ ਤੇ ਧਾਰਮਕ ਯਾਤਰਾ ਦੌਰਾਨ ਡੀ ਜੇ ਵਜਾਉਣ ਅਤੇ ਮਸਜਿਦਾਂ ਵਿਚ ਲੱਗੇ ਲਾਊਡ ਸਪੀਕਰਾਂ ਤੋਂ ਅਜ਼ਾਨ 'ਤੇ ਬਹਿਸ ਸ਼ੁਰੂ ਹੋ ਗਈ। ਸੋਸ਼ਲ ਮੀਡੀਆ 'ਤੇ ਇਕ ਪੱਤਰਕਾਰ ਨੇ ਮਸਜਿਦਾਂ ਵਿਚ ਲਾਊਡ ਸਪੀਕਰਾਂ ਦੀ ਵਰਤੋਂ 'ਤੇ ਇਤਰਾਜ਼ ਤੇ ਰੋਕਾਂ ਅਤੇ ਇਨ੍ਹਾਂ ਦੇ ਬਾਹਰ ਧਾਰਮਕ ਯਾਤਰਾ ਦੌਰਾਨ ਡੀ ਜੇ ਵਜਾਉਣ ਨੂੰ ਲੈ ਕੇ ਸਵਾਲ ਉਠਾਉਂਦਿਆਂ ਪੁੱਛਿਆ ਕਿ ਇਹ ਦੋਹਰਾ ਪੈਮਾਨਾ ਕਿਉਂ ਹੈ, ਯਾਨੀ ਤੁਸੀਂ ਮਸਜਿਦਾਂ ਦੇ ਲਾਊਡ ਸਪੀਕਰਾਂ 'ਤੇ ਅਜ਼ਾਨ ਦਾ ਵਿਰੋਧ ਕਰਦੇ ਹੋ ਤੇ ਖ਼ੁਦ ਮਸਜਿਦ ਦੇ ਬਾਹਰ ਤੇਜ਼ ਆਵਾਜ਼ 'ਚ ਡੀ ਜੇ ਵਜਾਉਂਦੇ ਹੋ ਤੇ ਇਤਰਾਜ਼ਯੋਗ ਨਾਅਰੇਬਾਜ਼ੀ ਕਰਦੇ ਹੋ। ਪੱਤਰਕਾਰ ਦੀ ਪੋਸਟ 'ਤੇ ਆਈ ਏ ਐੱਸ ਅਧਿਕਾਰੀ ਸ਼ੈਲਬਾਲਾ ਮਾਰਟਿਨ ਨੇ ਪ੍ਰਤੀਕਿਰਿਆ ਕਰਦਿਆਂ ਕਿਹਾ—ਅਤੇ ਮੰਦਰਾਂ 'ਤੇ ਲੱਗੇ ਲਾਊਡ ਸਪੀਕਰ, ਜਿਹੜੇ ਕਈ-ਕਈ ਗਲੀਆਂ ਵਿਚ ਦੂਰ ਤੱਕ ਆਵਾਜ਼ ਪ੍ਰਦੂਸ਼ਣ ਫੈਲਾਉਂਦੇ ਹਨ, ਜਿਹੜੇ ਅੱਧੀ-ਅੱਧੀ ਰਾਤ ਤੱਕ ਵੱਜਦੇ ਹਨ, ਉਨ੍ਹਾਂ ਨਾਲ ਕਿਸੇ ਨੂੰ ਪ੍ਰੇਸ਼ਾਨੀ ਨਹੀਂ ਹੁੰਦੀ।*

*ਸ਼ੈਲਬਾਲਾ ਦੀ ਪੋਸਟ ਅਖੌਤੀ ਧਾਰਮਕ ਸੰਗਠਨਾਂ ਨੂੰ ਪਸੰਦ ਨਹੀਂ ਆਈ। ਦੱਖਣ ਪੰਥੀ ਸੰਗਠਨ 'ਸੰਸਕ੍ਰਿਤੀ ਬਚਾਓ ਮੰਚ' ਦੇ ਪ੍ਰਧਾਨ ਚੰਦਰਸ਼ੇਖਰ ਤਿਵਾੜੀ ਨੇ ਕਿਹਾ ਕਿ ਉਹ ਇਸ ਅਧਿਕਾਰੀ ਦੇ ਖਿਲਾਫ ਪ੍ਰਦਰਸ਼ਨ ਕਰਨਗੇ। ਦੂਜੇ ਪਾਸੇ ਸ਼ੈਲਬਾਲਾ ਮਾਰਟਿਨ ਨੂੰ ਸੋਸ਼ਲ ਮੀਡੀਆ 'ਤੇ ਕਾਫੀ ਹਮਾਇਤ ਮਿਲ ਰਹੀ ਹੈ। ਕਈ ਪੱਤਰਕਾਰਾਂ ਨੇ ਉਨ੍ਹਾ ਦੇ ਹੱਕ ਵਿਚ ਆਵਾਜ਼ ਉਠਾਉਂਦਿਆਂ ਸਵਾਲ ਕੀਤਾ ਹੈ ਕਿ ਮਸਜਿਦ ਦੇ ਲਾਊਡ ਸਪੀਕਰਾਂ ਅਤੇ ਮੰਦਰਾਂ ਦੇ ਲਾਊਡ ਸਪੀਕਰਾਂ ਤੇ ਡੀ ਜੇ ਨੂੰ ਲੈ ਕੇ ਇਹ ਦੰਭ ਕਿਉਂ?*

*ਮੱਧ ਪ੍ਰਦੇਸ਼ ਸਰਕਾਰ ਨੇ ਪਿਛਲੇ ਸਾਲ ਆਵਾਜ਼ ਦੇ ਪ੍ਰਦੂਸ਼ਣ ਨੂੰ ਘਟਾਉਣ ਲਈ ਦਿਸ਼ਾ-ਨਿਰਦੇਸ਼ ਦਿੱਤੇ ਸਨ, ਜਿਨ੍ਹਾਂ ਦਾ ਮਕਸਦ ਖਾਸ ਤੌਰ 'ਤੇ ਧਰਮ ਸਥਾਨਾਂ ਵਿਚ ਲੱਗੇ ਲਾਊਡ ਸਪੀਕਰਾਂ ਨੂੰ ਕੰਟਰੋਲ ਕਰਨਾ ਸੀ। ਕਈ ਥਾਵਾਂ 'ਤੇ ਹਿੰਦੂ ਸੰਗਠਨਾਂ ਨੇ ਮਸਜਿਦਾਂ ਵਿਚ ਲੱਗੇ ਲਾਊਡ ਸਪੀਕਰਾਂ ਦਾ ਵਿਰੋਧ ਕੀਤਾ, ਹਾਲਾਂਕਿ ਅਜ਼ਾਨ ਮਸਾਂ ਦੋ-ਤਿੰਨ ਮਿੰਟ ਦੀ ਹੁੰਦੀ ਹੈ। ਨਤੀਜੇ ਵਜੋਂ ਕਈ ਮਸਜਿਦਾਂ ਦੇ ਲਾਊਡ ਸਪੀਕਰ ਉਤਰਵਾ ਦਿੱਤੇ ਗਏ। ਦੂਜੇ ਪਾਸੇ ਹਿੰਦੂ ਤਿਉਹਾਰਾਂ 'ਤੇ ਨਿਕਲਣ ਵਾਲੀਆਂ ਯਾਤਰਾਵਾਂ ਦੌਰਾਨ ਮਸਜਿਦ ਅੱਗੇ ਡੀ ਜੇ ਤੇਜ਼ ਆਵਾਜ਼ ਵਜਾਉਣ ਤੇ ਇਤਰਾਜ਼ਯੋਗ ਨਾਅਰੇ ਲਾਉਣ ਅਤੇ ਮੰਦਰਾਂ ਵਿਚ ਦੇਰ ਰਾਤ ਤੱਕ ਤੇਜ਼ ਆਵਾਜ਼ 'ਚ ਭਜਨ ਕਰਨ 'ਤੇ ਨਾ ਮੱਧ ਪ੍ਰਦੇਸ਼ ਦੀ ਸਰਕਾਰ ਨੂੰ ਇਤਰਾਜ਼ ਹੈ ਤੇ ਨਾ ਯੂ ਪੀ, ਗੁਜਰਾਤ ਤੇ ਮਹਾਰਾਸ਼ਟਰ ਆਦਿ ਦੀਆਂ ਸਰਕਾਰਾਂ ਨੂੰ। ਮੱਧ ਪ੍ਰਦੇਸ਼ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸ਼ੈਲਬਾਲਾ ਮਾਰਟਿਨ ਦਾ ਵਿਰੋਧ ਕਰਨ ਵਾਲਿਆਂ ਨਾਲ ਸਖਤੀ ਨਾਲ ਪੇਸ਼ ਆਵੇ। ਅਫਸਰਾਂ ਦੀ ਕੁਲ ਹਿੰਦ ਐਸੋਸੀਏਸ਼ਨ ਨੂੰ ਵੀ ਸ਼ੈਲਬਾਲਾ ਦੇ ਹੱਕ ਵਿਚ ਨਿੱਤਰਨਾ ਚਾਹੀਦਾ ਹੈ ਅਤੇ ਸਾਰੇ ਅਫਸਰਾਂ ਨੂੰ ਆਵਾਜ਼ ਦੇ ਪ੍ਰਦੂਸ਼ਣ ਖਿਲਾਫ ਸਖਤ ਕਦਮ ਚੁੱਕਣੇ ਚਾਹੀਦੇ ਹਨ, ਭਾਵੇਂ ਉਹ ਕਿਸੇ ਵੀ ਪਾਰਟੀ ਦੀ ਹਕੂਮਤ ਹੇਠ ਕੰਮ ਕਰ ਰਹੇ ਹਨ।*

## ਪਾਠਕ ਸੱਥ

### ਯਮੁਨਾ ਦਾ ਪ੍ਰਦੂਸ਼ਣ

ਯਮੁਨਾ ਨਦੀ ਵਿੱਚ ਬਣ ਰਹੀ ਝੱਗ ਨੇ ਯਮੁਨਾ ਅਤੇ ਹੋਰ ਨਦੀਆਂ ਨੂੰ ਸਾਫ਼ ਕਰਨ ਲਈ ਚੱਲ ਰਹੀਆਂ ਮੁਹਿੰਮਾਂ ਦੀ ਪੋਲ ਖੋਲ੍ਹ ਦਿੱਤੀ ਹੈ। ਫੈਕਟਰੀਆਂ ਦੀ ਰਹਿੰਦ-ਖੂੰਹਦ ਅਤੇ ਯਮੁਨਾ ਦੇ ਨਾਲ ਬਣੀ ਵਸੋਂ ਦੁਆਰਾ ਸੁੱਟਿਆ ਜਾਂਦਾ ਕੂੜਾ-ਕਰਕਟ ਜਿਥੇ ਯਮੁਨਾ ਨੂੰ ਪ੍ਰਦੂਸ਼ਤ ਕਰ ਰਿਹਾ ਹੈ, ਉਥੇ ਜੀਵ-ਜੰਤੂਆਂ ਅਤੇ ਮਨੁੱਖ ਲਈ ਵੀ ਗੰਭੀਰ ਰੋਗਾਂ ਨੂੰ ਸੱਦਾ ਦੇ ਰਿਹਾ ਹੈ। ਗੰਗਾ ਐਕਸ਼ਨ ਪਲੈਨ ਵਰਗੀਆਂ ਯੋਜਨਾਵਾਂ ਦਮ ਤੋੜ ਰਹੀਆਂ ਹਨ ਕਾਰਣ ਇਹ ਹੈ ਕਿ ਪ੍ਰਦੂਸ਼ਣ ਫੈਲਾਉਣ ਤੋਂ ਰੋਕਣ ਲਈ ਕਾਨੂੰਨ ਦੀਆਂ ਜ਼ੰਜੀਰਾਂ ਢਿੱਲੀਆਂ ਹਨ। ਉਹ ਵਾਤਾਵਰਨ ਨੂੰ ਪਲੀਤ ਅਤੇ ਪ੍ਰਦੂਸ਼ਣ ਫੈਲਾਉਣ ਵਾਲਿਆਂ ਨੂੰ ਸਜ਼ਾ ਦੇਣ ਵਿੱਚ ਅਸਮਰਥ ਰਹੇ ਹਨ। ਵਾਤਾਵਰਨ ਨੂੰ ਬਚਾਉਣ ਲਈ ਬਣਿਆ ਕਾਨੂੰਨ ਅਮਲੀ ਰੂਪ ਵਿੱਚ ਲਾਗੂ ਹੋਣ ਵਿੱਚ ਨਾਕਾਮ ਰਿਹਾ ਹੈ। ਨਦੀਆਂ ਸਾਡੀ ਇਤਿਹਾਸਕ ਧਰੋਹਰ ਹਨ, ਇਹੀ ਯਮੁਨਾ ਵੈਦਿਕ ਕਾਲ ਵਿੱਚ ਕਦੇ ਪੰਜਾਬ ਦਾ ਹਿੱਸਾ ਸੀ, ਜਿਸ ਕਰਕੇ ਪੰਜਾਬ ਨੂੰ ਸਪਤ ਸਿੰਧੂ ਕਿਹਾ ਜਾਂਦਾ ਸੀ। ਧਰਤੀ ਹੇਠਲਾ ਪਾਣੀ ਦਾ ਪੱਧਰ ਦਿਨੋਂ-ਦਿਨ ਹੇਠਾਂ ਜਾ ਰਿਹਾ ਹੈ, ਅਜਿਹੇ ਸਮੇਂ ਵਿੱਚ ਨਦੀਆਂ ਪਾਣੀ ਦੀ ਕਮੀਂ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਪ੍ਰਦੂਸ਼ਤ ਪਾਣੀ ਕਿਸੇ ਵੀ ਕੰਮ ਦਾ ਨਹੀਂ।ਇਸ ਕਰਕੇ ਸਰਕਾਰ ਨੂੰ ਜਿਥੇ ਇਹਨਾਂ ਨਦੀਆਂ ਦੇ ਪ੍ਰਦੂਸ਼ਣ ਨੂੰ ਰੋਕਣ ਅਤੇ ਬਚਾਉਣ ਲਈ ਬਣੇ ਕਾਨੂੰਨ ਸਖ਼ਤੀ ਨਾਲ਼ ਲਾਗੂ ਕਰਨੇ ਚਾਹੀਦੇ ਹਨ, ਉਥੇ ਸਾਨੂੰ ਸਾਰਿਆਂ ਨੂੰ ਵੀ ਪਾਣੀ ਦੀ ਮਹੱਤਤਾ ਸਮਝਦੇ ਹੋਏ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਅਤੇ ਇਸ ਨੂੰ ਬਚਾਉਣ ਲਈ ਪਹਿਲ ਕਰਨੀ ਚਾਹੀਦੀ ਹੈ।

**-ਰਜਵਿੰਦਰ ਪਾਲ ਸ਼ਰਮਾ**, 70873-67969

### ਪੰਚਾਇਤ ਕਰੇ ਪਿੰਡ ਦਾ ਵਿਕਾਸ

ਜਿਵੇਂ ਕਿ ਪਿੰਡਾਂ ਚ ਵੋਟਾਂ ਪੈ ਕੇ ਪੰਚਾਇਤ ਬਣਨ ਦਾ ਕੰਮ ਮੁਕੰਮਲ ਹੋ ਗਿਆ ਹੈ। ਕੁਝ ਪਿੰਡਾਂ ਚ ਸਰਬ-ਸੰਮਤੀ ਨਾਲ਼ ਪੰਚਾਇਤ ਚੁਣੀ ਗਈ ਹੈ ਤੇ ਕੁਝ ਪਿੰਡਾਂ 'ਚ ਵੋਟਾਂ ਨਾਲ ਪੰਚਾਇਤ ਚੁਣੀ ਗਈ ਹੈ।ਪੰਚ-ਸਰਪੰਚ ਬਣਨ ਲਈ ਉਮੀਦਵਾਰਾਂ ਵੱਲੋਂ ਬਹੁਤ ਹੀ ਸਾਰੇ ਵਾਅਦੇ ਕੀਤੇ ਗਏ ਹਨ ਕਿ ਉਹ ਪਿੰਡ ਦਾ ਵਿਕਾਸ ਪੂਰੀ ਮਿਹਨਤ ਨਾਲ ਵਧ-ਚੜ੍ਹ ਕੇ ਕਰਨਗੇ।ਪਿੰਡ ਦੀ ਨਵੀਂ ਬਣੀ ਪੰਚਾਇਤ ਨੂੰ ਵਧ-ਚੜ੍ਹ ਕੇ ਹੀ ਲੋਕਾਂ ਦੀਆਂ ਆਸਾਂ 'ਤੇ ਖਰੇ ਉਤਰਨਾ ਚਾਹੀਦਾ ਹੈ।ਲੋਕਾਂ ਨੇ ਬਹੁਤ ਵਿਸ਼ਵਾਸ ਕਰਕੇ ਪੰਚਾਇਤ ਚੁਣੀ ਹੁੰਦੀ ਹੈ।

**-ਗੁਰਿੰਦਰ ਰਾਜਪੁਰਾ**

# 'ਮੇਕ ਇਨ ਇੰਡੀਆ' ਭਾਰਤ ਸਰਕਾਰ ਦੀ ਯੋਜਨਾ ਦਾ ਲੇਖਾ-ਜੋਖਾ

**ਮੂਲ : ਕਰਿਸਟੌਫ ਜ਼ੈਫਰਲੈਟ**
**ਅਨੁ. : ਪੁਸ਼ਪਿੰਦਰ**

ਪਿਛਲੇ ਮਹੀਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਮੇਕ ਇਨ ਇੰਡੀਆ' ਪ੍ਰੋਗਰਾਮ ਦੇ ਦਸ ਵਰ੍ਹੇ ਪੂਰੇ ਹੋਣ 'ਤੇ ਜਸ਼ਨ ਮਨਾਉਂਦਿਆਂ ਇਸ ਦੀ ਸਫਲਤਾ ਨੂੰ ਪ੍ਰਮਾਣਤ ਕਰਨ ਲਈ ਅੰਕੜੇ ਜਾਰੀ ਕੀਤੇ ਹਨ, ਪਰ ਇਨ੍ਹਾਂ ਨੂੰ ਭਾਰਤੀ ਤੇ ਗੈਰ-ਭਾਰਤੀ ਸਾਰੇ ਸਟੈਟਿਸਟੀਕਲ ਸੋਮਿਆਂ ਨੇ ਪ੍ਰਵਾਨ ਨਹੀਂ ਕੀਤਾ। ਪ੍ਰਧਾਨ ਮੰਤਰੀ ਨੇ ਅੰਕੜਿਆਂ ਦੇ ਭਰਮ ਜਾਲ ਰਾਹੀਂ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਦ ਕਿ ਸਚਾਈ ਇਹ ਹੈ ਕਿ ਭਾਰਤ ਦਾ ਉਦਯੋਗ ਹੋਰ ਜ਼ਿਆਦਾ ਚੀਨ ਉਪਰ ਨਿਰਭਰ ਹੋ ਗਿਆ ਹੈ।

2014 ਵਿਚ ਇਸ ਯੋਜਨਾ ਨੂੰ ਸ਼ੁਰੂ ਕਰਨ ਦੇ ਚਾਰ ਮਨਸੂਬੇ ਸਨ :

1.ਭਾਰਤ ਦੇ ਉਦਯੋਗ ਦੀ ਵਿਕਾਸ ਦਰ 12-14% ਸਾਲਾਨਾ ਪ੍ਰਾਪਤ ਕਰਨਾ।

2.2022 ਤੱਕ ਦਸ ਕਰੋੜ ਸਨਅਤੀ ਰੁਜ਼ਗਾਰ ਪੈਦਾ ਕਰਨੇ।

3.2022 ਤੱਕ (ਬਾਅਦ ਵਿਚ ਇਹ 2025 ਕਰ ਦਿੱਤੀ ਗਈ) ਕੁਲ ਘਰੇਲੂ ਉਤਪਾਦਨ ਵਿਚ ਨਿਰਮਾਣ ਖੇਤਰ ਦੀ ਹਿੱਸੇਦਾਰੀ 25% ਕਰਨਾ।

4.ਚੀਨ ਨੂੰ ਪਛਾੜ ਕੇ ਭਾਰਤ ਨੂੰ ਦੁਨੀਆ ਦੀ ਨਵੀਂ ਉਦਯੋਗਿਕ ਫੈਕਟਰੀ ਬਣਾਉਣਾ।

ਭਾਰਤੀ ਸਨਅਤ ਦੇ 25 ਤੋਂ ਜ਼ਿਆਦਾ ਵਿਭਾਗ ਇਸ ਯੋਜਨਾ ਵਿਚ ਸ਼ਾਮਲ ਕੀਤੇ ਗਏ ਸਨ। ਦਸ ਸਾਲ ਬਾਅਦ ਨਾ ਤਾਂ ਇਹ ਉਦੇਸ਼ ਪੂਰੇ ਹੋਏ ਹਨ, ਸਗੋਂ ਸਥਿਤੀ ਹੋਰ ਵੀ ਬਦਤਰ ਹੋ ਗਈ ਹੈ।

ਉਦਯੋਗਿਕ ਵਿਕਾਸ ਦਰ ਦੁਗਣੀ ਤਾਂ ਕੀ ਹੋਣੀ ਸੀ, ਅੱਧੀ ਤੋਂ ਵੀ ਘੱਟ ਯਾਨਿ 2014 ਤੋਂ ਇਹ 4% ਦੇ ਆਲੇ-ਦੁਵਾਲੇ ਘੁੰਮ ਰਹੀ ਹੈ, ਸਗੋਂ ਨਿਰਮਾਣ ਉਦਯੋਗ ਦੀ ਦਰ ਇਸ ਤੋਂ ਵੀ ਥੱਲੇ ਹੈ। ਕੁਲ ਘਰੇਲੂ ਉਤਪਾਦਨ ਵਿਚ ਨਿਰਮਾਣ ਖੇਤਰ ਦੀ ਹਿੱਸੇਦਾਰੀ ਵਧਣ ਦੀ ਥਾਂ ਘਟ ਕੇ 18.3% ਤੋਂ 14.72% ਹੋ ਗਈ ਹੈ। ਇਹ 2010-11 ਤੋਂ 2019-20 ਦੇ ਅੰਕੜੇ ਹਨ, ਕੋਵਿਡ ਮਹਾਂਮਾਰੀ ਤੋਂ ਪਹਿਲਾਂ ਦੇ। ਕੋਵਿਡ ਤੋਂ ਦੋ ਸਾਲ ਬਾਅਦ ਘਟ ਕੇ 2023 ਵਿਚ 14.7% ਹੋ ਗਏ ਹਨ। 1968-69 ਤੋਂ ਬਾਅਦ ਦੀ ਇਹ ਸਭ ਤੋਂ ਹੇਠਲੀ ਦਰ ਹੈ। ਦਸ ਕਰੋੜ ਨਵੇਂ ਸਨਅਤੀ ਰੁਜ਼ਗਾਰ ਪੈਦਾ ਕਰਨ ਦਾ ਉਦੇਸ਼ ਤਾਂ ਕਿਤੇ ਰਿਹਾ, ਸਨਅਤੀ ਖੇਤਰ ਵਿਚ ਕਾਮਿਆਂ ਦੀ ਗਿਣਤੀ ਘਟ ਗਈ ਹੈ, ਜੋ 2017 ਵਿਚ 5.13 ਕਰੋੜ ਸੀ ਤੇ 2022-23 ਵਿਚ 3.56 ਕਰੋੜ ਹੋ ਗਈ। ਕੋਵਿਡ ਸੰਕਟ ਨੇ ਵੀ ਪ੍ਰਭਾਵਤ ਕੀਤਾ ਹੈ। 2021 ਵਿਚ ਇਹ ਗਿਣਤੀ 3.0 ਕਰੋੜ ਹੋ ਗਈ ਸੀ। 2016-17 ਤੋਂ 2022-23 ਦਰਮਿਆਨ ਉਦਯੋਗ ਖੇਤਰ ਵਿਚੋਂ ਦਸ ਲੱਖ ਕਾਮੇ ਮਨਫੀ ਹੋ ਗਏ ਹਨ।

ਕੁਝ ਹੱਦ ਤੱਕ ਇਸ ਅਸਫਲਤਾ ਦਾ ਕਾਰਨ ਸਿੱਧਾ ਵਿਦੇਸ਼ੀ ਨਿਵੇਸ਼ ਹੋ ਸਕਦਾ ਹੈ। ਮੋਦੀ ਸਰਕਾਰ ਦਾ ਵਿਚਾਰ ਸੀ ਕਿ ਚੀਨ ਦੀ ਆਰਥਿਕ ਨੀਤੀ ਅਨੁਸਾਰ ਚਲਦਿਆਂ ਵਿਦੇਸ਼ੀ ਨਿਵੇਸ਼ ਸਫਲਤਾ ਦੀ ਕੁੰਜੀ ਸਾਬਤ ਹੋ ਸਕਦਾ ਹੈ। ਭਾਰਤ ਵਿਚ ਸਸਤੀ ਕਿਰਤ ਉਪਲੱਬਧ ਹੈ, ਇਸ ਲਈ ਵਿਦੇਸ਼ੀ ਸਨਅਤਕਾਰ ਚੀਨ ਦੀ ਤਰ੍ਹਾਂ ਭਾਰਤ ਵਿਚ ਵੀ ਪੈਸਾ ਲਾਉਣ ਦੇ ਲਈ ਤਤਪਰ ਹੋਣਗੇ। ਇਹ ਦਰੁਸਤ ਹੈ ਕਿ ਵਿਦੇਸ਼ੀ ਨਿਵੇਸ਼ ਦੀ ਹਿੱਸੇਦਾਰੀ 2014 ਵਿੱਚ 36 ਅਰਬ ਡਾਲਰ ਤੋਂ ਵਧ ਕੇ 2022 ਵਿਚ 85 ਅਰਬ ਡਾਲਰ ਤੱਕ ਪਹੁੰਚ ਗਈ ਸੀ, ਪਰ ਇਸ ਦੇ ਵੀ ਦੋ ਪਹਿਲੂ ਹਨ : ਪਹਿਲਾ-ਕੁਲ ਵਿਦੇਸ਼ੀ ਪੈਸੇ ਦਾ ਕੁਝ ਪ੍ਰਤੀਸ਼ਤ ਹੀ ਉਤਪਾਦਕ ਖੇਤਰ ਵਿਚ ਲਗਾਇਆ ਗਿਆ ਹੈ। ਯਾਨੀ 2020-21 ਵਿਚ ਕੁਲ ਵਿਦੇਸ਼ੀ ਨਿਵੇਸ਼ 80 ਅਰਬ ਡਾਲਰ ਦਾ ਸੀ, ਜਿਹਦੇ ਵਿਚੋਂ ਸਿਰਫ 21 ਅਰਬ ਡਾਲਰ ਉਤਪਾਦਕ ਜਾਂ ਆਰਥਿਕ ਪੱਖੋਂ ਲਾਭਦਾਇਕ ਨਿਵੇਸ਼ ਸਮਝਿਆ ਜਾ ਸਕਦਾ ਹੈ। ਇਹ ਦੇਸ਼ ਦੇ ਕੁਲ ਸਨਅਤੀ ਸਰਮਾਏ ਵਿਚ ਹੋਏ ਵਾਧੇ ਦਾ 3.1% ਬਣਦਾ ਹੈ। 2018-19 ਦਾ ਸਾਲ ਵਿਦੇਸ਼ੀ ਨਿਵੇਸ਼ ਦਾ ਸਿਰੇ ਦਾ ਸਾਲ ਸੀ, ਇਸ ਸਾਲ ਵੀ ਵਿਦੇਸ਼ੀ ਨਿਵੇਸ਼ ਦਾ ਉਤਪਾਦਕ ਹਿੱਸਾ 6.5% ਹੀ ਬਣਦਾ ਹੈ।

ਦੂਸਰਾ, ਜੇ ਵਿਦੇਸ਼ੀ ਨਿਵੇਸ਼ ਦੀ ਅਸਲ ਤਾਕਤ ਦਾ ਅੰਦਾਜ਼ਾ ਲਗਾਉਣਾ ਹੈ ਤਾਂ ਇਸ ਨੂੰ ਦੇਸ਼ ਦੇ ਕੁਲ ਘਰੇਲੂ ਉਤਪਾਦਨ ਨਾਲ ਜੋੜਨ ਦੀ ਜ਼ਰੂਰਤ ਹੈ। ਇਸ ਪੱਖੋਂ ਤਸਵੀਰ ਕੁਝ ਵੱਖਰੀ ਹੈ। 2014-15 ਤੋਂ 2022-23 ਤੱਕ ਵਿਦੇਸ਼ੀ ਨਿਵੇਸ਼ ਦੇਸ਼ ਦੇ ਕੁਲ ਉਤਪਾਦਨ ਦਾ ਔਸਤਨ 1.76% ਹਿੱਸਾ ਬਣਦਾ ਹੈ, ਜਦ ਕਿ ਪਿਛਲੇ ਦਹਾਕੇ (2007-8 ਤੋਂ 2014-15) ਵਿਚ ਇਹ ਅੰਕੜਾ 2.14% ਦਾ ਹੈ।

ਤੀਸਰਾ ਨੁਕਤਾ ਹੈ ਕਿ 2022 ਤੋਂ ਲੈ ਕੇ ਵਿਦੇਸ਼ੀ ਨਿਵੇਸ਼ ਲਗਾਤਾਰ ਘਟ ਰਿਹਾ ਹੈ। 2023-24 ਵਿਚ ਇਹ 60% ਘਟ ਕੇ 10 ਅਰਬ ਡਾਲਰ ਰਹਿ ਗਿਆ ਸੀ। 2007 ਤੋਂ ਬਾਅਦ ਦਾ ਇਹ ਸਭ ਤੋਂ ਹੇਠਲਾ ਅੰਕ ਹੈ, ਜਦ ਵਿਦੇਸ਼ੀ ਨਿਵੇਸ਼ ਜੀ ਡੀ ਪੀ ਦਾ ਕੇਵਲ 0.7% ਸੀ, ਆਜ਼ਾਦ ਭਾਰਤ ਦਾ ਸਭ ਤੋਂ ਹੇਠਲਾ ਪੱਧਰ। ਇਸ ਸਮੇਂ ਦੌਰਾਨ ਅਮਰੀਕਾ ਅਤੇ ਯੂਰਪ ਵਿਚ ਸ਼ੁਰੂ ਹੋਏ 'ਡੀਕਪਲਿੰਗ' ਅਤੇ 'ਡੀ-ਰਿਸਕਿੰਗ' ਦੇ ਰੁਝਾਨ ਤੋਂ ਲੱਗਿਆ ਸੀ ਕਿ ਪੱਛਮੀ ਸਰਮਾਇਆ ਭਾਰਤ ਵੱਲ ਮੋੜ ਕੱਟੇਗਾ, ਚੀਨ ਦੀ ਜਗ੍ਹਾ ਭਾਰਤ ਲੈ ਲਵੇਗਾ, ਪਰ ਅਜਿਹਾ ਨਹੀਂ ਵਾਪਰਿਆ ਪ੍ਰਸ਼ਾਂਤ ਮਹਾਂਸਾਗਰ ਖਿੱਤੇ ਦੇ ਹੋਰ ਦੇਸ਼ਾਂ; ਜਿਵੇਂ ਵੀਅਤਨਾਮ ਵਰਗੇ ਦੇਸ਼ਾਂ ਨੂੰ ਵੱਧ ਲਾਭ ਹੋਇਆ ਹੈ।

ਚੌਥਾ ਨੁਕਤਾ ਹੈ ਕਿ 2017 ਤੋਂ ਬਾਅਦ ਵਿਦੇਸ਼ੀ ਨਿਵੇਸ਼ ਦੀ ਬਹੁਗਿਣਤੀ ਲਾਗਤ ਕੇਵਲ 9 ਵਿਭਾਗਾਂ ਵਿਚ ਹੋਈ ਹੈ, ਜਿਵੇਂ ਕਿ ਸੇਵਾਵਾਂ ਦਾ ਖੇਤਰ, ਖਾਸ ਕਰ ਸੰਚਾਰ ਵਿਭਾਗ। ਬਾਕੀ ਦੇ 53 ਵਿਭਾਗਾਂ ਦੇ ਹਿੱਸੇ ਕੇਵਲ 30% ਸਰਮਾਇਆ ਆਇਆ ਹੈ।

ਅਖੀਰ ਵਿਚ ਇਹ ਕਹਿਣਾ ਵੀ ਜ਼ਰੂਰੀ ਹੈ ਕਿ 'ਮੇਕ ਇਨ ਇੰਡੀਆ' ਯੋਜਨਾ ਬੀਤੇ ਦਸਾਂ ਸਾਲਾਂ ਦੌਰਾਨ ਵਪਾਰਕ ਵਸਤਾਂ ਦੀ ਬਰਾਮਦ ਵਧਾਉਣ ਵਿਚ ਅਸਫਲ ਰਹੀ ਹੈ। 2013-14 ਵਿਚ ਕੁਲ ਘਰੇਲੂ ਉਤਪਾਦਨ ਦੀ ਬਰਾਮਦੀ ਦਰ 10.2% ਤੋਂ ਘਟ ਕੇ 2022-23 ਵਿਚ 8.2% ਰਹਿ ਗਈ ਸੀ। ਜੇ ਦੇਸ਼ ਦੀ ਆਰਥਿਕਤਾ ਵਸਤਾਂ ਦੀ ਜ਼ਿਆਦਾ ਬਰਾਮਦ ਕਰਨ ਵਿਚ ਅਸਫਲ ਰਹਿੰਦੀ ਹੈ ਤਾਂ ਸੁਭਾਵਕ ਹੈ ਕਿ ਦਰਾਮਦ ਜ਼ਿਆਦਾ ਹੋਵੇਗੀ ਤੇ ਉਹ ਵੀ ਚੀਨ ਵਰਗੇ ਦੇਸ਼ ਤੋਂ।

'ਮੇਕ ਇਨ ਇੰਡੀਆ' ਯੋਜਨਾ ਨੂੰ ਹੋਰ ਉਤਸ਼ਾਹਤ ਕਰਨ ਲਈ ਭਾਰਤ ਸਰਕਾਰ ਨੇ ਪੈਦਾਵਾਰ ਵਧਾਉਣ ਲਈ ਰਿਆਇਤ ਦੇਣ ਦੀ ਸਕੀਮ ਵੀ ਸ਼ੁਰੂ ਕੀਤੀ ਸੀ। ਮਕਸਦ ਸੀ ਕਿ ਉਚ ਤਕਨੀਕੀ ਕਾਰਖਾਨੇ ਲਾਉਣ ਲਈ ਸਰਮਾਏਦਾਰਾਂ ਨੂੰ ਵੱਡੀ ਰਾਹਤ ਦੇਣਾ, ਤਾਂ ਕਿ ਕੌਮਾਂਤਰੀ ਮੈਦਾਨ ਵਿਚ ਦੇਸ਼ ਦੀ ਸਾਖ ਨੂੰ ਮਜ਼ਬੂਤ ਕੀਤਾ ਜਾ ਸਕੇ। ਇਨ੍ਹਾਂ ਯੋਜਨਾਵਾਂ ਦੀ ਲਾਗਤ ਬਹੁਤ ਜ਼ਿਆਦਾ ਹੈ, ਜਿਸ ਦਾ ਮਾੜਾ ਅਸਰ ਦੂਸਰੇ ਖੇਤਰਾਂ ਉਪਰ ਵੀ ਪੈ ਸਕਦਾ ਹੈ, ਜਿਵੇਂ ਕਿ ਗੁਜਰਾਤ ਵਿਚ ਬਣਨ ਵਾਲੀ ਅਮਰੀਕਨ ਮਾਈਕਰੋਪਰੋਸੈਸਰ ਬਣਾਉਣ ਵਾਲੀ ਮਾਈਕਰੋਨ ਕੰਪਨੀ ਉਪਰ ਹੋਣ ਵਾਲਾ ਖਰਚ 2.75 ਅਰਬ ਡਾਲਰ ਹੈ, ਜਿਹਦੇ ਵਿਚੋਂ ਕੰਪਨੀ ਨੇ ਸਿਰਫ 8250 ਲੱਖ ਡਾਲਰ ਖਰਚਣਾ ਹੈ, ਬਾਕੀ ਖਰਚਾ ਨਵੀਂ ਦਿੱਲੀ ਅਤੇ ਗਾਂਧੀਨਗਰ ਦਾ ਹੋਵੇਗਾ। ਇਸ ਸਕੀਮ ਨੂੰ ਪਰੋਡਕਸ਼ਨ ਲਿੰਕਡ ਇਨੀਸ਼ੀਏਟਿਵ ਕਹਿੰਦੇ ਹਨ।

**ਉਦਯੋਗਿਕ ਨਿਵੇਸ਼ ਵਿਚ ਆਈ ਖੜੋਤ**

1990 ਅਤੇ 2000ਵਿਆਂ ਵਿਚ ਲਾਭਦਾਇਕ ਸਰਮਾਏ ਦੇ ਨਿਵੇਸ਼ ਵਿਚ ਭਾਰੀ ਵਾਧਾ ਹੋਇਆ ਸੀ। ਹੌਲੀ-ਹੌਲੀ ਇਸ ਵਿਚ ਕਮੀ ਆਉਣੀ ਸ਼ੁਰੂ ਹੋ ਗਈ। 2007 ਵਿਚ ਇਹ 42% ਸੀ, 2007 ਵਿਚ 29% ਅਤੇ 2023 ਵਿਚ ਥੋੜ੍ਹੀ ਵਧ ਕੇ 34% ਹੋ ਗਈ। ਇਹ ਗਿਰਾਵਟ ਚਿੰਤਾਜਨਕ ਹੈ, ਕਿਉਂ ਕਿ ਇਹ ਨਿੱਜੀ ਨਿਵੇਸ ਵਿਚ ਹੋਣ ਵਾਲੀ ਕਮੀ ਨੂੰ ਉਜਾਗਰ ਕਰਦੀ ਹੈ। ਨਿੱਜੀ ਨਿਵੇਸ਼ ਦੀ ਦਰ 2011 ਵਿਚ 31% ਸੀ, ਜੋ 2020 ਵਿਚ ਘਟ ਕੇ 23% ਹੋ ਗਈ। 2022 ਵਿਚ ਕੁਝ ਬੇਹਤਰ ਹੋ ਕੇ 27% ਹੋ ਗਈ ਹੈ। ਨਿਰਮਾਣ ਦੇ ਖੇਤਰ ਵਿਚ ਨਿੱਜੀ ਨਿਵੇਸ਼ ਦੀ ਸਥਿਤੀ ਹੋਰ ਵੀ ਮਾੜੀ ਹੈ। 2011-12 ਵਿਚ ਇਹ ਦਰ ਜੀ ਡੀ ਪੀ ਦਾ 6.1% ਸੀ, ਜੋ 2021-22 ਵਿਚ 4.2% ਹੋ ਗਈ ਸੀ।

ਨਿੱਜੀ ਖੇਤਰ ਦੇ ਨਿਵੇਸ਼ ਵਿਚ ਆਈ ਗਿਰਾਵਟ ਨੂੰ ਕਿਵੇਂ ਬਿਆਨ ਕੀਤਾ ਜਾ ਸਕਦਾ ਹੈ ? ਕਮਜ਼ੋਰ ਮੰਗ ਇਸ ਦਾ ਮੁੱਖ ਕਾਰਨ ਹੈ। ਨਿਰਮਾਣ ਕਰਨ ਵਾਲੀਆਂ ਕੰਪਨੀਆਂ ਦਾ ਅਣਵਿਕਿਆ ਸਾਮਾਨ ਜਦ ਗੁਦਾਮਾਂ ਵਿਚ ਪਿਆ ਰਹਿੰਦਾ ਹੈ ਤਾਂ ਉਹ ਹੋਰ ਸਾਮਾਨ ਬਣਾਉਣਾ ਬੰਦ ਕਰ ਦਿੰਦੀਆਂ ਹਨ। ਸੰਨ 2011 ਤੇ 2021 ਦੇ ਦਸਾਂ ਸਾਲਾਂ ਦਰਮਿਆਨ ਭਾਰਤੀ ਕਾਰਖਾਨੇ ਆਪਣੀ ਸਮਰਥਾ ਤੋਂ 18% ਤੋਂ 40% ਤੱਕ ਘੱਟ ਸਾਮਾਨ ਦਾ ਉਤਪਾਦਨ ਕਰ ਰਹੇ ਸਨ। 2022 ਤੋਂ ਬਾਅਦ ਇਹ ਪ੍ਰਤੀਸ਼ਤ 25% ਦੇ ਕਰੀਬ ਅਟਕ ਜਾਂਦੀ ਹੈ। ਬਾਜ਼ਾਰ ਵਿਚ ਮੰਗ ਦੀ ਕਮਜ਼ੋਰੀ ਦਾ ਇੱਕ ਕਾਰਨ ਮੱਧ-ਵਰਗੀ ਜਮਾਤ ਦੀ ਗਿਣਤੀ ਵਿਚ ਕਮੀ ਹੋ ਸਕਦਾ ਹੈ, ਜਿਸ ਦੀ ਖਪਤ 1990-2000 ਦੇ ਸਾਲਾਂ ਦੇ ਦਰਮਿਆਨ ਦੀ ਖ਼ੁਸ਼ਹਾਲੀ ਦਾ ਮੁੱਖ ਕਾਰਨ ਸੀ।

2000ਵਿਆਂ ਦੇ ਦੌਰ 'ਤੇ ਡੂੰਘੀ ਝਾਤ ਮਾਰਦਿਆਂ ਇਹ ਵੀ ਪਤਾ ਚਲਦਾ ਹੈ ਕਿ ਉਸ ਵਕਤ ਦੇਸ਼ ਨੇ ਵਿਕਾਸ ਦਾ ਜੋ ਮਾਡਲ ਅਖਤਿਆਰ ਕੀਤਾ ਸੀ, ਉਹ ਬਹੁਤ ਘੱਟ ਗਿਣਤੀ ਲੋਕਾਂ ਨੂੰ ਅਮੀਰ ਬਣਾਉਣ ਦਾ ਮਾਡਲ ਸੀ। 1990 ਵਿਚ ਦੇਸ਼ ਦੇ ਉਪਰਲੇ 10% ਸਭ ਤੋਂ ਅਮੀਰ ਲੋਕਾਂ ਦੀ ਆਮਦਨ ਦਾ ਹਿੱਸਾ 34.4% ਸੀ, ਜੋ 2018 ਵਿਚ ਵਧ ਕੇ 57.1% ਹੋ ਗਿਆ। ਇਸੇ ਵਕਤ ਹੇਠਲੇ 50% ਲੋਕਾਂ ਦੀ ਆਮਦਨ 20.3% ਤੋਂ ਘਟ ਕੇ 13.1% ਹੋ ਗਈ ਸੀ।

ਅਮੀਰੀ ਦਾ ਇਹ ਰੁਝਾਨ ਭਾਰਤੀ ਸਰਮਾਏਦਾਰਾਂ ਨੂੰ ਪੈਸੇ ਦਾ ਨਿਵੇਸ਼ ਕਰਨ ਜਾਂ ਹੋਰ ਨਵੇਂ ਕਾਰਖਾਨੇ ਲਗਾਉਣ ਲਈ ਪ੍ਰੇਰਤ ਨਹੀਂ ਕਰ ਰਿਹਾ, ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਮੱਧ-ਵਰਗ ਖਪਤਕਾਰਾਂ ਦੀ ਸੰਖਿਆ ਬਹੁਤ ਘੱਟ ਹੈ। ਭਾਰਤ ਦੇ ਕਰੀਬ 80 ਕਰੋੜ ਲੋਕ ਹਰ ਮਹੀਨੇ ਅਨਾਜ ਪ੍ਰਾਪਤ ਕਰਨ ਲਈ ਕਤਾਰਾਂ ਵਿਚ ਖੜ੍ਹੇ ਹੁੰਦੇ ਹਨ। ਇਸ ਤੋਂ ਹੀ ਦੇਸ਼ ਦੀ ਮੰਡੀ ਵਿਚ ਮੱਧ ਵਰਗੀ ਖਪਤਕਾਰਾਂ ਦੀ ਗਿਣਤੀ ਦਾ ਅੰਦਾਜ਼ਾ ਲੱਗ ਜਾਂਦਾ ਹੈ।

ਭਾਰਤੀ ਖਪਤਕਾਰਾਂ ਦੀ ਕਮਜ਼ੋਰ ਖਰੀਦ ਸ਼ਕਤੀ ਦਾ ਅੰਦਾਜ਼ਾ ਉਨ੍ਹਾਂ ਦੀ ਬਚਤ ਕਰਨ ਦੀ ਸ਼ਕਤੀ ਤੋਂ ਵੀ ਲਗਾਇਆ ਜਾ ਸਕਦਾ ਹੈ। 2024 'ਚ ਬਚਤ ਦਰ ਜੀ ਡੀ ਪੀ ਦਾ5.3% ਸੀ, ਜੋ ਕਿ 1970 ਤੋਂ ਹੁਣ ਤੱਕ ਦਾ ਹੇਠਲਾ ਅੰਕੜਾ ਹੈ। ਇਸ ਦੇ ਨਾਲ ਹੀ ਪਰਵਾਰ ਹੋਰ ਕਰਜ਼ਾ ਲੈਣ ਤੋਂ ਵੀ ਪਰਹੇਜ਼ ਕਰ ਰਹੇ ਹਨ। ਘਰੇਲੂ ਪਰਵਾਰਾਂ ਵੱਲੋਂ ਪੈਸਾ ਬਚਾਉਣ ਦੀ ਘਟ ਰਹੀ ਪਰਵਿਰਤੀ ਕਰਕੇ ਬੈਂਕਾਂ ਵਿਚ ਜਮ੍ਹਾਂ ਰਾਸ਼ੀ ਵਿਚ ਕਮੀ ਆ ਰਹੀ ਹੈ, ਜਿਸ ਕਾਰਨ ਉਹ ਨਿਵੇਸ਼ਕਾਰਾਂ ਜਾਂ ਸਰਮਾਏਦਾਰਾਂ ਨੂੰ ਕਰਜ਼ਾ ਦੇਣ ਦੇ ਅਸਮਰਥ ਸਾਬਤ ਹੋ ਰਹੇ ਹਨ।

ਆਖਰੀ ਕਾਰਨ, ਕਿਉਂ ਭਾਰਤੀ ਉਦਯੋਗ ਸਫਲਤਾ ਲਈ ਲਗਾਤਾਰ ਸੰਘਰਸ਼ ਕਰ ਰਿਹਾ ਹੈ, ਉਹ ਹੈ ਚੀਨ ਦੀਆਂ ਕੰਪਨੀਆਂ ਦੇ ਮੁਕਾਬਲੇ ਨਿਪੁੰਨਤਾ ਦੀ ਘਾਟ। ਭਾਰਤ ਨੇ ਆਪਣੀ ਆਰਥਿਕਤਾ ਨੂੰ ਮੁਕਤ ਕਰਕੇ ਤਕਰੀਬਨ ਹਰ ਖੇਤਰ ਚੀਨੀ ਉਤਪਾਦਕਾਂ ਲਈ ਖੋਲ੍ਹ ਦਿੱਤਾ ਹੈ। ਉਹ ਦੇਸ਼ ਦੀ ਆਰਥਿਕਤਾ ਦੇ ਤਕਰੀਬਨ ਹਰੇਕ ਵਿਭਾਗ ਵਿਚ ਪ੍ਰਵੇਸ਼ ਕਰ ਗਏ ਹਨ। 2024 ਵਿਚ ਚੀਨ ਭਾਰਤੀ ਵਿਦੇਸ਼ੀ ਵਪਾਰ ਦੇ ਮਾਮਲੇ ਵਿਚ ਅਮਰੀਕਾ ਨੂੰ ਪਛਾੜ ਕੇ ਦੁਨੀਆ ਦਾ ਮੋਹਰੀ ਦੇਸ਼ ਬਣ ਗਿਆ ਹੈ। ਚੀਨ ਦੇ ਨਾਲ ਵਪਾਰਕ ਘਾਟਾ ਵੀ 2023-24 ਵਿਚ 85 ਅਰਬ ਡਾਲਰ ਤੱਕ ਪਹੁੰਚ ਗਿਆ ਹੈ, ਜੋ 2018-19 ਵਿਚ 46 ਅਰਬ ਡਾਲਰ ਸੀ। 2023-24 ਵਿੱਚ ਭਾਰਤ ਵੱਲੋਂ ਚੀਨ ਨੂੰ ਕੀਤੀ ਗਈ ਬਰਾਮਦ 17 ਅਰਬ ਡਾਲਰ ਤੋਂ ਵੀ ਘੱਟ ਸੀ, ਸਾਲ 2018-19 ਦੀ ਮਾਤਰਾ ਤੋਂ ਵੀ ਘੱਟ। ਇਸ ਬਰਾਮਦ ਵਿਚ ਵੀ ਜ਼ਿਆਦਾ ਮਾਤਰਾ ਲੋਹੇ ਦੀ ਧਾਤ ਅਤੇ ਖਣਿਜ ਪਦਾਰਥਾਂ ਦੀ ਸੀ, ਜਦ ਕਿ ਚੀਨ ਵੱਲੋਂ 101 ਅਰਬ ਡਾਲਰ (2018-19 ਵਿਚ ਇਹ ਰਕਮ 70.3 ਅਰਬ ਡਾਲਰ ਸੀ) ਦੀਆਂ ਭਾਰਤ ਨੂੰ ਭੇਜੀਆਂ ਵਸਤਾਂ ਵਿਚ ਬਹੁਤਾ ਤਿਆਰ ਮਾਲ, ਮਸ਼ੀਨ ਔਜ਼ਾਰ, ਕੰਪਿਊਟਰ, ਇਲੈਕਟ੍ਰਿਕ ਸਰਕਟ, ਪਲਾਸਟਿਕ ਆਦਿ ਸਨ।

ਭਾਰਤ ਅੱਧੀ ਤੋਂ ਜ਼ਿਆਦਾ ਬਿਜਲੀ ਦੀ ਜ਼ਰੂਰਤ ਕੋਲੇ ਤੋਂ ਪੂਰਾ ਕਰਦਾ ਹੈ। ਨਾਲ ਹੀ ਗਰੀਨ ਊਰਜਾ ਬਦਲਾਅ ਦੇ ਲਈ ਸੂਰਜੀ ਊਰਜਾ 'ਤੇ ਨਿਰਭਰ ਕਰ ਰਿਹਾ ਹੈ, ਪਰ ਇਸ ਦੇ ਲਈ ਜ਼ਰੂਰੀ ਉਪਕਰਨਾਂ ਦੇ ਨਿਰਮਾਣ ਖੇਤਰ ਦੇ ਮਾਮਲੇ ਵਿਚ ਬਹੁਤ ਪਿੱਛੇ ਹੈ। ਸੂਰਜੀ ਊਰਜਾ ਪੈਦਾ ਕਰਨ ਲਈ ਜ਼ਰੂਰੀ ਅੱਧੇ ਤੋਂ ਵੱਧ ਯੰਤਰ ਚੀਨ ਭਾਰਤ ਨੂੰ ਸਪਲਾਈ ਕਰਦਾ ਹੈ। ਭਾਰਤ ਦੀਆਂ ਕੰਪਨੀਆਂ ਨਵੇਂ ਬਜ਼ਾਰ ਵਿਚ ਪ੍ਰਵੇਸ਼ ਕਰ ਰਹੀਆਂ ਹਨ, ਪਰ ਇਸ ਲਈ ਜ਼ਰੂਰੀ ਮਸ਼ੀਨਰੀ ਦਾ 70% ਇਹ ਚੀਨ ਤੋਂ ਲੈ ਰਹੀਆਂ ਹਨ।

ਫਾਰਮੇਸੀ ਸੈਕਟਰ ਵਿਚ ਵੀ ਅਜਿਹਾ ਹੀ ਹਾਲ ਹੈ। ਜੈਨੇਰਕ ਦਵਾਈਆਂ ਦੇ ਪ੍ਰਵੇਸ਼ ਕਾਰਨ ਭਾਰਤ ਦਾ ਇਸ ਵੇਲੇ ਦੁਨੀਆ ਨੂੰ ਕੁਲ ਵਰਤੋਂ ਦਾ 20% ਸਪਲਾਈ ਕਰ ਰਿਹਾ ਹੈ। ਇਸ ਦੀ ਕੁਲ ਕੀਮਤ 25 ਅਰਬ ਡਾਲਰ ਬਣਦੀ ਹੈ, ਪਰ ਨਵੀਂਆਂ ਖੋਜਾਂ ਤੇ ਤਕਨੀਕ ਦੀ ਅਣਹੋਂਦ ਬਹੁਤ ਨੁਕਸਾਨ ਕਰ ਰਹੀ ਹੈ। ਕੋਵਿਡ-19 ਤੋਂ ਪਹਿਲਾਂ ਦਵਾਈਆਂ ਵਿਚ ਪੈਣ ਵਾਲੀਆਂ ਵਸਤਾਂ ਦਾ ਦੋ ਤਿਹਾਈ ਹਿੱਸਾ ਚੀਨ ਤੋਂ ਮੰਗਵਾਇਆ ਜਾਂਦਾ ਸੀ। ਸਰਕਾਰ ਨੇ ਖੋਜ ਨੂੰ ਉਤਸ਼ਾਹਤ ਕਰਨ ਲਈ ਦੋ ਅਰਬ ਡਾਲਰ ਦੀ ਸਹਾਇਤਾ ਦਿੱਤੀ ਸੀ। ਸਰਕਾਰੀ ਹੱਲਾਸ਼ੇਰੀ ਦੇ ਬਾਵਜੂਦ ਕੁਝ ਸਾਲਾਂ ਬਾਅਦ ਵੀ ਸਥਿਤੀ ਜਿਉਂ ਦੀ ਤਿਉਂ ਹੈ।

ਮੇਕ ਇਨ ਇੰਡੀਆ ਯੋਜਨਾ ਦੇ ਸ਼ੁਰੂ ਹੋਣ ਤੋਂ ਦਸ ਸਾਲ ਬਾਅਦ ਵੀ ਭਾਰਤੀ ਸਨਅਤ ਦੀ ਸਮੱਸਿਆ ਹੋਰ ਗਹਿਰੀ ਹੋ ਗਈ ਹੈ। ਇਹ ਅਸਫਲਤਾ ਨਾ ਸਿਰਫ ਚੀਨ ਦੇ ਮੁਕਾਬਲੇ ਭਾਰਤ ਦੀ ਪ੍ਰਭੁਸੱਤਾ ਨੂੰ ਇੱਕ ਖਤਰਾ ਵੀ ਸਾਬਤ ਹੋ ਸਕਦਾ ਹੈ, ਪਰ ਇਸ ਤੋਂ ਵੀ ਗੰਭੀਰ ਮਸਲਾ ਅੰਦਰੂਨੀ ਆਰਥਿਕ ਸਥਿਤੀ ਦਾ ਹੈ। ਦੇਸ਼ ਦੀ ਕਿਰਤ ਯੋਗ ਵਸੋਂ ਵਿਚ ਹਰ ਸਾਲ ਇੱਕ ਕਰੋੜ ਨੌਜਵਾਨ ਲੜਕੀਆਂ, ਲੜਕਿਆਂ ਦਾ ਇਜ਼ਾਫਾ ਹੁੰਦਾ ਹੈ, ਜਿਨ੍ਹਾਂ ਨੂੰ ਕੰਮ ਦੀ ਲੋੜ ਹੈ ਅਤੇ ਇਹ ਕੰਮ ਉਦਯੋਗ ਹੀ ਦੇ ਸਕਦਾ ਹੈ ਅਤੇ ਉਹ ਵੀ ਲੋਕ ਹਨ, ਜੋ ਖੇਤੀਬਾੜੀ ਦਾ ਧੰਦਾ ਛੱਡ ਕੇ ਸ਼ਹਿਰਾਂ ਵਿਚ ਆ ਰਹੇ ਹਨ। ਉਨ੍ਹਾਂ ਦੀਆਂ ਜ਼ਰੂਰਤਾਂ ਵੀ ਕਾਰਖਾਨੇ ਹੀ ਪੂਰੀਆਂ ਕਰ ਸਕਦੇ ਹਨ। ਸਮੱਸਿਆ ਵਾਕਿਆ ਹੀ ਚਿੰਤਾਜਨਕ ਹੈ।

**(ਕਰਿਸਟੌਫ ਜ਼ੈਫਰਲੈਟ ਕਿੰਗਜ਼ ਕਾਲਜ ਲੰਡਨ ਵਿਚ ਪ੍ਰੋਫੈਸਰ ਹੈ। 'ਗੁਜਰਾਤ ਅੰਡਰ ਮੋਦੀ : ਅੱਜ ਦੇ ਭਾਰਤ ਦੀ ਪ੍ਰਯੋਗਸ਼ਾਲਾ' ਦਾ ਲੇਖਕ ਹੈ)**

**# ਸੰਪਰਕ : 94632-32402**

# ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ 'ਚ ਪੰਜਾਬੀਆਂ ਦੀ ਬੱਲੇ-ਬੱਲੇ

**ਉਜਾਗਰ ਸਿੰਘ**



ਪੰਜਾਬੀ ਬਹਾਦਰ, ਦਲੇਰ, ਮਿਹਨਤੀ ਅਤੇ ਉਦਮੀ ਦੇ ਤੌਰ 'ਤੇ ਸੰਸਾਰ ਵਿੱਚ ਜਾਣੇ ਜਾਂਦੇ ਹਨ। ਸੰਸਾਰ ਦਾ ਕੋਈ ਦੇਸ਼ ਅਜਿਹਾ ਨਹੀਂ, ਜਿੱਥੇ ਪੰਜਾਬੀ/ਭਾਰਤੀ ਨਾ ਹੋਣ। ਉਥੇ ਉਹ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਸੰਸਾਰ ਵਿੱਚ ਸਭ ਤੋਂ ਵੱਧ ਭਾਰਤ/ਪੰਜਾਬੀ ਕੈਨੇਡਾ ਵਿੱਚ ਹਨ। ਕੈਨੇਡਾ ਦੇ ਵਿਕਾਸ ਵਿੱਚ ਪੰਜਾਬੀਆਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਪੰਜਾਬੀਆਂ/ਸਿੱਖਾਂ ਨੇ ਹਮੇਸ਼ਾ ਕੈਨੇਡਾ ਦੀ ਸਿਆਸਤ ਵਿੱਚ ਧੁੰਮਾਂ ਪਾਈਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਪੰਜਾਬੀ/ਭਾਰਤੀ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਹਨ। ਉਨ੍ਹਾਂ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ 43ਵੀਂ ਵਿਧਾਨ ਸਭਾ ਦੀਆਂ ਚੋਣਾਂ ਹੁਣੇ ਹੀ ਅਕਤੂਬਰ 2024 ਵਿੱਚ ਹੋਈਆਂ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਇਸ ਵਾਰ ਕੁਲ 3550017 ਵੋਟਰਾਂ ਵਿੱਚੋਂ 2038075 ਵੋਟਰਾਂ ਭਾਵ 47.41 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ, ਜਦੋਂ ਕਿ 2020 ਵਿੱਚ 47.69 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ। ਇਨ੍ਹਾਂ ਚੋਣਾਂ ਵਿੱਚ ਪਹਿਲੀ ਵਾਰ ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ 14 ਸੀਟਾਂ ਜਿੱਤ ਕੇ ਇਤਿਹਾਸ ਸਿਰਜਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਕਦੀ ਵੀ ਇੰਨੀਆਂ ਸੀਟਾਂ ਜਿੱਤੀਆਂ ਨਹੀਂ ਸਨ। 2021 ਦੀ ਜਨਗਣਨਾ ਅਨੁਸਾਰ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਭਾਰਤੀਆਂ/ ਪੰਜਾਬੀਆਂ/ ਸਿੱਖਾਂ ਦੀ ਵਸੋਂ ਸਿਰਫ਼ 2 ਫ਼ੀ ਸਦੀ ਹੈ, ਜਦੋਂ ਕਿ ਉਨ੍ਹਾਂ ਨੇ ਵਿਧਾਨ ਸਭਾ ਦੀਆਂ 15 ਫ਼ੀ ਸਦੀ ਸੀਟਾਂ ਜਿੱਤ ਕੇ ਵੱਡਾ ਮਾਅਰਕਾ ਮਾਰਿਆ ਹੈ। ਜਗਮੀਤ ਸਿੰਘ ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ ਦਾ ਪ੍ਰਧਾਨ ਹੈ। ਇਨ੍ਹਾਂ ਨਤੀਜਿਆਂ ਨੇ ਕੈਨੇਡੀਆਂ ਨੂੰ ਹੈਰਾਨ ਤੇ ਪ੍ਰੇਸ਼ਾਨ ਕਰ ਦਿੱਤਾ ਹੈ। 37 ਪੰਜਾਬੀਆਂ/ਸਿੱਖਾਂ ਨੇ ਐੱਨ.ਡੀ.ਪੀ. ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਲੜੀ ਸੀ, ਜਿਨ੍ਹਾਂ ਵਿੱਚੋਂ 14 ਨੇ ਆਪੋ-ਆਪਣੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿੱਚ ਐੱਨ.ਡੀ.ਪੀ. ਦੇ 9 ਅਤੇ ਕੰਜ਼ਰਵੇਟਿਵ ਪਾਰਟੀ ਦੇ 5 ਉਮੀਦਵਾਰ ਚੋਣ ਜਿੱਤੇ ਹਨ। ਇਸ ਪ੍ਰਕਾਰ ਪੰਜਾਬੀਆਂ/ਸਿੱਖਾਂ ਨੇ 93 ਸੀਟਾਂ ਵਿੱਚੋਂ 15 ਫ਼ੀ ਸਦੀ ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਕਮਾਲ ਕਰ ਦਿੱਤੀ ਹੈ। ਇਨ੍ਹਾਂ ਜਿੱਤਣ ਵਾਲੇ 14 ਵਿਧਾਨਕਾਰਾਂ ਵਿੱਚ 8 ਮਰਦ ਅਤੇ 6 ਇਸਤਰੀਆਂ ਹਨ। 2020 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ 9 ਪੰਜਾਬੀ/ਸਿੱਖ ਉਮੀਦਵਾਰ ਜਿੱਤ ਸਕੇ ਸਨ। ਅਜੇ ਤੱਕ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ, ਜਦੋਂ ਕਿ 11 ਸੀਟਾਂ ਦੇ ਨਤੀਜੇ ਅਜੇ ਬਾਕੀ ਰਹਿੰਦੇ ਹਨ। ਨਿਊ ਡੈਮੋਕਰੈਟਿਕ ਪਾਰਟੀ ਨੇ ਹੁਣ ਤੱਕ 40 ਸੀਟਾਂ ਜਿੱਤੀਆਂ ਅਤੇ 6 ਸੀਟਾਂ 'ਤੇ ਉਹ ਲੀਡ ਕਰ ਰਹੇ ਹਨ। ਐੱਨ.ਡੀ.ਪੀ.ਨੂੰ 44.60 ਫ਼ੀ ਸਦੀ ਵੋਟਾਂ ਪਈਆਂ ਹਨ। ਕੰਜ਼ਰਵੇਟਿਵ ਪਾਰਟੀ ਨੇ ਵੀ 40 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ ਪ੍ਰੰਤੂ ਉਨ੍ਹਾਂ ਦੇ ਉਮੀਦਵਾਰ 5 ਸੀਟਾਂ 'ਤੇ ਲੀਡ ਕਰ ਰਹੇ ਹਨ। ਉਨ੍ਹਾਂ ਨੂੰ 43.57 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ। ਦੋਹਾਂ ਪਾਰਟੀਆਂ ਨੂੰ ਪੋਲ ਹੋਈਆਂ ਵੋਟਾਂ ਤੋਂ ਪਤਾ ਲੱਗਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਨੂੰ ਸਿਰਫ਼ 1 ਫ਼ੀ ਸਦੀ ਘੱਟ ਵੋਟਾਂ ਪੋਲ ਹੋਈਆਂ ਹਨ। ਦੋਹਾਂ ਦੀ ਬਰਾਬਰ ਦੀ ਟੱਕਰ ਰਹੀ ਹੈ। 2 ਸੀਟਾਂ ਗਰੀਨ ਪਾਰਟੀ ਨੇ ਜਿੱਤੀਆਂ ਹਨ, ਉਨ੍ਹਾਂ ਨੂੰ 8.19 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ। ਜਿਹੜੀਆਂ 11 ਸੀਟਾਂ 'ਤੇ ਦੋਹਾਂ ਪਾਰਟੀਆਂ ਦੇ ਉਮੀਦਵਾਰ ਲੀਡ ਕਰ ਰਹੇ ਹਨ, ਉਨ੍ਹਾਂ ਦਾ ਨਤੀਜਾ ਡਾਕ ਰਾਹੀਂ ਆਉਣ ਵਾਲੀਆਂ ਵੋਟਾਂ ਦੀ ਗਿਣਤੀ ਤੋਂ ਬਾਅਦ 26 ਅਕਤੂਬਰ ਨੂੰ ਪਤਾ ਲੱਗੇਗਾ। ਜੇਕਰ ਇਹ ਦੋਵੇਂ ਪਾਰਟੀਆਂ ਜਿਹੜੀਆਂ ਸੀਟਾਂ 'ਤੇ ਲੀਡ ਕਰ ਰਹੀਆਂ ਹਨ, ਚੋਣ ਜਿੱਤ ਵੀ ਜਾਣ ਤਾਂ ਵੀ ਕਿਸੇ ਪਾਰਟੀ ਨੂੰ ਬਹੁਮੱਤ ਨਹੀਂ ਮਿਲੇਗਾ। ਸਰਕਾਰ ਬਣਾਉਣ ਲਈ ਤਾਕਤ ਗਰੀਨ ਪਾਰਟੀ ਦੇ ਹੱਥ ਵਿੱਚ ਹੋਵੇਗੀ, ਕਿਉਂਕਿ 93 ਮੈਂਬਰੀ ਵਿਧਾਨ ਸਭਾ ਵਿੱਚ ਸਰਕਾਰ ਬਣਾਉਣ ਲਈ 47 ਮੈਂਬਰਾਂ ਦੀ ਹਮਾਇਤ ਜ਼ਰੂਰੀ ਹੈ। 2020 ਵਿੱਚ ਐੱਨ.ਡੀ.ਪੀ.ਨੇ 47 ਫ਼ੀ ਸਦੀ ਵੋਟਾਂ ਲੈ ਕੇ 57 ਸੀਟਾਂ ਜਿੱਤੀਆਂ ਸਨ। ਕੰਜ਼ਰਵੇਟਿਵ ਪਾਰਟੀ ਨੇ 33 ਫ਼ੀ ਸਦੀ ਵੋਟਾਂ ਲੈ ਕੇ 28 ਸੀਟਾਂ ਜਿੱਤੀਆਂ ਸਨ। ਗਰੀਨ ਪਾਰਟੀ ਨੇ ਪਹਿਲਾਂ ਵੀ 2 ਸੀਟਾਂ ਜਿੱਤੀਆਂ ਸਨ ਤੇ ਇਸ ਵਾਰ ਵੀ 2 ਹੀ ਜਿੱਤੀਆਂ ਹਨ ਤੇ ਵੋਟਾਂ ਦੀ ਪ੍ਰਤੀਸ਼ਤਤਾ ਵੀ ਦੋਵੇਂ ਵਾਰ ਬਰਾਬਰ ਹੈ। ਕੰਜ਼ਰਵੇਟਿਵ ਪਾਰਟੀ ਨੂੰ ਹੁਣ ਤੱਕ ਦੇ ਨਤੀਜਿਆਂ ਮੁਤਾਬਕ 12 ਸੀਟਾਂ ਦਾ ਲਾਭ ਹੋਇਆ ਹੈ ਤੇ ਐੱਨ.ਡੀ.ਪੀ.ਨੂੰ 17 ਸੀਟਾਂ ਦਾ ਨੁਕਸਾਨ ਹੋ ਰਿਹਾ ਹੈ। ਪਹਿਲੀ ਵਾਰ ਪੰਜਾਬੀਆਂ/ਸਿੱਖਾਂ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ ਤੇ ਉਹ ਵੱਡੀ ਮਾਤਰਾ ਵਿੱਚ ਪ੍ਰਤੀਨਿਧਤਾ ਕਰਨ ਜਾ ਰਹੇ ਹਨ। ਪੰਜਾਬੀ ਉਜਲ ਦੁਸਾਂਝ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੁੱਖ ਮੰਤਰੀ ਅਰਥਾਤ ਪ੍ਰੀਮੀਅਰ ਰਹੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ/ਸਿੱਖ ਪਹਿਲਾਂ ਵੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੰਤਰੀ ਰਹੇ ਹਨ। ਵਿਧਾਨ ਸਭਾ ਦੀ ਚੋਣ ਜਿੱਤੇ ਉਮੀਦਵਾਰਾਂ ਵਿੱਚ ਐੱਨ.ਡੀ.ਪੀ.ਦੇ ਲੁਧਿਆਣਾ ਜ਼ਿਲ੍ਹੇ ਦੇ ਗਹੌਰ ਪਿੰਡ ਦੇ ਜੰਮਪਲ ਬਰਨਬੀ ਨਿਊਵੈਸਟ ਹਲਕੇ ਤੋਂ ਰਾਜ ਚੌਹਾਨ ਨੇ ਦਿੱਲੀ ਦੇ ਜੰਮਪਲ ਤੇ ਕੰਜਰਵੇਟਿਵ ਪਾਰਟੀ ਦੇ ਦੀਪਕ ਸੂਰੀ, ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਓਣ ਦੇ ਸਰੀ ਫਲੀਟਵੁੱਡ ਹਲਕੇ ਤੋਂ ਜਗਰੂਪ ਸਿੰਘ ਬਰਾੜ ਨੇ ਜ਼ਿਲ੍ਹਾ ਮੋਗਾ ਦੇ ਪਿੰਡ ਕਾਲੇਕਾ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਵਤਾਰ ਸਿੰਘ ਗਿੱਲ, ਜ਼ਿਲ੍ਹਾ ਜਲੰਧਰ ਦੇ ਪਿੰਡ ਸੁੰਨੜ ਕਲਾਂ ਦੀ ਮਨੁੱਖੀ ਅਧਿਕਾਰਾਂ ਦੀ ਉੱਘੀ ਵਕੀਲ ਜਸਪ੍ਰੀਤ ਕੌਰ ਜੈਸੀ ਸੁੰਨੜ ਨੇ ਸਰੀ ਨਿਊਟਨ ਤੋਂ ਬਟਾਲਾ ਨਜ਼ਦੀਕ ਪਿੰਡ ਸ਼ੇਖ਼ੂਪੁਰ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਤੇਗਜੋਤ ਬੱਲ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਾਗੋਵਾਲ ਦੇ ਰਵਿੰਦਰ ਸਿੰਘ ਰਵੀ ਕਾਹਲੋਂ ਨੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਾਜ ਵੈਔਲੀ ਨੂੰ ਹਰਾ ਕੇ ਚੋਣ ਜਿੱਤ ਗਏ ਹਨ। ਐੱਨ.ਡੀ.ਪੀ. ਦੇ ਲੁਧਿਆਣਾ ਨਾਲ ਸੰਬੰਧਤ ਅਟਾਰਨੀ ਜਨਰਲ ਨਿੱਕੀ ਸ਼ਰਮਾ ਵੈਨਕੂਵਰ ਹੇਸਟਿੰਗਜ਼, ਜਗਰਾਉਂ ਦੀ ਧੀ ਉੱਘੀ ਸਮਾਜ ਸੇਵਿਕਾ ਸੁਨੀਤਾ ਧੀਰ ਵੈਨਕੂਵਰ ਲੰਗਾਰਾ, ਮਾਹਿਲਪੁਰ ਦੇ ਨੇੜਲੇ ਪਿੰਡ ਜੰਗਲੀਆਣਾ ਦੇ ਰਵੀ ਪਰਮਾਰ ਲੌਂਗਫੀਲਡ ਹਾਈਲੈਂਡ, ਅੰਮ੍ਰਿਤਸਰ ਦੀ ਰੀਆ ਅਰੋੜਾ ਬਰਨਬੀ ਈਸਟ ਵਿਧਾਨ ਸਭਾ ਹਲਕੇ ਤੋਂ ਅਤੇ ਜ਼ੀਰਾ ਨੇੜੇ ਜੌੜਾ ਪਿੰਡ ਦੀ ਧੀ ਹਰਵਿੰਦਰ ਕੌਰ ਸੰਧੂ ਵਰਨੋਨ ਮੋਨਾਸ਼ਰੀ ਤੋਂ ਜਿੱਤ ਗਏ ਹਨ। ਹਰਵਿੰਦਰ ਕੌਰ ਸੰਧੂ ਨਰਸ ਹਨ ਤੇ ਦੂਜੀ ਵਾਰ ਜੇਤੂ ਰਹੇ ਹਨ। ਜੈਸੀ ਸੁੰਨੜ ਹੈਰੀ ਬੈਂਸ ਦੇ ਪਦ ਚਿੰਨ੍ਹਾਂ 'ਤੇ ਚਲਦੀ ਹੋਈ ਜਿੱਤ ਰਹੀ ਹੈ, ਹੈਰੀ ਬੈਂਸ 2005 ਤੱਕ ਵਿਧਾਨਕਾਰ ਤੇ ਲੰਮਾ ਸਮਾਂ ਮੰਤਰੀ ਰਿਹਾ ਹੈ। ਸੁਨੀਤਾ ਧੀਰ 48.2 ਫ਼ੀ ਸਦੀ ਵੋਟਾਂ ਲੈ ਕੇ ਜਿੱਤੀ ਹੈ। ਰਾਜ ਚੌਹਾਨ 2005 ਤੋਂ ਲਗਾਤਾਰ ਜਿੱਤਦਾ ਆ ਰਿਹਾ ਹੈ। ਜਗਰੂਪ ਸਿੰਘ ਬਰਾੜ ਇੱਕ ਐੱਨ.ਜੀ.ਓ ਸਰੀ ਸੈਲਫ ਇੰਪਲਾਇਮੈਂਟ ਐਂਟਪ੍ਰੀਨਿਊਰ ਸੋਸਾਇਟੀ ਦਾ ਡਾਇਰੈਕਟਰ ਹੈ। ਜਗਰੂਪ ਸਿੰਘ ਬਰਾੜ 7ਵੀਂ ਚੁਣੇ ਗਏ ਹਨ। ਜਗਰੂਪ ਸਿੰਘ ਬਰਾੜ ਰਾਜ ਮੰਤਰੀ ਸਨ ਅਤੇ ਭਾਰਤ ਦੀ ਪੁਰਸ਼ ਬਾਸਕਟਬਾਲ ਟੀਮ ਦੇ ਮੈਂਬਰ ਵੀ ਰਹੇ ਹਨ। ਦਿਓਣ ਪਿੰਡ ਦੇ ਟਿੱਬਿਆਂ ਦਾ ਜੰਮਿਆ ਜਗਰੂਪ ਸਿੰਘ ਬਰਾੜ ਗੁਲਾਬ ਦੇ ਫੁੱਲ ਦੀ ਤਰ੍ਹਾਂ ਕੈਨੇਡਾ ਦੀ ਸਿਆਸਤ ਨੂੰ ਸੁਗੰਧਤ ਕਰ ਰਿਹਾ ਹੈ। ਰਵੀ ਕਾਹਲੋਂ ਵੀ ਸਾਬਕਾ ਮੰਤਰੀ ਰਿਹਾ ਹੈ। ਮਨਦੀਪ ਸਿੰਘ ਧਾਲੀਵਾਲ ਭਾਰਤ ਵਿੱਚ ਕੌਮੀ ਪੱਧਰ ਦਾ ਖਿਡਾਰੀ ਰਿਹਾ ਹੈ ਤੇ ਉਸ ਨੇ ਖਾਲਸਾ ਏਡ ਲਈ 1 ਲੱਖ ਡਾਲਰ ਇਕੱਤਰ ਕੀਤੇ ਹਨ। ਰੀਆ ਅਰੋੜਾ ਬੀ.ਸੀ.ਫ਼ੈਡਰੇਸ਼ਨ ਆਫ਼ ਲੇਬਰ ਆਰਗੇਨਾਈਜ਼ੇਸ਼ਨ ਦੀ ਡਾਇਰੈਕਟਰ ਰਹੀ ਹੈ। ਰਾਜ ਚੌਹਾਨ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਪੀਕਰ ਸਨ ਅਤੇ 6ਵੀਂ ਵਾਰ ਚੋਣ ਜਿੱਤਿਆ ਹੈ। ਇਸ ਤੋਂ ਇਲਾਵਾ ਉਹ 2013 ਤੋਂ 2017 ਤੱਕ ਵਿਧਾਨ ਸਭਾ ਦੇ ਸਹਾਇਕ ਡਿਪਟੀ ਸਪੀਕਰ ਰਹੇ ਹਨ। ਉਹ 2017 ਤੋਂ 2020 ਦੌਰਾਨ ਡਿਪਟੀ ਸਪੀਕਰ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਦੇ ਤਿੰਨ ਪੰਜਾਬੀ ਸਿੱਖ ਮੰਤਰੀ ਰਾਜ ਚੌਹਾਨ, ਨਿੱਕੀ ਸ਼ਰਮਾ ਅਤੇ ਜਗਰੂਪ ਸਿੰਘ ਬਰਾੜ ਚੋਣ ਜਿੱਤ ਗਏ ਹਨ। ਚੋਣ ਹਾਰਨ ਵਾਲਿਆਂ ਵਿੱਚ ਮੰਤਰੀ ਰਚਨਾ ਸਿੰਘ ਸ਼ਾਮਲ ਹਨ। ਚੋਣ ਜਿੱਤਣ ਵਾਲਿਆਂ ਵਿੱਚ ਸਭ ਤੋਂ ਛੋਟੀ ਉਮਰ ਦਾ 30 ਸਾਲ ਦਾ ਰਵੀ ਪਰਮਾਰ ਹੈ, ਜੋ 51 ਫ਼ੀ ਸਦੀ ਵੋਟਾਂ ਲੈ ਕੇ ਜਿੱਤਿਆ ਹੈ। ਉਹ ਅੰਤਰਰਾਸ਼ਟਰੀ ਕਬੱਡੀ ਪਲੇਅਰ ਵੀ ਰਿਹਾ ਹੈ। ਹਰਮਨ ਸਿੰਘ ਭੰਗੂ ਫ਼ੁਟਬਾਲ ਕੋਚ ਰਿਹਾ ਹੈ। ਉਹ ਕਨਸਟਰਕਸ਼ਨ ਦਾ ਠੇਕੇਦਾਰ ਹੈ।

ਕੰਜ਼ਰਵੇਟਿਵ ਪਾਰਟੀ ਦੇ ਜਿਹੜੇ 5 ਉਮੀਦਵਾਰ ਜਿੱਤੇ ਹਨ, ਉਨ੍ਹਾਂ ਵਿੱਚ ਉੱਘੇ ਵਕੀਲ ਹੋਨਵੀਰ ਸਿੰਘ ਰੰਧਾਵਾ ਸਰੀ ਗਿੱਲਫੋਰਡ, ਮੁੱਲਾਂਪੁਰ ਦਾਖਾ ਨੇੜਲੇ ਪਿੰਡ ਰਕਬਾ ਦੀ ਹੋਣਹਾਰ ਧੀ ਡਾ. ਜੋਤੀ ਤੂਰ ਲੈਂਗਲੀ ਵਿਲੋਬਰਿਕ, ਅੰਤਰ-ਰਾਸ਼ਟਰੀ ਕਬੱਡੀ ਖਿਡਾਰੀ ਰਹੇ ਬਾਬਾ ਬਕਾਲਾ ਨੇੜਲੇ ਪਿੰਡ ਸਠਿਆਲਾ ਦੇ ਜੰਮਪਲ ਮਨਦੀਪ ਸਿੰਘ ਧਾਲੀਵਾਲ ਨੇ ਸਰੀ ਨੌਰਥ, ਜਲੰਧਰ ਜ਼ਿਲ੍ਹੇ ਦੇ ਪਿੰਡ ਪੂਰਨਪੁਰ ਦੇ ਹਰਮਨ ਸਿੰਘ ਭੰਗੂ ਲੈਂਗਲੀ ਐਟਬੋਟਸਫੋਰਡ ਅਤੇ ਉੱਘੇ ਵਕੀਲ ਤੇ ਰਿਚਮੰਡ ਕੁਈਨਜ਼ਬਰੋ ਤੋਂ ਸਟੈਵ ਕੂਨਰ ਸ਼ਾਮਲ ਹਨ। ਸਟੈਵ ਕੂਨਰ ਨੇ ਸੁਲਤਾਨਪੁਰ ਲੋਧੀ ਨਾਲ ਸੰਬੰਧਿਤ ਐੱਨ.ਡੀ.ਪੀ. ਉਮੀਦਵਾਰ ਅਮਨਦੀਪ ਸਿੰਘ ਨੂੰ ਹਰਾਇਆ ਹੈ। ਮਨਦੀਪ ਧਾਲੀਵਾਲ ਨੇ ਸਿੱਖਿਆ ਤੇ ਬਾਲ ਭਲਾਈ ਮੰਤਰੀ ਤੇ ਜਗਰਾਉਂ ਨੇੜੇ ਭੰਮੀਪੁਰਾ ਐੱਨ.ਡੀ.ਪੀ.ਉਮੀਦਵਾਰ ਰਚਨਾ ਸਿੰਘ ਨੂੰ ਹਰਾਇਆ ਹੈ। ਲਗਾਤਾਰ ਪੰਜਾਬੀ ਸਿੱਖ ਕੈਨੇਡਾ ਵਿੱਚ ਸਿਆਸੀ ਖੇਤਰ ਵਿੱਚ ਨਾਮਣਾ ਖੱਟ ਰਹੇ ਹਨ। ਇਸ ਲਈ ਕੈਨੇਡਾ ਵਿਖੇ ਪੜ੍ਹਾਈ ਕਰਨ ਜਾ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੀ ਜੱਦੋਜਹਿਦ ਤੋਂ ਪ੍ਰੇਰਨਾ ਲੈ ਕੇ ਸ਼ਾਂਤਮਈ ਢੰਗ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦਾ ਭਵਿੱਖ ਸੁਨਹਿਰੀ ਹੋ ਸਕੇ। ਨਵੇਂ ਚੁਣੇ ਗਏ ਵਿਧਾਇਕਾਂ ਨੂੰ ਪੰਜਾਬੀਆਂ ਵੱਲੋਂ ਸ਼ੁੱਭ ਕਾਮਨਾਵਾਂ।

**# ਸੰਪਰਕ : 94178-13072**

# ਮਨਿਸਟਰੀਅਲ ਕਾਮਿਆਂ ਵੱਲੋਂ ਸਰਕਾਰ ਖਿਲਾਫ਼ ਗੇਟ ਰੈਲੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਪੰਜਾਬ ਸਟੇਟ ਮਨਿਸਟਰੀਅਲ ਕ੍ਰਮਚਾਰੀ ਯੂਨੀਅਨ ਵੱਲੋਂ ਸਰਕਾਰ ਖਿਲਾਫ਼ ਮੁੜ ਸੰਘਰਸ਼ ਦਾ ਐਲਾਨ ਕਰ ਦਿੱਤਾ ਗਿਆ ਹੈ, ਜਿਸਦੇ ਚੱਲਦਿਆਂ ਡੀ.ਸੀ. ਦਫ਼ਤਰ ਵਿਖੇ ਭਰਵੀਂ ਗੇਟ ਰੈਲੀ ਕੀਤੀ ਗਈ।ਰੈਲੀ ਦੀ ਅਗਵਾਈ ਕਰਦਿਆਂ ਯੂਨੀਅਨ ਦੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਨੇ ਦੱਸਿਆ ਕਿ ਸੂਬਾ ਕਮੇਟੀ ਵੱਲੋਂ ਸਰਕਾਰ ਨਾਲ ਵਾਰ-ਵਾਰ ਮੀਟਿੰਗਾਂ ਕਰਨ ਦੇ ਬਾਵਜੂਦ ਵੀ ਮੰਗਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਕੀਤਾ ਜਾ ਰਿਹਾ, ਜਿਸ ਦੇ ਚੱਲਦਿਆਂ ਮਨਿਸਟਰੀਅਲ ਕਾਮਿਆਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਮਨਿਸਟਰੀਅਲ ਕਾਮੇ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਤਨਖਾਹ ਕਮਿਸ਼ਨ ਦਾ ਬਕਾਇਆ ਦੇਣ, ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨ, ਖਾਲੀ ਅਸਾਮੀਆਂ ਭਰਨ, ਤਰੱਕੀਆਂ ਕਰਨ ਆਦਿ ਵੱਖ-ਵੱਖ ਮੰਗਾਂ ਲਈ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ, ਜਿਸਦੇ ਚੱਲਦਿਆਂ ਸਰਕਾਰ ਨਾਲ ਕਈ ਵਾਰ ਮੀਟਿੰਗਾਂ ਵੀ ਹੋ ਚੁੱਕੀਆਂ ਹਨ, ਪ੍ਰੰਤੂ ਸਰਕਾਰ ਵੱਲੋਂ ਮਨਿਸਟਰੀਅਲ ਕ੍ਰਮਚਾਰੀਆਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ।ਉਨ੍ਹਾਂ ਦੱਸਿਆ ਕਿ ਸੂਬਾ ਬਾਡੀ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਵਿਧਾਨ ਸਭਾ ਜ਼ਿਮਨੀ ਚੋਣਾਂ ਦੌਰਾਨ ਸਰਕਾਰ ਨੂੰ ਘੇਰਿਆ ਜਾਵੇਗਾ, ਜਿਸਦੇ ਤਹਿਤ 22 ਅਤੇ 23 ਨੂੰ ਗੇਟ ਰੈਲੀ ਕੀਤੀ ਜਾਵੇਗੀ, ਜਦਕਿ 28 ਅਕਤੂਬਰ ਨੂੰ ਸਰਕਾਰ ਖਿਲਾਫ਼ ਸ਼ਹਿਰ ਵਿੱਚ ਝੰਡਾ ਮਾਰਚ ਕੀਤਾ ਜਾਵੇਗਾ।ਇਸ ਤੋਂ ਇਲਾਵਾ 29 ਅਤੇ 30 ਅਕਤੂਬਰ ਨੂੰ ਪੰਜਾਬ ਦੇ ਸਮੁੱਚੇ ਮਨਿਸਟਰੀਅਲ ਕਾਮੇ ਸਮੂਹਿਕ ਛੁੱਟੀ ਲੈ ਕੇ ਦਫ਼ਤਰੀ ਕੰਮਕਾਜ ਨੂੰ ਠੱਪ ਕਰਨਗੇ। ਜੇਕਰ ਸਰਕਾਰ ਵੱਲੋਂ ਫਿਰ ਵੀ ਮਨਿਸਟਰੀਅਲ ਕਾਮਿਆਂ ਦੀਆਂ ਮੰਗਾਂ ਨਾ ਮੰਨੀਆਂ ਤਾਂ 8 ਨਵੰਬਰ ਨੂੰ ਬਰਨਾਲਾ ਵਿਖੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਖਿਲਾਫ਼ ਪ੍ਰਚਾਰ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਵਿੱਚ ਪੰਜਾਬ ਦਾ ਸਮੁੱਚਾ ਮਨਿਸਟਰੀਅਲ ਵਰਗ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਮਲ ਹੋਵੇਗਾ।

# ਪੁਤਲੇ ਫੂਕ ਕੇ ਸਰਕਾਰ ਦਾ ਪਿੱਟ-ਸਿਆਪਾ ਕਰਨਗੇ ਮੁਲਾਜ਼ਮ ਤੇ ਪੈਨਸ਼ਨਰਜ਼ : ਭੰਗੂ, ਘੁਮਾਣ

**ਚੌਂਕੀਮਾਨ (ਬਲਬੀਰ ਮਾਨ)**

ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਪ੍ਰਧਾਨ ਹਰਦਿਆਲ ਸਿੰਘ ਘੁਮਾਣ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਮੀਟਿੰਗ ਦੇ ਫੈਸਲਿਆਂ ਅਨੁਸਾਰ ਦੱਸਿਆ ਕਿ ਸਰਕਾਰ ਦੀ ਵਾਅਦਾਖਿਲਾਫ਼ੀ ਤੇ ਵਾਰ-ਵਾਰ ਮੀਟਿੰਗਾਂ ਦੇ ਕੇ ਭੱਜਣ ਦੇ ਖਿਲਾਫ਼ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਪੰਜਾਬ ਅੰਦਰ ਹੋ ਰਹੀਆਂ ਚਾਰ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਸਰਕਾਰ ਨੂੰ ਘੇਰਿਆ ਜਾਵੇਗਾ, ਜਿਸ ਤਹਿਤ 03 ਨਵੰਬਰ ਨੂੰ ਚੱਬੇਵਾਲ, 07 ਨਵੰਬਰ ਨੂੰ ਗਿੱਦੜਵਾਹਾ, 09 ਨਵੰਬਰ ਨੂੰ ਡੇਰਾ ਬਾਬਾ ਨਾਨਕ ਤੇ 10 ਨਵੰਬਰ ਨੂੰ ਬਰਨਾਲਾ ਵਿਧਾਨ ਸਭਾ ਹਲਕਿਆਂ ਅੰਦਰ ਝੰਡਾ ਮਾਰਚ ਕਰਕੇ ਰੋਸ ਪ੍ਰਦਰਸਨ ਕੀਤੇ ਜਾਣਗੇ।ਇਸ ਮੌਕੇ ਸੂਬਾਈ ਆਗੂ ਸੁਰਿੰਦਰਪਾਲ ਸਿੰਘ, ਬਲਬੀਰ ਸਿੰਘ ਮਾਨ, ਸਰਕਲ ਯੂਨਿਟ ਲੁਧਿਆਣਾ ਦੇ ਸਕੱਤਰ ਬਲਵਿੰਦਰ ਸਿੰਘ ਇਯਾਲੀ ਨੇ ਆਖਿਆ ਕਿ ਝੰਡਾ ਮਾਰਚ ਦੌਰਾਨ ਸਰਕਾਰ ਦੀਆਂ ਨੀਤੀਆਂ ਨੂੰ ਲੋਕ ਕਚਹਿਰੀ ਵਿੱਚ ਨੰਗਾ ਕੀਤਾ ਜਾਵੇਗਾ, ਝੂਠਾਂ ਦੀ ਪੰਡ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਫ਼ਿਰ ਤੋਂ ਨਾ ਵੋਟਾਂ ਪਾਉਣ ਲਈ ਪ੍ਰੇਰਿਆ ਜਾਵੇਗਾ।ਇੱਕ ਵੱਖਰੇ ਮਤੇ ਰਾਹੀਂ ਅਖੌਤੀ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਪੈਨਸ਼ਨ ਵਿਰੋਧੀ ਦਿੱਤੇ ਬਿਆਨ ਦੀ ਨਿਖੇਧੀ ਕੀਤੀ ਗਈ ਤੇ ਸਾਂਝੇ ਕਿਸਾਨ ਮੋਰਚੇ ਦੇ ਆਗੂਆਂ ਨੂੰ ਇਸ ਸਬੰਧੀ ਆਪਣੀ ਨੀਤੀ ਸਪੱਸ਼ਟ ਕਰਨ ਲਈ ਕਿਹਾ ਗਿਆ ।ਇਹ ਪਹਿਲੀ ਵਾਰ ਹੈ ਜਦੋਂ ਤਿਉਹਾਰਾਂ ਦੇ ਸਮੇਂ ਵੀ ਪੰਜਾਬ ਸਰਕਾਰ ਕੋਈ ਬਕਾਇਆ, ਕੋਈ ਮਹਿੰਗਾਈ ਭੱਤਾ ਜਾਂ ਕੋਈ ਹੋਰ ਰਾਹਤ ਮੁਲਾਜ਼ਮਾ ਤੇ ਪੈਨਸ਼ਨਾਂ ਨੂੰ ਨਹੀਂ ਦੇ ਰਹੀ।ਇਸ ਸਰਕਾਰ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਦੇ ਲਾਰੇ ਲਾਏ ਗਏ ਸਨ, ਪ੍ਰੰਤੂ ਸਭ ਕੁਝ ਇਸ ਤੋਂ ਉਲਟ ਹੋਇਆ ਹੈ। ਇਹ ਸਰਕਾਰ ਸਰਮਾਏਦਾਰੀ ਪੱਖੀ ਸਰਕਾਰ ਸਾਬਤ ਹੋਈ ਹੈ।ਇਸ ਸਰਕਾਰ ਵੱਲੋਂ ਖਜ਼ਾਨੇ ਦੀ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ ਅਤੇ ਤਰ੍ਹਾਂ ਤਰ੍ਹਾਂ ਦੇ ਮਾਫੀਏ ਲਗਾਤਾਰ ਪਣਪ ਰਹੇ ਹਨ।ਇਹ ਪਹਿਲੀ ਵਾਰ ਹੈ, ਜਦੋਂ ਤਨਖਾਹ ਕਮਿਸ਼ਨ ਦੀ ਸਿਫਾਰਿਸ਼ ਦੇ ਬਾਵਜੂਦ ਪੈਨਸ਼ਨਰਾਂ ਦੀ ਪੈਨਸ਼ਨ ਦੋਹਰਾਈ 2.59 ਗੁਣਾਂਕ ਨਾਲ ਨਹੀਂ ਕੀਤੀ ਜਾ ਰਹੀ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਨੀਤੀ ਨਰੋਲ ਧੋਖਾ ਹੈ ਤੇ ਮਾਣਭੱਤਾ/ਇਨਸੈਂਟਿਵ/ ਆਊਟਸੋਰਸ/ਇਨਲਿਸਟਮੈਂਟ ਤੇ ਕੇਂਦਰੀ ਸਕੀਮਾਂ ਤਹਿਤ ਕੰਮ ਕਰਦੇ ਮੁਲਾਜ਼ਮਾਂ ਦਾ ਰੁਜ਼ਗਾਰ ਦੇ ਨਾਂਅ ਉੱਤੇ ਸੋਸ਼ਣ ਲਗਾਤਾਰ ਜਾਰੀ ਹੈ, ਪੁਰਾਣੀ ਪੈਨਸ਼ਨ ਬਹਾਲ ਕਰਨ ਤੋਂ ਸਰਕਾਰ ਭੱਜ ਗਈ ਹੈ, ਤਨਖਾਹ ਕਮਿਸ਼ਨ ਦੇ 05 ਸਾਲ 06 ਮਹੀਨੇ ਦੇ ਬਕਾਏ ਨਹੀਂ ਦਿੱਤੇ ਜਾ ਰਹੇ, ਪੰਜਾਬ ਦੇ ਮੁਲਾਜ਼ਮ ਕੇਂਦਰ ਨਾਲੋਂ 15 ਪ੍ਰਤੀਸ਼ਤ ਮੰਗਾਈ ਭੱਤਾ ਘੱਟ ਲੈ ਰਹੇ ਹਨ ਅਤੇ ਮਹਿਗਾਈ ਭੱਤੇ ਦਾ ਪਿਛਲਾ ਬਕਾਇਆ ਸਰਕਾਰ ਦੇਣ ਵਾਸਤੇ ਤਿਆਰ ਨਹੀਂ, ਪ੍ਰਵੇਸ਼ਨਲ ਸਮੇਂ ਦੌਰਾਨ ਪੂਰੀ ਤਨਖਾਹ ਭੱਤੇ ਦੇਣ ਸਬੰਧੀ ਮਾਨਯੋਗ ਅਦਾਲਤ ਦੇ ਫੈਸਲੇ ਨੂੰ ਮੰਨਣ ਦੀ ਥਾਂ ਉੱਚ ਅਦਾਲਤ ਵਿੱਚ ਇਹ ਸਰਕਾਰ ਵੱਲੋਂ ਲਿਜਾਇਆ ਜਾ ਰਿਹਾ ਹੈ। 28-29 ਅਕਤੂਬਰ ਨੂੰ ਪੂਰੇ ਪੰਜਾਬ ਵਿੱਚ ਮੰਡਲ ਪੱਧਰ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪੁਤਲੇ ਫੂਕ ਕੇ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰਜ਼ ਮੁੱਖ ਮੰਤਰੀ ਭਗਵੰਤ ਮਾਨ ਦੀ ਵਾਅਦਾਖਿਲਾਫ਼ੀ ਵਿਰੁੱਧ ਪਿੱਟ ਸਿਆਪਾ ਕਰਕੇ ਕਾਲ਼ੀ ਦੀਵਾਲੀ ਮਨਾਉਣ ਲਈ ਮਜਬੂਰ ਹੋਣਗੇ।



# ਮੰਗਾਂ ਮੰਨਣ ਤੱਕ 25 ਮੰਤਰੀਆਂ ਤੇ 26 ਟੋਲ ਪਲਾਜ਼ਿਆਂ 'ਤੇ ਧਰਨੇ ਰਹਿਣਗੇ ਜਾਰੀ : ਉਗਰਾਹਾਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਝੋਨੇ ਦੀ ਖਰੀਦ ਡੀ ਏ ਪੀ ਤੇ ਹੋਰਨਾਂ ਕਿਸਾਨੀ ਮੰਗਾਂ ਨੂੰ ਲੈ ਕੇ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਗੋਬਿੰਦਪੁਰਾ ਪੈਂਦ ਟੋਲ ਪਲਾਜ਼ਾ 'ਤੇ ਧਰਨਾ ਸੱਤਵੇਂ ਦਿਨ ਵੀ ਜਾਰੀ ਰਿਹਾ।

ਜਥੇਬੰਦੀ ਦੇ ਕੌਮੀ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਕਿਸਾਨਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਸਿੱਧੇ ਨਹੀਂ, ਅਸਿੱਧੇ ਤੌਰ 'ਤੇ ਖੇਤੀ ਕਾਨੂੰਨ ਲਾਗੂ ਕਰਨ ਲਈ ਤਤਪਰ ਹੋਈ ਪਈ ਹੈ।ਕੇਂਦਰ ਸਰਕਾਰ ਪੰਜਾਬੀਆਂ ਤੋਂ ਪਾਣੀ ਤੇ ਧਰਤੀ ਖੋਹਣ ਲਈ ਕੋਝੀ ਹਰਕਤ ਕਰ ਰਹੀ ਹੈ, ਪਰ ਕਿਸਾਨ ਉਸਨੂੰ ਦੱਸ ਦੇਣਾ ਚਹੁੰਦੇ ਹਾਂ ਕਿ ਪੰਜਾਬ ਜ਼ਮੀਨ ਤੇ ਜਮੀਰ ਦੀ ਲੜਾਈ ਲੜਣੀ ਜਾਣਦਾ ਹੈ।ਕੇਂਦਰੀ ਹਕੂਮਤ ਇਹ ਨਾ ਸੋਚੇ ਕਿ ਉਹ ਪੰਜਾਬ ਦੇ ਕਿਸਾਨਾਂ ਨੂੰ ਜ਼ਮੀਨ ਚੋਂ ਕੱਢ ਦੇਵੇਗੀ।ਇਹ ਧਰਨੇ ਉਨ੍ਹਾਂ ਚਿਰ ਚੱਲਦੇ ਰਹਿਣਗੇ, ਜਿੰਨਾ ਚਿਰ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਝੋਨੇ ਦੀ ਖਰੀਦ ਸਹੀ ਢੰਗ ਨਾਲ ਤੇ ਡੀ ਏ ਪੀ ਦੀ ਸੁਸਾਇਟੀਆਂ ਵਿੱਚ ਨਹੀਂ ਪੁਚਾਇਆ ਜਾਂਦਾ, ਓਨਾ ਚਿਰ ਜਥੇਬੰਦੀ ਵੱਲੋਂ 26 ਟੋਲ ਪਲਾਜੇ ਅਤੇ 25 ਮੰਤਰੀਆ ਅਤੇ ਬੀ ਜੇ ਪੀ ਦੇ ਲੀਡਰਾਂ ਦੇ ਘਰਾ ਸਾਹਮਣੇ ਧਰਨੇ ਜਾਰੀ ਰੱਖੇ ਜਾਣਗੇ।

## ਕਾਤਰਾਂ

### ਸਰਕਾਰੀ ਹਾਈ ਸਕੂਲ ਕੋਟਲਾ ਸ਼ਮਸ਼ਪੁਰ 'ਚ ਮਾਪੇ-ਅਧਿਆਪਕ ਮਿਲਣੀ

**ਸਮਰਾਲਾ (ਸੁਰਜੀਤ ਸਿੰਘ)**-ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਹਾਈ ਸਕੂਲ ਕੋਟਲਾ ਸ਼ਮਸ਼ਪੁਰ ਵਿਖੇ ਮਾਪੇ-ਅਧਿਆਪਕ ਮਿਲਣੀ ਕਰਾਈ ਗਈ, ਜਿਸ ਵਿੱਚ ਮਾਪੇ ਤੇ ਅਧਿਆਪਕਾਂ ਨੇ ਰਲਕੇ ਛੇਵੀ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜ਼ਾਰੀ, ਭਾਵਨਾਤਮਕ ਵਿਕਾਸ, ਸਤੰਬਰ ਟੈਸਟ ਦੀ ਰਿਪੋਰਟ, 100 ਪ੍ਰਤੀਸ਼ਤ ਹਾਜਰੀ, ਸਾਲਾਨਾ ਇਮਤਿਹਾਨ ਦੀ ਤਿਆਰੀ ਪ੍ਰਤੀ ਚਰਚਾ ਕੀਤੀ ਗਈ।ਅਧਿਆਪਕਾਂ ਨੇ ਬੱਚਿਆਂ ਦੇ ਸਰਬਪੱਖੀ ਵਿਕਾਸ ਤੇ ਸਾਲਾਨਾ ਪ੍ਰੀਖਿਆ ਦੀ ਤਿਆਰੀ ਸਬੰਧੀ ਮਾਪਿਆਂ ਨਾਲ ਨੁਕਤੇ ਸਾਂਝੇ ਕੀਤੇ।ਸਕੂਲ ਦੇ ਪੁਰਾਣੇ ਵਿਦਿਆਰਥੀਆਂ ਅਤੇ ਬਲਾਕ ਨੋਡਲ ਅਫ਼ਸਰ ਪ੍ਰਿੰਸੀਪਲ ਰਜਿੰਦਰ ਸਿੰਘ ਨੇ ਆਪਣੀ ਜ਼ਿੰਦਗੀ ਦੇ ਤਜਰਬੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ।ਵਿਦਿਆਰਥੀਆਂ ਦੇ ਮਾਪਿਆਂ ਨੇ ਸਕੂਲ ਦੀ ਕਾਰਗੁਜ਼ਾਰੀ ਤੇ ਉਨ੍ਹਾਂ ਦੀ ਪੜ੍ਹਾਈ ਬਾਰੇ ਆਪਣੀ ਤਸੱਲੀ ਪ੍ਰਗਟਾਈ।

### ਰਾਹਗੀਰਾਂ ਨੂੰ ਵਰਤਾਇਆ ਲੰਗਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਾਰਤਿਕ ਦਾ ਮਹੀਨਾ ਸ਼ੁਭ ਮਹੀਨਾ ਮੰਨਿਆ ਜਾਂਦਾ ਹੈ। ਇਸ ਮਹੀਨੇ ਸਰਬੱਤ ਦੇ ਭਲੇ ਲਈ ਸ਼ਾਮ ਨਰਸਿੰਗ ਹੋਮ ਰੇਲਵੇ ਰੋਡ ਮੋਗਾ ਵਿਖੇ ਡਾ. ਸ਼ਾਮ ਸੁੰਦਰ ਗਰਗ ਐਮ.ਡੀ, ਡਾ. ਸੀਮਾਂਤ ਗਰਗ ਐਮ.ਡੀ, ਡਾ. ਮੋਨਿਕਾ ਗਰਗ ਐਮ.ਡੀ. ਦੀ ਅਗਵਾਈ 'ਚ ਸਮੂਹ ਸਟਾਫ਼ ਨੇ ਲੰਗਰ ਲਾਇਆ ਅਤੇ ਰਾਹਗੀਰਾਂ ਨੂੰ ਵਰਤਾਇਆ। ਇਸ ਮੌਕੇ ਰਾਜ ਕੁਮਾਰ ਰਾਜੂ, ਗੁਰਪਾਲ ਸਿੰਘ, ਗੌਰਵ ਕੁਮਾਰ, ਅਜੇ ਕੁਮਾਰ, ਸਵਰਨ ਸਿੰਘ, ਅਰੁਣ ਕੁਮਾਰ, ਸੰਨੀ ਕੁਮਾਰ, ਅਨਿਲ ਕੁਮਾਰ, ਧਰਮਵੀਰ, ਪ੍ਰਿੰਸ ਕੁਮਾਰ, ਲਵਪ੍ਰੀਤ ਕੌਰ, ਵੀਰਪਾਲ ਕੌਰ, ਸ਼ਸ਼ੀ ਰਾਣੀ, ਅਨੀਤਾ ਰਾਣੀ, ਨਵਜੋਤ ਕੌਰ, ਮਨਵੀਰ ਕੌਰ, ਡਾ. ਧਰਮਵੀਰ ਸਿੰਘ ਤੋਂ ਇਲਾਵਾ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ। ਡਾ. ਸ਼ਾਮ ਸੁੰਦਰ ਗਰਗ ਤੇ ਡਾ. ਸੀਮਾਂਤ ਗਰਗ ਨੇ ਕਿਹਾ ਕਿ ਕਾਰਤਿਕ ਮਹੀਨਾ ਬਹੁਤ ਹੀ ਸ਼ੁਭ ਮਹੀਨਾ ਹੈ ਤੇ ਇਸ ਮਹੀਨੇ ਵਿਚ ਦਾਨ ਪੁੰਨ ਕਰਨਾ ਚੰਗਾ ਦੱਸਿਆ ਗਿਆ ਹੈ।

### ਕੁਰੜ ਸਕੂਲ ਦੀਆਂ ਮੰਗਾਂ ਬਾਰੇ ਸਰਪੰਚ ਨੂੰ ਜਾਣੂ ਕਰਾਇਆ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਪ੍ਰਾਇਮਰੀ ਸਕੂਲ ਕੁਰੜ ਵਿਖੇ ਕਰਾਏ ਗਏ ਇਕ ਸਮਾਗਮ ਦੌਰਾਨ ਨਵੀਂ ਚੁਣੀ ਪੰਚਾਇਤ ਨੇ ਸ਼ਮੂਲੀਅਤ ਕੀਤੀ।ਮੁੱਖ ਅਧਿਆਪਕ ਦਲਜੀਤ ਕੌਰ ਨੇ ਉਨ੍ਹਾਂ ਨੂੰ ਸਕੂਲ ਵਿੱਚ ਹੋਣ ਵਾਲੇ ਕੰਮਾਂ ਬਾਰੇ ਦੱਸਿਆ ਤੇ ਸਰਪੰਚ ਸੁਖਵਿੰਦਰ ਦਾਸ ਬਾਵਾ ਨੇ ਪਹਿਲ ਦੇ ਅਧਾਰ 'ਤੇ ਕੰਮ ਕਰਨ ਦਾ ਭਰੋਸਾ ਦਿੱਤਾ।ਮੁੱਖ ਅਧਿਆਪਕ ਨੇ ਨਵੇਂ ਚੱਲ ਰਹੇ ਪ੍ਰੋਜੈਕਟ ਬਾਰੇ ਬੱਚਿਆਂ ਦੀ ਪੇਪਰਾਂ ਵਿੱਚ ਕਾਰਗੁਜ਼ਾਰੀ ਬਾਰੇ ਜਾਣੂ ਕਰਾਇਆ। ਸਕੂਲ ਸਟਾਫ਼, ਮੋਹਤਬਰਾਂ ਦੀ ਅਗਵਾਈ ਹੇਠ ਨਵੇਂ ਸਰਪੰਚ ਸੁਖਵਿੰਦਰ ਦਾਸ ਬਾਵਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

# ਮੁੱਖ ਮੰਤਰੀ ਦੇ ਹਲਕੇ 'ਚ ਗੱਜੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੰਡੀਆਂ ਵਿੱਚ ਝੋਨੇ ਦੀ ਹੋ ਰਹੀ ਦੁਰਦਸ਼ਾ ਬਾਰੇ ਮੁੱਖ ਮੰਤਰੀ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਝੋਨੇ ਦੀ ਖਰੀਦ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ 6 ਮਹੀਨੇ ਪਹਿਲਾਂ ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਨੀਂ ਚਾਹੀਦੀ ਸੀ, ਪਰ ਮੁੱਖ ਮੰਤਰੀ ਨੇ ਅਣਗਹਿਲੀ ਵਰਤਦਿਆਂ ਖਰੀਦ ਸ਼ੁਰੂ ਹੋਣ ਤੋਂ 15 ਦਿਨਾਂ ਬਾਅਦ ਵੀ ਸਬੰਧਤ ਮਹਿਕਮਿਆਂ ਤੋਂ ਬਗੈਰ ਮੰਤਰੀਆ ਨਾਲ ਮੁਲਾਕਾਤ ਕਰਕੇ ਸਿਰਫ਼ ਖਾਨਾਪੂਰਤੀ ਹੀ ਕੀਤੀ ਹੈ।ਇਸ ਮੌਕੇ ਵੱਖ-ਵੱਖ ਜੱਥੇਬੰਦੀਆਂ ਵੱਲੋਂ ਸ੍ਰੀ ਬਾਜਵਾ ਨਾਲ ਮੁਲਾਕਾਤ ਕਰਦਿਆਂ ਆਪਣੇ ਆਪਣੇ ਕਿੱਤਿਆਂ ਵਿੱਚ ਦਰਪੇਸ਼ ਮੁਸ਼ਕਲਾਂ ਬਾਰੇ ਮੰਗ ਪੱਤਰ ਵੀ ਸੌਂਪੇ।

ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਨਸੀਹਤ ਦਿੰਦਿਆਂ ਕਿਹਾ ਕਿ ਜਿਹੜੇ ਹਲਕੇ ਦੇ ਲੋਕਾ ਨੇ ਤੁਹਾਨੂੰ ਮੁੱਖ ਮੰਤਰੀ ਬਣਾਇਆ, ਤੁਸੀ ਅੱਜ ਤੱਕ ਉਸ ਹਲਕੇ ਦੀ ਮੰਡੀ ਦਾ ਦੌਰਾ ਕਰਨਾ ਵੀ ਮੁਨਾਸਬ ਨਹੀਂ ਸਮਝਿਆ।ਉਨ੍ਹਾਂ ਮੁੱਖ ਮੰਤਰੀ ਤੋਂ ਧੂਰੀ ਮੰਡੀ ਦਾ ਦੌਰਾ ਨਾ ਕਰਨ ਦੀ ਸੂਰਤ 'ਚ ਅਸਤੀਫੇ ਦੀ ਮੰਗ ਵੀ ਕੀਤੀ।

ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਸ਼ਬਦੀ ਹਮਲਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਵੱਲੋ. ਪੰਜਾਬ ਵਿੱਚ ਚਾਰ ਨਵੀਆਂ ਖੰਡ ਮਿੱਲਾਂ ਲਾਉਣ ਦੀ ਗੱਲ ਕਹੀ ਜਾ ਰਹੀ ਸੀ, ਪਰ ਸ਼ਰਮ ਦੀ ਗੱਲ ਹੈ ਕਿ ਉਹ ਆਪਣੇ ਹਲਕੇ ਧੂਰੀ ਦੀ ਖੰਡ ਮਿੱਲ ਨੂੰ ਵੀ ਬਚਾਉਣ ਵਿੱਚ ਉਹ ਅਸਫ਼ਲ ਹੋਏ ਹਨ।

ਕਾਂਗਰਸ ਛੱਡਣ ਵਾਲੇ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਵੱਲੋਂ ਹਾਲ ਹੀ ਦੌਰਾਨ 'ਆਪ' ਤੋਂ ਦੂਰੀਆਂ ਬਣਾਉਣ ਬਾਰੇ ਚੱਲ ਰਹੀਆਂ ਚਰਚਾਵਾਂ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਸ੍ਰੀ ਬਾਜਵਾ ਨੇ ਕਿਹਾ ਕਿ ਗੋਲਡੀ ਜਿਹੜੀ ਗੋਦੀ ਵਿੱਚ ਬੈਠਾ ਹੈ, ਉਥੇ ਹੀ ਬੈਠਾ ਰਹੇ, ਉਥੇ ਹੀ ਉਸ ਨੂੰ ਠੰਡੀਆਂ ਹਵਾਵਾਂ ਆਉਣਗੀਆਂ।

# ਮ੍ਰਿਤਕਾ ਦੇ ਪਰਵਾਰ ਨੇ ਲਾਸ਼ ਸੜਕ 'ਤੇ ਰੱਖ ਲਾਇਆ ਧਰਨਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ)**-ਸਿਵਲ ਹਸਪਤਾਲ ਦੇ ਸਾਹਮਣੇ ਮ੍ਰਿਤਕ ਲੜਕੀ ਦੇ ਪਰਿਵਾਰ ਵੱਲੋਂ ਘਰਵਾਲੇ ਅਤੇ ਸੱਸ ਦੇ ਖਿਲਾਫ ਧਾਰਾ 'ਚ ਵਾਧਾ ਤੇ ਉਨ੍ਹਾਂ ਦੀ ਗ੍ਰਿਫਤਾਰੀ ਨੂੰ ਲੈ ਕੇ ਲਾਸ਼ ਨੂੰ ਐਬੂਲੈਂਸ 'ਚ ਰੱਖ ਕੇ ਰੋਡ ਜਾਮ ਕੀਤਾ ਗਿਆ ਤੇ ਨਾਅਰੇਬਾਜ਼ੀ ਕੀਤੀ ਗਈ। ਮ੍ਰਿਤਕ ਲੜਕੀ ਅਮਨਜੋਤ ਕੌਰ ਦੇ ਪਿਤਾ ਨੇ ਦੱਸਿਆ ਕਿ ਨੌਂ ਸਾਲ ਪਹਿਲਾਂ ਉਸ ਦਾ ਵਿਵਾਹ ਗਗਨਦੀਪ ਸਿੰਘ ਨਾਲ ਹੋਇਆ ਗਗਨਦੀਪ ਸਿੰਘ ਦੇ ਕਿਸੇ ਹੋਰ ਲੜਕੀ ਨਾਲ ਨਜਾਇਜ਼ ਸੰਬੰਧ ਸੀ ਤੇ ਉਹ ਉਸ ਦੀ ਲੜਕੀ ਨੂੰ ਤੰਗ-ਪ੍ਰੇਸ਼ਾਨ ਕਰਦਾ ਸੀ। 15 ਅਕਤੂਬਰ ਨੂੰ ਉਹ ਉਸ ਦੀ ਕੁੜੀ ਨੂੰ ਡੀਐਮਸੀ ਲੈ ਗਏ, ਜਿੱਥੇ ਉਹ ਦਾਖਲ ਕਰਾਈ ਗਈ ਅਤੇ ਉਹ ਹੁਣ ਉਸ ਦੀ ਮੌਤ ਹੋ ਗਈ। ਉਨ੍ਹਾਂ ਨੇ ਕਿਹਾ ਕਿ ਪੁਲਿਸ ਵੱਲੋਂ ਗਲ ਫਾਹਾ ਲੈਣ ਦਾ ਮਾਮਲਾ ਦਰਜ ਕੀਤਾ ਗਿਆ, ਜਦਕਿ ਇਹ ਉਨ੍ਹਾਂ ਨੇ ਹੀ ਮਾਰਿਆ ਹੈ, ਉਹਨਾਂ ਦੀ ਧਾਰਾ 'ਚ ਵਾਧਾ ਕੀਤਾ ਜਾਵੇ ਤੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ। ਥਾਣਾ ਮੁਖੀ ਪ੍ਰਤੀਕ ਜਿੰਦਲ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ ਤੇ ਉਨ੍ਹਾਂ ਵੱਲੋਂ ਲਿਖਵਾਏ ਬਿਆਨਾਂ 'ਤੇ ਇਹੀ ਮਾਮਲਾ ਦਰਜ ਕੀਤਾ ਗਿਆ ਹੈ।

# ਵਾਰ-ਵਾਰ ਮੀਟਿੰਗਾਂ ਤੋਂ ਭੱਜਣ ਵਾਲੇ ਮੁੱਖ ਮੰਤਰੀ ਦੀ ਹਕੀਕਤ ਬਿਆਨ ਕਰਨਗੇ ਮੁਲਾਜ਼ਮ : ਸੁਖਜੀਤ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** ਵਾਰ-ਵਾਰ ਮੀਟਿੰਗਾਂ ਰੱਖ ਕੇ ਇਨ੍ਹਾਂ ਨੂੰ ਮੁਲਤਵੀ ਕਰਨ ਵਾਲੇ ਮੁੱਖ ਮੰਤਰੀ ਦੀ ਹਕੀਕਤ ਬਿਆਨ ਕਰਨ ਲਈ ਸੀ.ਪੀ.ਐਫ. ਕ੍ਰਮਚਾਰੀ ਯੂਨੀਅਨ, ਪੰਜਾਬ ਵੱਲੋਂ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਗਿਆ ਹੈ, ਜਿਸਦੇ ਤਹਿਤ ਸੀ.ਪੀ.ਐਫ. ਕ੍ਰਮਚਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਜੀਤ ਸਿੰਘ ਵੱਲੋਂ ਸ਼੍ਰੀ ਮੁਕਤਸਰ ਸਾਹਿਬ ਵਿਖੇ ਸਮੂਹ ਸੀ.ਪੀ.ਐਫ. ਕ੍ਰਮਚਾਰੀਆਂ ਦੇ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਸੰਗਤ ਰਾਮ, ਸੀ.ਪੀ.ਐਫ਼. ਪ੍ਰਧਾਨ ਜਿਲ੍ਹਾ ਕਪੂਰਥਲਾ, ਕਰਨ ਜੈਨ, ਪ੍ਰਧਾਨ ਜ਼ਿਲ੍ਹਾ ਫ਼ਰੀਦਕੋਟ, ਧਰਮਿੰਦਰ ਸਿੰਘ ਪ੍ਰਧਾਨ ਜ਼ਿਲ੍ਹਾ ਮਾਨਸਾ, ਜਗਸੀਰ ਸਿੰਘ ਭਾਂਗਰ ਜਿਲ੍ਹਾ ਫ਼ਿਰੋਜ਼ਪੁਰ ਤੇ ਕਿਰਨਾ ਰਾਣੀ ਪ੍ਰਧਾਨ ਇਸਤਰੀ ਵਿੰਗ ਸੀ.ਪੀ.ਐਫ. ਕ੍ਰਮਚਾਰੀ ਯੂਨੀਅਨ ਵਿਸ਼ੇਸ਼ ਤੌਰ 'ਤੇ ਆਪਣੀ ਲੀਡਰਸ਼ਿਪ ਸਮੇਤ ਸ਼ਾਮਲ ਹੋਏ।ਮੀਟਿੰਗ ਵਿੱਚ ਕ੍ਰਮਚਾਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਨੇ ਕਿਹਾ ਕਿ ਸੀ.ਪੀ.ਐਫ਼. ਕ੍ਰਮਚਾਰੀ ਯੂਨੀਅਨ ਪੰਜਾਬ ਵੱਲੋਂ ਕੁਝ ਮਹੀਨੇ ਪਹਿਲਾਂ ਮੁਹਾਲੀ ਦੇ ਵਾਈ.ਪੀ.ਐਸ. ਚੌਕ ਵਿੱਚ ਪ੍ਰਦਰਸ਼ਨ ਕੀਤਾ ਗਿਆ ਸੀ, ਜਿਸ ਵਿੱਚ ਮੁੱਖ ਮੰਤਰੀ ਵੱਲੋਂ ਯੂਨੀਅਨ ਨੂੰ ਮੀਟਿੰਗ ਦਾ ਸੱਦਾ ਦਿੱਤ ਗਿਆ, ਪ੍ਰੰਤੂ ਮੀਟਿੰਗ ਤੋਂ ਕੁਝ ਦਿਨ ਪਹਿਲਾਂ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਤੇ ਇਹ ਸਿਲਸਿਲਾ ਵਾਰ-ਵਾਰ ਚੱਲਦਾ ਰਿਹਾ, ਜਿਸ ਕਾਰਨ ਸੀ.ਪੀ.ਐਫ. ਕ੍ਰਮਚਾਰੀਆਂ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ, ਜਿਸਦੇ ਚੱਲਦਿਆਂ ਗਿੱਦੜਬਾਹਾ ਜਿਮਨੀ ਚੋਣਾਂ ਵਿੱਚ 6 ਨੰਬਰ ਨੂੰ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕਰਦਿਆਂ ਸਰਕਾਰ ਦਾ ਅਸਲੀਅਤ ਨੂੰ ਜੱਗ ਜ਼ਾਹਰ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਸੀ.ਪੀ.ਐਫ਼. ਕ੍ਰਮਚਾਰੀ ਯੂਨੀਅਨ ਦੇ ਸੰਘਰਸ਼ ਵਿੱਚ ਆਮ ਆਦਮੀ ਪਾਰਟੀ ਦੇ ਲੀਡਰਾਂ ਵੱਲੋਂ ਸਰਕਾਰ ਬਣਨ 'ਤੇ ਪੁਰਾਣੀ ਪੈਨਸ਼ਨ ਲਾਗੂ ਕਰਾਉਣ ਦਾ ਵਾਅਦਾ ਕੀਤਾ ਗਿਆ ਸੀ, ਪ੍ਰੰਤੂ ਸਰਕਾਰ ਬਣਨ ਦੇ ਢਾਈ ਸਾਲ ਤੋਂ ਵੀ ਜ਼ਿਆਦਾ ਸਮਾਂ ਹੋਣ ਜਾਣ ਦੇ ਬਾਵਜੂਦ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਨਹੀਂ ਕੀਤਾ ਗਿਆ, ਜਦਕਿ ਪੰਜਾਬ ਦੇ ਗੁਆਂਢੀ ਰਾਜਾਂ ਵਿੱਚ ਪੁਰਾਣੀ ਪੈਨਸ਼ਨ ਸਕੀਮ ਮੁਕੰਮਲ ਰੂਪ ਵਿੱਚ ਲਾਗੂ ਹੋ ਚੁੱਕੀ ਹੈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦੀਪਕ ਕੁਮਾਰ ਸੋਨੀ ਨੇ ਕ੍ਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗਾਂ ਤੋਂ ਟਾਲਾ ਵੱਟਣਾ ਸਰਕਾਰ ਦੀ ਮਨਸ਼ਾ ਨੂੰ ਜ਼ਾਹਰ ਕਰਦਾ ਹੈ, ਪ੍ਰੰਤੂ ਸੀ.ਪੀ.ਐਫ. ਕਾਮੇ ਵੀ ਆਪਣੇ ਸੰਘਰਸ਼ ਨੂੰ ਲੈ ਕੇ ਦ੍ਰਿੜ ਹਨ।ਉਨ੍ਹਾਂ ਕਿਹਾ ਕਿ 6 ਨਵੰਬਰ ਨੂੰ ਸੀ.ਪੀ.ਐਫ. ਕਰਮਚਾਰੀਆਂ ਵੱਲੋਂ ਇਤਿਹਾਸਕ ਇਕੱਠ ਕਰਦਿਆਂ ਸਰਕਾਰ ਦੀ ਪੋਲ ਖੋਲ੍ਹੀ ਜਾਵੇਗੀ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਜ਼ਿਮਨੀ ਚੋਣਾਂ 'ਚ ਵੱਡੇ ਪੱਧਰ 'ਤੇ ਵਿਰੋਧ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਤੇ ਟਰਾਂਸਮਿਸ਼ਨ ਪੰਜਾਬ ਦੇ ਪ੍ਰੈਸ ਸਕੱਤਰ ਜੋਗਿੰਦਰ ਸਿੰਘ ਮੱਲਣ ਨੇ ਦੱਸਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਾਂ ਦੀਆਂ ਮੰਗਾਂ ਨੂੰ ਹੱਲ ਨਹੀਂ ਕਰ ਰਹੀ ਮੰਗਾਂ ਮੰਨਣ ਤੋਂ ਕੰਨੀ ਕਤਰਾ ਰਹੀ ਹੈ।ਲਿਖਤੀ ਮੀਟਿੰਗਾਂ ਦੇ ਕੇ ਪੰਜਾਬ ਸਰਕਾਰ ਸਰਕਾਰ ਮੀਟਿੰਗਾ ਤੋ ਭੱਜ ਰਹੀ ਹੈ, ਜਿਵੇਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ 2.59 ਦਾ ਗੁਣਾਕ ਜਾਰੀ ਕਰਨਾ, ਸੋਧੀ ਹੋਈ ਪੈਨਸ਼ਨ ਦਾ ਬਕਾਇਆ ਦੇਣਾ, 15% ਡੀਏ ਦੇਣਾ, ਡੀਏ ਦੀਆਂ ਕਿਸ਼ਤਾਂ ਦਾ ਬਕਾਇਆ ਦੇਣਾ ਆਦਿ ਮੰਗਾ ਲਮਕ ਅਵਸਥਾ ਵਿੱਚ ਪਈਆਂ ਹਨ, ਜਿਸ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਅੰਦਰ ਪੰਜਾਬ ਸਰਕਾਰ ਖਿਲਾਫ਼ ਸਖਤ ਰੋਸ ਪਾਇਆ ਜਾ ਰਿਹਾ ਹੈ।

ਜੋਗਿੰਦਰ ਸਿੰਘ ਮੱਲਣ ਨੇ ਅੱਗੇ ਦੱਸਿਆ ਕਿ ਪੰਜਾਬ ਗੌਰਮੈਂਟ ਪੈਨਸ਼ਨਰ ਜੁਆਇੰਟ ਫਰੰਟ ਦੀ ਆਨਲਾਈਨ ਮੀਟਿੰਗ ਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨ ਸਾਂਝਾ ਫਰੰਟ ਦੀ ਮੀਟਿੰਗ ਹੋਈ, ਜਿਸ ਵਿੱਚ ਪਾਵਰਕਾਮ ਦੇ ਸੂਬਾ ਪ੍ਰਧਾਨ ਅਵਿਨਾਸ਼ ਚੰਦਰ ਸ਼ਰਮਾ, ਸੂਬਾ ਜਨਰਲ ਸਕੱਤਰ ਧਨਵੰਤ ਸਿੰਘ ਭੱਠਲ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਸ਼ਵਿੰਦਰ ਪਾਲ ਸਿੰਘ ਮੋਲੋਵਾਲੀਆ ਜੀ ਮੀਟਿੰਗਾਂ ਵਿੱਚ ਸ਼ਾਮਲ ਹੋਏ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਵਿੱਚ ਹੋ ਰਹੀਆਂ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਪੰਜਾਬ ਸਰਕਾਰ ਦਾ ਸਖਤ ਵਿਰੋਧ ਕੀਤਾ ਜਾਵੇਗਾ, ਜਿਸ ਵਿੱਚ ਤਿੰਨ ਨਵੰਬਰ ਨੂੰ ਚੱਬੇਵਾਲ, 7 ਨਵੰਬਰ ਨੂੰ ਗਿੱਦੜਵਾਹਾ, 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਤੇ 10 ਨਵੰਬਰ ਨੂੰ ਬਰਨਾਲਾ ਵਿਖੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਜਾਵੇਗਾ ਤੇ ਮਾਰਚ ਕੀਤਾ ਜਾਵੇਗਾ, ਜਿਸ ਵਿੱਚ ਪਾਵਰਕਾਮ ਤੇ ਟਰਾਂਸਮਿਸ਼ਨ ਰਜਿਸਟਰਡ 56 ਦੇ ਪੈਨਸ਼ਨਰ ਵੱਡੀ ਪੱਧਰ 'ਤੇ ਸ਼ਮੂਲੀਅਤ ਕਰਨਗੇ ਤੇ ਸਰਕਾਰ ਨੂੰ ਵਾਅਦਾਖਿਲਾਫ਼ੀ ਦਾ ਸਬਕ ਸਿਖਾਉਣਗੇ।

# ਪਰਮਵੀਰ ਚੱਕਰ ਪ੍ਰਾਪਤ ਸੂਬੇਦਾਰ ਜੋਗਿੰਦਰ ਸਿੰਘ ਦਾ 62ਵਾਂ ਸ਼ਹੀਦੀ ਦਿਹਾੜਾ ਮਨਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**

ਦੇਸ਼ ਦੇ ਸਰਵਉੱਚ ਸਨਮਾਨ ਬਹਾਦੁਰੀ ਪੁਰਸਕਾਰ ਪਰਮਵੀਰ ਚੱਕਰ ਵਿਜੇਤਾ ਸੂਬੇਦਾਰ ਜੋਗਿੰਦਰ ਸਿੰਘ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮੋਗਾ ਵਿਖੇ ਉਨਾਂ ਦੇ ਸਮਾਰਕ ਉੱਪਰ ਸਿਵਲ ਪ੍ਰਸ਼ਾਸਨ ਤੇ ਸਾਬਕਾ ਸੈਨਿਕਾਂ ਵੱਲੋਂ ਫੁੱਲ ਮਲਾਵਾਂ ਭੇਟ ਕਰਕੇ 62ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ।

ਵਧੀਕ ਡਿਪਟੀ ਕਮਿਸ਼ਨਰ (ਜ) ਪੀ.ਸੀ.ਐਸ. ਚਾਰੂ ਮਿਤਾ ਵੱਲੋਂ ਉਨ੍ਹਾਂ ਨੂੰ ਸ਼ਰਧਾਂਜ਼ਲੀਆਂ ਭੇਟ ਕੀਤੀਆਂ ਗਈਆਂ। ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਮੋਗਾ ਵੱਲੋਂ ਲੈਂਫ ਕਰਨਲ ਡਾਕਟਰ ਸੁਖਮੀਤ ਮਨਿਹਾਸ (ਰਿਟਾ), ਮੀਤ ਪ੍ਰਧਾਨ ਜ਼ਿਲਾ ਸੈਨਿਕ ਬੋਰਡ ਮੋਗਾ ਕਰਨਲ ਬਲਕਾਰ ਸਿੰਘ (ਰਿਟਾ), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਮੋਗਾ ਦੇ ਕਾਰਜ ਵਾਹਕ ਸੁਪਰਡੈਂਟ ਪਰਮਜੀਤ ਸਿੰਘ, ਸਮੂਹ ਸਟਾਫ਼ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ। ਇਸ ਤੋਂ ਇਲਾਵਾ ਹੋਰ ਸਾਬਕਾ ਸੈਨਿਕ ਵੀ ਇਸ ਮੌਕੇ ਹਾਜ਼ਰ ਸਨ।

ਵਧੀਕ ਡਿਪਟੀ ਕਮਿਸ਼ਨਰ (ਜ) ਚਾਰੂ ਮਿਤਾ ਨੇ ਦੱਸਿਆ ਕਿ ਸੂਬੇਦਾਰ ਜੋਗਿੰਦਰ ਸਿੰਘ, ਪਰਮਵੀਰ ਚੱਕਰ ਵਿਜੇਤਾ, ਇਕ ਮਹਾਨ ਯੋਧਾ ਸੀ, ਜਿਸ ਨੇ 1962 ਦੀ ਹਿੰਦ-ਚੀਨ ਜੰਗ ਦੌਰਾਨ ਬਹਾਦਰੀ ਨਾਲ ਲੜਦਿਆਂ ਆਪਣੇ ਪ੍ਰਾਣਾਂ ਦੀ ਬਲੀ ਦਿੱਤੀ। ਇਹ ਪਿੰਡ ਮਾਹਲਾ ਕਲਾਂ ਦੇ ਰਹਿਣ ਵਾਲੇ ਸਨ। ਉਹ ਪਹਿਲੀ ਸਿੱਖ ਰੈਜੀਮੈਂਟ ਵਿਚ ਭਰਤੀ ਹੋ ਗਏ ਸਨ। ਅਕਤੂਬਰ 1962 ਵਿੱਚ ਚੀਨ ਨੇ ਭਾਰਤ ਤੇ ਹਮਲਾ ਬੋਲ ਦਿੱਤਾ।

ਸੂਬੇਦਾਰ ਜੋਗਿੰਦਰ ਸਿੰਘ ਦੀ ਪਲਾਟੂਨ ਨੂੰ ਨੇਫ਼ਾ ਦੇ ਤੁਆਂਗ ਸੈਕਟਰ ਵਿੱਚ ਤੌਂਗਪੈਂਗ ਲਾ ਚੌਂਕੀ ਦੀ ਹਿਫ਼ਾਜ਼ਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ। 23 ਅਕਤੂਬਰ 1962 ਸਵੇਰੇ ਸਾਢੇ ਪੰਜ ਵਜੇ ਚੀਨੀ ਫੌਜ ਨੇ ਲਗਭਗ ਆਪਣੇ 200 ਸੈਨਿਕਾਂ ਨਾਲ ਉਨ੍ਹਾਂ ਦੀ ਚੌਂਕੀ ਤੇ ਧਾਵਾ ਬੋਲ ਦਿੱਤਾ। ਸੂਬੇਦਾਰ ਜੋਗਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀ ਜਵਾਨਾਂ ਨੇ ਬਹਾਦਰੀ ਨਾਲ ਲੜਦੇ ਹੋਏ ਦੁਸ਼ਮਣ ਦੇ ਦੋ ਹਮਲੇ ਪਛਾੜ ਦਿੱਤੇ। ਦੁਸ਼ਮਣ ਦੇ ਇਨ੍ਹਾਂ ਦੋ ਹਮਲਿਆਂ ਨੂੰ ਪਛਾੜਣ ਤੋਂ ਬਾਅਦ ਸੂਬੇਦਾਰ ਜੋਗਿੰਦਰ ਸਿੰਘ ਦੀ ਪਲਾਟੂਨ ਦਾ ਜਾਨੀ ਨੁਕਸਾਨ ਹੋ ਜਾਣ ਕਾਰਨ ਉਹਨਾਂ ਦੇ ਜਵਾਨਾਂ ਦੀ ਗਿਣਤੀ ਬਹੁਤ ਥੋੜੀ ਰਹਿ ਗਈ ਸੀ ਅਤੇ ਪੱਟ ਵਿੱਚ ਗੋਲੀਆਂ ਲੱਗਨ ਕਾਰਣ ਉਹ ਖੁਦ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਸਨ। ਫਿਰ ਵੀ ਉਨਾਂ ਨੇ ਦੁਸ਼ਮਣ ਦੇ ਤੀਜੇ ਹਮਲੇ ਦੌਰਾਨ ਆਪਣੇ ਬਚੇ ਹੋਏ ਜਵਾਨਾਂ ਨੂੰ ਹੱਲਾਸ਼ੇਰੀ ਦਿੰਦੇ ਹੋਏ, ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡ ਕੇ ਦੁਸ਼ਮਣ ਤੇ ਬੈਨਟਾਂ ਨਾਲ ਹਮਲਾ ਬੋਲ ਦਿੱਤਾ।

ਸੂਬੇਦਾਰ ਜੋਗਿੰਦਰ ਸਿੰਘ ਨੇ ਆਪਣੀ ਪਲਾਟੂਨ ਦੇ ਲਾਈਟ ਮਸ਼ੀਨ ਗੰਨ ਦੇ ਚਾਲਕ ਦੇ ਮਾਰੇ ਜਾਣ 'ਤੇ ਖੁਦ ਲਾਈਟ ਮਸ਼ੀਨ ਗੰਨ ਸੰਭਾਲੀ ਤੇ ਦੁਸ਼ਮਣ ਦਾ ਕਾਫੀ ਜਾਨੀ ਨੁਕਸਾਨ ਕੀਤਾ। ਇਸੇ ਦੌਰਾਨ ਉਹ ਦੁਸ਼ਮਣ ਦੇ ਘੇਰੇ ਵਿੱਚ ਆ ਗਏ ਅਤੇ ਆਖ਼ਰੀ ਦਮ ਤੱਕ ਦੁਸ਼ਮਣ ਨਾਲ ਲੜਦੇ ਹੋਏ ਵੀਰਗਤੀ ਨੂੰ ਪ੍ਰਾਪਤ ਹੋਏ। ਸੂਬੇਦਾਰ ਜੋਗਿੰਦਰ ਸਿੰਘ ਦੀ ਜੋਸ਼ੀਲੀ ਅਗਵਾਈ, ਸ਼ਲਾਘਾਯੋਗ ਵੀਰਤਾ ਤੇ ਬੇਮਿਸਾਲ ਫ਼ਰਜ਼ ਕਾਰਨ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਸ਼ਹੀਦ ਹੋਣ ਉਪਰੰਤ ਦੇਸ਼ ਦੇ ਸਰਵਉੱਚ ਬਹਾਦੁਰੀ ਪੁਰਸਕਾਰ ਪਰਮਵੀਰ ਚੱਕਰ ਪ੍ਰਦਾਨ ਕੀਤਾ ਗਿਆ।

# ਅਕਤੂਬਰ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਨਾ ਮਿਲਣ ਕਾਰਨ ਦੀਵਾਲੀ ਫਿੱਕੀ ਰਹਿਣ ਦੀ ਸੰਭਾਵਨਾ

**ਕੋਟਕਪੂਰਾ (ਰਛਪਾਲ ਭੁੱਲਰ)**

ਹਿੰਦੂ ਅਤੇ ਸਿੱਖ ਧਰਮ ਦਾ ਸਾਂਝਾ, ਖੁਸ਼ੀਆਂ- ਖੇੜਿਆਂ ਅਤੇ ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਵਿੱਚ ਸਿਰਫ ਇੱਕ ਹਫ਼ਤਾ ਬਾਕੀ ਰਹਿ ਗਿਆ ਹੈ।ਪੰਜਾਬ ਸਰਕਾਰ ਦੀ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਪਹੁੰਚ ਕਾਰਨ ਦੀਵਾਲੀ ਦਾ ਤਿਉਹਾਰ ਅਕਤੂਬਰ ਮਹੀਨੇ ਦੀ ਆਖਰੀ ਤਾਰੀਖ 31 ਨੂੰ ਹੋਣ ਕਾਰਨ ਨਾ ਤਾਂ ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹ ਮਿਲੇਗੀ ਤੇ ਨਾ ਹੀ ਪੈਨਸ਼ਨਰਾਂ ਨੂੰ ਪੈਨਸ਼ਨ।ਇਸ ਕਰਕੇ ਇਹ ਤਿਉਹਾਰ ਇਸ ਵਾਰ ਫਿੱਕਾ ਰਹਿਣ ਦੀ ਸੰਭਾਵਨਾ ਬਣੀ ਹੋਈ ਹੈ ਤੇ ਬਜ਼ਾਰਾਂ ਵਿੱਚ ਦੀਵਾਲੀ ਵਾਲੇ ਦਿਨ ਰੌਣਕ ਨਜ਼ਰ ਨਹੀਂ ਆਵੇਗੀ। ਇਸ ਸਬੰਧ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਪ੍ਰਮੁੱਖ ਆਗੂਆਂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਚਰਨ ਸਿੰਘ ਸਰਾਭਾ, ਸੁਰਿੰਦਰ ਕੁਮਾਰ ਪੁਆਰ ਤੇ ਕਰਤਾਰ ਸਿੰਘ ਪਾਲ ਅਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਪ੍ਰੇਮ ਚਾਵਲਾ, ਅਵਤਾਰ ਸਿੰਘ ਗਗੜਾ, ਸਤਿਆਪਾਲ ਗੁਪਤਾ, ਅਵਤਾਰ ਸਿੰਘ ਤਾਰੀ ਤੇ ਕੁਲਵੰਤ ਸਿੰਘ ਚਾਨੀ ਨੇ ਦੱਸਿਆ ਕਿ ਇੱਕ ਪਾਸੇ ਭਗਵੰਤ ਮਾਨ ਸਰਕਾਰ ਦਾ ਖਜ਼ਾਨਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਖਾਲੀ ਹੈ ਤੇ ਦੂਜੇ ਪਾਸੇ ਕੇਂਦਰ ਸਰਕਾਰ ਨੇ ਪਿਛਲੇ ਦਿਨੀਂ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਮਿਲਣ ਵਾਲਾ ਮਹਿੰਗਾਈ ਭੱਤਾ 50 ਫੀਸਦੀ ਤੋਂ ਵਧਾਕੇ 53 ਫੀਸਦੀ ਕਰ ਦਿੱਤਾ ਹੈ। ਇਤਿਹਾਸ ਵਿੱਚ ਪਹਿਲੀ ਵਾਰ ਵਾਪਰ ਰਿਹਾ ਹੈ ਕਿ ਭਗਵੰਤ ਮਾਨ ਸਰਕਾਰ ਦੇ ਕਾਰਜ਼ਕਾਲ ਦੌਰਾਨ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰ ਕੇਂਦਰ ਸਰਕਾਰ ਨਾਲੋਂ 15 ਫੀਸਦੀ ਘੱਟ ਡੀ.ਏ. ਲੈ ਰਹੇ ਹਨ ਭਾਵ ਪੰਜਾਬ ਸਰਕਾਰ 1 ਜਨਵਰੀ 2023 ਤੋਂ 4 ਫੀਸਦੀ (38 ਤੋਂ 42 ਫ਼ੀਸਦੀ) ,1 ਜੁਲਾਈ 2023 ਤੋਂ 4 ਫ਼ੀਸਦੀ (42 ਤੋਂ 46 ਫੀਸਦੀ) , 1ਜਨਵਰੀ 2024 ਤੋਂ 4 ਫ਼ੀਸਦੀ (46 ਫ਼ੀਸਦੀ ਤੋਂ 50 ਫ਼ੀਸਦੀ) ਤੇ 1 ਜੁਲਾਏ ੀ2024 ਤੋਂ 3 ਫੀਸਦੀ (50 ਫੀਸਦੀ ਤੋਂ 53 ਫੀਸਦੀ ਡੀਏ) ਦੇਣ ਵਿੱਚ ਪੰਜਾਬ ਸਰਕਾਰ ਬੁਰੀ ਤਰ੍ਹਾਂ ਨਾਕਾਮ ਰਹੀ ਹੈ।

# ਸੁਪਰ ਸੀਨੀਅਰ ਪੈਨਸ਼ਨਰ ਆਗੂ ਪ੍ਰਿੰਸੀਪਲ ਬੇਅੰਤ ਸਿੰਘ ਨਹੀਂ ਰਹੇ




**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਜਿਲ੍ਹਾ ਇਕਾਈ ਦੇ ਸੁਪਰ ਸੀਨੀਅਰ ਪੈਨਸ਼ਨਰ ਆਗੂ ਤੇ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਸੇਵਾਮੁਕਤ ਪ੍ਰਿੰਸੀਪਲ ਬੇਅੰਤ ਸਿੰਘ (83) ਅਕਾਲ ਚਲਾਣਾ ਕਰ ਗਏ ਸਨ।ਉਹ ਆਪਣੇ ਪਿੱਛੇ ਸੇਵਾਮੁਕਤ ਅਧਿਆਪਕਾ ਪਤਨੀ ਬਲਵਿੰਦਰ ਕੌਰ, ਵੱਡੀ ਬੇਟੀ ਅਮਨਦੀਪ ਕੌਰ ਅਧਿਆਪਕਾ, ਜਵਾਈ ਜਸਵਿੰਦਰ ਸਿੰਘ ਸੁਪਰਡੈਂਟ, ਛੋਟੀ ਬੇਟੀ ਰਮਨਦੀਪ ਕੌਰ ਆਸਟ੍ਰੇਲੀਆ ਤੇ ਜਵਾਈ ਜਸਪ੍ਰੀਤ ਸਿੰਘ ਆਸਟ੍ਰੇਲੀਆ ਸਮੇਤ ਸਤਨਾਮ ਸਿੰਘ ਤੇ ਸਰਬਜੀਤ ਸਿੰਘ (ਦੋਵੇਂ ਸਪੁੱਤਰ) ਛੱਡ ਗਏ ਹਨ।

ਸਵ: ਪ੍ਰਿੰਸੀਪਲ ਬੇਅੰਤ ਸਿੰਘ ਬੇਹੱਦ ਸ਼ਰੀਫ਼ ਤੇ ਨੇਕ ਦਿਲ ਇਨਸਾਨ ਵਜੋਂ ਜਾਣੇ ਜਾਂਦੇ ਹਨ ਤੇ ਆਪਣੀ ਸੇਵਾਮੁਕਤੀ ਤੋਂ ਬਾਅਦ ਉਹ ਪਿੰਡ ਕੋਟਲੀ ਦੇਵਨ ਦੇ ਸਰਪੰਚ ਵੀ ਚੁਣੇ ਗਏ ਸਨ। ਜ਼ਿਕਰਯੋਗ ਹੈ ਕਿ ਕਰੀਬ ਤਿੰਨ ਸਾਲ ਪਹਿਲਾਂ ਅੱਸੀ ਸਾਲ ਦੀ ਉਮਰ ਪੂਰੀ ਕਰ ਚੁੱਕੇ ਸੁਪਰ ਸੀਨੀਅਰ ਪੈਨਸ਼ਨਰ ਵਜੋਂ ਸਵ: ਪ੍ਰਿੰਸੀਪਲ ਬੇਅੰਤ ਸਿੰਘ ਨੂੰ ਪੈਨਸ਼ਨਰ ਦਿਵਸ ਮੌਕੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਵੱਲੋਂ ਸਨਮਾਨਤ ਵੀ ਕੀਤਾ ਗਿਆ ਸੀ।ਕੁੱਝ ਸਮਾਂ ਪਹਿਲਾਂ ਉਹ ਸ੍ਰੀ ਮੁਕਤਸਰ ਸਾਹਿਬ ਤੋਂ ਸ਼ਿਫ਼ਟ ਹੋ ਗਏ ਸਨ ਤੇ ਉਨ੍ਹਾਂ ਨੇ ਆਪਣੀ ਰਿਹਾਇਸ਼ ਪਟਿਆਲਾ ਵਿਖੇ ਕਰ ਲਈ ਸੀ।ਸਵ: ਪ੍ਰਿੰਸੀਪਲ ਬੇਅੰਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਦੇ ਆਗੂਆਂ ਦੀ ਵਿਸ਼ੇਸ਼ ਮੀਟਿੰਗ ਕੋਟਕਪੂਰਾ ਰੋਡ ਸਥਿਤ ਪੈਨਸ਼ਨਰ ਭਵਨ ਵਿਖੇ ਹੋਈ।

ਐਸੋਸੀਏਸ਼ਨ ਦੇ ਜਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਐਸੋਸੀਏਸ਼ਨ ਦੇ ਵਾਇਸ ਚੇਅਰਮੈਨ ਹਰਦੇਵ ਸਿੰਘ, ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਤੇ ਕੈਸ਼ੀਅਰ ਬੋਹੜ ਸਿੰਘ ਥਾਂਦੇਵਾਲਾ ਸਮੇਤ ਚੌ. ਬਲਬੀਰ ਸਿੰਘ, ਕੁਲਦੀਪ ਸਿੰਘ ਬਰਾੜ, ਅਮਰਜੀਤ ਸਿੰਘ, ਸ਼ਾਮ ਲਾਲ ਡਰਾਈਵਰ, ਕਰਨੈਲ ਸਿੰਘ ਬਰਾੜ, ਸੁਖਦੇਵ ਸਿੰਘ ਸ਼ੇਰੇਵਾਲਾ ਤੇ ਗੁਰਚਰਨ ਸਿੰਘ ਟੌਹੜਾ ਆਦਿ ਸਮੇਤ ਕਈ ਹੋਰ ਸੀਨੀਅਰ ਆਗੂ ਮੌਜੂਦ ਸਨ।ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਹੈ ਕਿ ਮੀਟਿੰਗ ਦੌਰਾਨ ਸਵ: ਪ੍ਰਿੰਸੀਪਲ ਬੇਅੰਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਸ਼ੋਕ ਵਜੋਂ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ।ਪ੍ਰਧਾਨ ਸ਼ਰਮਾ ਨੇ ਕਿਹਾ ਕਿ ਸਵ: ਪ੍ਰਿੰਸੀਪਲ ਬੇਅੰਤ ਸਿੰਘ ਦੀਆਂ ਐਸੋਸੀਏਸ਼ਨ ਤੇ ਸਮਾਜ ਪ੍ਰਤੀ ਸੇਵਾਵਾਂ ਨੂੰ ਸਦਾ ਹੀ ਯਾਦ ਰੱਖਿਆ ਜਾਵੇਗਾ।ਸਵ: ਪ੍ਰਿੰਸੀਪਲ ਬੇਅੰਤ ਸਿੰਘ ਨਮਿਤ ਸਹਿਜ ਪਾਠ ਦਾ ਭੋਗ ਤੇ ਅੰਤਮ ਅਰਦਾਸ ਆਉਂਦੀ 26 ਅਕਤੂਬਰ ਨੂੰ ਦੁਪਹਿਰ 1:00 ਤੋਂ 2:00 ਵਜੇ ਤੱਕ ਉਨ੍ਹਾਂ ਦੇ ਰਿਹਾਇਸ਼ੀ ਸਥਾਨ ਪਟਿਆਲਾ ਦੀ ਆਦਰਸ਼ ਕਲੋਨੀ (ਬੈਕ ਸਾਈਡ ਥਾਪਰ ਕਾਲਜ) ਸਥਿਤ ਗੁਰਦੁਆਰਾ ਸਾਹਿਬ ਵਿਖੇ ਪਾਇਆ ਜਾਵੇਗਾ।

# ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ ਮੀਆਂ ਨੇ ਓਵਰਆਲ ਟਰਾਫ਼ੀ ਜਿੱਤੀ



**ਮਾਨਸਾ (ਆਤਮਾ ਸਿੰਘ ਪਮਾਰ)**

ਸੈਂਟਰ ਜੌੜਕੀਆਂ ਦੀਆਂ ਪ੍ਰਾਇਮਰੀ ਸਕੂਲ ਖੇਡਾਂ ਅੰਦਰ ਗਿਆਰਾਂ ਵਿੱਚੋਂ ਸਰਕਾਰੀ ਪ੍ਰਾਇਮਰੀ ਸਕੂਲ ਮੀਆਂ ਦੇ ਬੱਚਿਆਂ ਨੇ ਸਭ ਤੋਂ ਵੱਧ ਗੋਲਡ ਮੈਡਲ ਜਿੱਤੇ ਤੇ ਓਵਰਆਲ ਟਰਾਫ਼ੀ 'ਤੇ ਕਬਜ਼ਾ ਕਰਕੇ ਆਪਣੇ ਸਕੂਲ, ਮਾਪਿਆਂ ਤੇ ਪਿੰਡ ਦਾ ਨਾਂਅ ਰੌਸ਼ਨ ਕੀਤਾ।ਸਕੂਲ ਪੁੱਜਣ 'ਤੇ ਜੇਤੂ ਬੱਚਿਆਂ ਦਾ ਸਨਮਾਨ ਕੀਤਾ ਗਿਆ। ਖੇਡ ਇੰਚਾਰਜ ਅਧਿਆਪਕਾਂ ਸੁਸ਼ੀਲ ਕੁਮਾਰ ਤੇ ਸੁਖਪ੍ਰੀਤ ਕੌਰ ਨੇ ਦੱਸਿਆ ਕਿ ਸਕੂਲ ਦੇ ਬੱਚਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕਬੱਡੀ ਮੁੰਡੇ (ਗੋਲਡ) ਕਬੱਡੀ ਕੁੜੀਆਂ ਫਸਟ, ਦੌੜ 100 ਮੀਟਰ ਫਸਟ, 200ਮੀਟਰ ਫਸਟ, ਲੰਬੀ ਛਾਲ ਗੁਰਨੂਰ ਕੌਰ ਫਸਟ, ਯੋਗਾ ਮੁੰਡੇ ਫਸਟ, ਯੋਗਾ ਕੁੜੀਆਂ ਫਸਟ, ਸ਼ਤਰੰਜ ਮੁੰਡੇ, ਕੁੜੀਆਂ ਫਸਟ, ਕੁਸ਼ਤੀਆਂ 25 ਕਿਲੋਗ੍ਰਾਮ ਭਾਰ ਮਨਪ੍ਰੀਤ ਸਿੰਘ ਸਿੰਘ ਫਸਟ, 30 ਕਿਲੋ ਭਾਰ ਜਸਨੂਰ ਸਿੰਘ ਫਸਟ, 100 ਮੀਟਰ ਦੌੜ ਖੁਸ਼ਪ੍ਰੀਤ ਸਿੰਘ ਸੈਕਿੰਡ, ਸ਼ਾਟਪੁੱਟ ਤਰਨਵੀਰ ਕੌਰ ਤੀਜਾ ਸਥਾਨ ਹਾਸਲ ਕਰਕੇ ਬਲਾਕ ਪੱਧਰੀ ਖੇਡਾਂ ਲਈ ਆਪਣਾ ਪੱਕੀ ਥਾਂ ਬਣਾ ਲਈ ਹੈ।ਇਸ ਜਿੱਤ ਦੀ ਵਧਾਈ ਦਿੰਦਿਆਂ ਪਿੰਡ ਦੀ ਪੰਚਾਇਤ ਨੇ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਵੀ ਕੀਤੀ।

ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਨਾਜ਼ਮ ਸਿੰਘ, ਵਿਦੇਸ਼ ਤੋਂ ਸਮਾਜ ਸੇਵੀ ਬਲਵੀਰ ਸਿੰਘ, ਜਗਦੇਵ ਸਿੰਘ ਤੇ ਕਬੱਡੀ ਖਿਡਾਰੀ ਗੋਰਾ ਸਿੰਘ ਨੇ ਬੱਚਿਆਂ ਨੂੰ ਵਧਾਈ ਦਿੱਤੀ ਹੈ ਤੇ ਬੱਚਿਆਂ ਨੂੰ ਖੇਡਾਂ ਵਿੱਚ ਹੋਰ ਤਰੱਕੀ 'ਤੇ ਲਿਜਾਣ ਲਈ ਆਪਣਾ ਯੋਗਦਾਨ ਪਾਉਣ ਦਾ ਵਾਅਦਾ ਵੀ ਕੀਤਾ।ਇਸ ਮੌਕੇ ਸਕੂਲ ਦਰਸ਼ਨ ਸਿੰਘ ਨੇ ਸਮੁੱਚੇ ਮਾਪਿਆਂ ਨੂੰ ਕਿਹਾ ਕਿ ਭਵਿੱਖ ਵਿਚ ਵੀ ਬੱਚਿਆਂ ਦੀ ਪੜ੍ਹਾਈ ਦੇ ਨਾਲ ਨਾਲ ਖੇਡਾਂ ਅਤੇ ਵੱਖ-ਵੱਖ ਕਲਾਵਾਂ ਨਾਲ ਲਗਾਤਾਰ ਜੋੜ ਕੇ ਰੱਖਿਆ ਜਾਵੇਗਾ।

# ਸੀਵਰੇਜ ਬੰਦ ਹੋਣ ਕਾਰਨ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਮੁਹੱਲਾ ਵਾਸੀ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਪੱਤੀ ਜੈਦ ਕਾਲੀ ਮਾਤਾ ਮੰਦਰ ਦੇ ਬਿਲਕੁਲ ਨਾਲ ਮੇਨ ਸੜਕ ਅਤੇ ਗਲੀ ਵਿੱਚ ਪਿਛਲੇ 15 ਦਿਨਾਂ ਤੋਂ ਗੰਦੇ ਪਾਣੀ ਦੇ ਵਿਚ ਰਹਿ ਰਹੇ ਮਹੱਲਾ ਨਿਵਾਸੀ ਆਪਣੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਹਨ।ਲੋਕਾਂ ਦਾ ਕਹਿਣਾ ਹੈ ਕਿ ਸੀਵਰੇਜ ਦੀਆਂ ਹੌਦੀਆਂ ਵਿੱਚੋਂ ਗੰਦਾ ਪਾਣੀ ਬਾਹਰ ਨਿਕਲਦਾ ਰਹਿੰਦਾ ਹੈ, ਜਿਸ ਕਰਕੇ ਇੱਥੇ ਕਾਫੀ ਬਦਬੂ ਫੈਲੀ ਹੋਈ ਹੈ ਤੇ ਮੱਛਰ ਬਹੁਤ ਫੈਲਿਆ ਹੋਇਆ ਹੈ, ਜਿਸ ਨਾਲ ਮੁਹੱਲਾ ਨਿਵਾਸੀਆਂ ਦੇ ਨਿੱਕੇ-ਨਿੱਕੇ ਬੱਚੇ ਵੀ ਕਈ ਦਿਨਾਂ ਤੋਂ ਬਿਮਾਰ ਹਨ ਤੇ ਡੇਂਗੂ ਫੈਲਣ ਦਾ ਖਦਸ਼ਾ ਬਣਿਆ ਹੋਇਆ ਹੈ।

ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕਈ ਵਾਰ ਪੱਤੀ ਜੈਦ ਵਿਖੇ ਬਣੇ ਸੀਵਰੇਜ ਬੋਰਡ ਦੇ ਦਫਤਰ ਦੇ ਮੁਲਾਜ਼ਮਾਂ ਨੂੰ ਕਹਿ ਚੁੱਕੇ ਹਾਂ, ਪਰ ਉਨਾਂ ਵੱਲੋਂ ਕਿਸੇ ਵੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਵਾਰਡ ਦੇ ਮੌਜੂਦਾ ਕੌਂਸਲਰ ਗੁਰਮੀਤ ਸਿੰਘ ਫੌਜੀ ਨੂੰ ਬਹੁਤ ਵਾਰ ਕਹਿ ਚੁੱਕੇ ਹਾਂ, ਪਰ ਉਨ੍ਹਾਂ ਦੀ ਕਿਸੇ ਵੀ ਗੱਲ ਦੀ ਸੁਣਵਾਈ ਨਹੀਂ ਕੀਤੀ ਗਈ।ਇਸ ਸਬੰਧੀ ਮੌਜੂਦਾ ਕੌਂਸਲਰ ਗੁਰਮੀਤ ਸਿੰਘ ਲੱਲੀ ਦਾ ਕਹਿਣਾ ਹੈ ਕਿ ਲੌਂਗੋਵਾਲ ਵਿੱਚ ਸੀਵਰੇਜ ਸਿਸਟਮ ਦਾ ਬਹੁਤ ਹੀ ਮਾੜਾ ਹਾਲ ਹੈ।ਉਨਾਂ ਕਿਹਾ ਕਿ ਜਿੱਥੋਂ ਇਹ ਪਾਣੀ ਬਾਹਰ ਨਿਕਲ ਰਿਹਾ ਹੈ, ਇਹ ਸੀਵਰ ਲਾਈਨ ਪਿਛਲੇ ਡੇਢ ਸਾਲ ਤੋਂ ਲਗਭਗ ਬੰਦ ਪਈ ਹੈ, ਜਿਸ ਬਾਰੇ ਉਨ੍ਹਾਂ ਵੱਲੋਂ ਤੇ ਨਗਰ ਕੌਂਸਲ ਪ੍ਰਧਾਨ ਵੱਲੋਂ ਕਈ ਵਾਰ ਐਕਸੀਅਨ ਸੀਵਰੇਜ ਬੋਰਡ ਐਸ ਐਸ ਢਿੱਲੋਂ ਅਤੇ ਐਸ ਡੀ ਓ ਗਗਨ ਗਰਗ ਨੂੰ ਕਈ ਵਾਰ ਫੋਨ ਵੀ ਕੀਤੇ ਜਾ ਚੁੱਕੇ ਹਨ, ਪਰ ਇਨ੍ਹਾਂ ਅਫ਼ਸਰਾਂ ਦੇ ਅਜੇ ਤੱਕ ਕੰਨ ਤੇ ਜੂੰ ਨਹੀਂ ਸਰਕੀ। ਹੁਣ ਇਹ ਅਫਸਰ ਮੌਜੂਦਾ ਕੌਂਸਲਰਾਂ ਦਾ ਫੋਨ ਤੱਕ ਵੀ ਨਹੀਂ ਚੁੱਕਦੇ।ਜੇਕਰ ਗੱਲ ਕਰੀਏ ਸੀਵਰੇਜ ਸਿਸਟਮ ਦੀ ਤਾਂ ਸਾਰੇ ਲੌਂਗੋਵਾਲ ਵਿਚ ਮਾਤਾ ਗੁਜਰੀ ਮਹੱਲਾ, ਲੋਹਾਖੇੜਾ ਰੋਡ, ਪੱਤੀ ਝਾੜੋਂ, ਮੰਡੇਰਾਂ ਰੋਡ ਆਦਿ ਥਾਵਾਂ ਤੇ ਡੇਢ ਸਾਲ ਤੋਂ ਸੀਵਰੇਜ ਬੰਦ ਹੈ, ਪਰ ਕਿਸੇ ਵੀ ਅਧਿਕਾਰੀ ਵੱਲੋਂ ਆਪਣੀ ਜ਼ਿੰਮੇਵਾਰੀ ਨਹੀਂ ਸਮਝੀ ਜਾ ਰਹੀ। ਉਹਨਾਂ ਦੋਸ਼ ਲਾਏ ਹਨ ਕਿ ਸੀਵਰੇਜ ਅਤੇ ਪਾਣੀ ਦਾ ਸਾਰਾ ਸਿਸਟਮ ਸੀਵਰੇਜ ਬੋਰਡ ਕੋਲ ਹੈ।ਪਾਣੀ ਅਤੇ ਸੀਵਰ ਦੇ ਬਿਲਾਂ ਦੀ ਵਸੂਲੀ ਵੀ ਸੀਵਰੇਜ ਬੋਰਡ ਵਲੋਂ ਕੀਤੀ ਜਾਂਦੀ ਹੈ। ਪਾਣੀ ਅਤੇ ਸੀਵਰ ਦੇ ਕਨੈਕਸ਼ਨਾਂ ਦੇ ਪੈਸੇ ਅਤੇ ਕਨੈਕਸ਼ਨ ਕਰਨ ਵੇਲੇ ਪੁੱਟੀਆਂ ਸੜਕਾਂ ਦੀ ਮੁਰੰਮਤ ਵੀ ਨਗਰ ਕੌਂਸਲ ਵਲੋਂ ਕੀਤੀ ਜਾਂਦੀ ਹੈ।ਉਨ੍ਹਾਂ ਦੇ ਪੈਸੇ ਵੀ ਸੀਵਰੇਜ ਬੋਰਡ ਹੀ ਵਸੂਲ ਕਰਦਾ ਹੈ।ਨਗਰ ਕੌਂਸਲ ਵੱਲੋਂ ਹਰ ਮਹੀਨੇ ਵੈਟ ਦੇ ਰੂਪ ਵਿੱਚ ਰਾਸ਼ੀ ਦਿੱਤੀ ਜਾਂਦੀ ਹੈ, ਇਸਦੇ ਬਾਵਜੂਦ ਸੀਵਰੇਜ ਬੋਰਡ ਦੇ ਅਧਿਕਾਰੀ ਕੰਮ ਨਹੀਂ ਕਰਵਾ ਰਹੇ ਜਿਸਦੀ ਸਾਰੀ ਜ਼ਿੰਮੇਵਾਰੀ ਸੀਵਰੇਜ ਬੋਰਡ ਦੀ ਬਣਦੀ ਹੈ।

# ਡਿਪਟੀ ਕਮਿਸ਼ਨਰ ਨੇ ਕੀਤਾ ਸਾਇੰਸ ਪ੍ਰਦਰਸ਼ਨੀ ਦਾ ਉਦਘਾਟਨ



ਮਾਨਸਾ (ਆਤਮਾ ਸਿੰਘ ਪਮਾਰ) ਜ਼ਿਲ੍ਹਾ ਪ੍ਰਸ਼ਾਸਨ, ਸਿੱਖਿਆ ਵਿਭਾਗ ਤੇ ਰੈੱਡ ਕਰਾਸ ਦੇ ਸਾਂਝੇ ਉਪਰਾਲੇ ਸਦਕਾ ਸੇਂਟ ਜ਼ੇਵੀਅਰ ਸਕੂਲ ਵਿਖੇ 24 ਅਕਤੂਬਰ ਤੱਕ ਚੱਲਣ ਵਾਲੀ ਮਾਰਸ ਸਾਇੰਸ ਪ੍ਰਦਰਸ਼ਨੀ ਦਾ ਡਿਪਟੀ ਕਮਿਸ਼ਨਰ ਸ਼੍ਰੀ ਕੁਲਵੰਤ ਸਿੰਘ ਆਈ.ਏ.ਐਸ. ਨੇ ਸ਼ਮ੍ਹਾ ਰੌਸ਼ਨ ਕਰਕੇ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਸ ਮਾਰਸ ਸਾਇੰਸ ਪ੍ਰਦਰਸ਼ਨੀ ਦਾ ਮਕਸਦ ਬੱਚਿਆਂ ਵਿੱਚ ਸਾਇੰਸ ਪ੍ਰਤੀ ਰੂਚੀ ਪੈਦਾ ਕਰਨਾ ਹੈ, ਤਾਂ ਜੁ ਉਹ ਉੱਚ ਪੱਧਰ 'ਤੇ ਵਿਗਿਆਨ ਨਾਲ ਸਬੰਧਤ ਚੀਜ਼ਾਂ ਬਣਾ ਕੇ ਆਪਣੇ ਜ਼ਿਲ੍ਹੇ, ਸੂਬੇ ਤੇ ਦੇਸ਼ ਦਾ ਨਾਂਅ ਵਿਸ਼ਵ ਪੱਧਰ 'ਤੇ ਉੱਚਾ ਕਰ ਸਕਣ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਰਮਲ ਓਸੇਪਚਨ, ਐਸ.ਡੀ.ਐਮ. ਸਰਦੂਲਗੜ੍ਹ ਸ਼੍ਰੀ ਨਿਤੇਸ਼ ਜੈਨ, ਐਸ.ਡੀ.ਐਮ. ਮਾਨਸਾ ਸ਼੍ਰੀ ਕਾਲਾ ਰਾਮ ਕਾਂਸਲ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਸ਼੍ਰੀਮਤੀ ਭੁਪਿੰਦਰ ਕੌਰ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ ਤੇ ਸਾਡੀਆਂ ਰੋਜ਼ਮਰ੍ਹਾ ਦੀਆਂ ਵਸਤਾਂ ਵਿੱਚ ਤਕਨੀਕੀ ਸਾਧਨਾਂ ਦਾ ਬੋਲਬਾਲਾ ਹੈ। ਅੱਜ ਅਸੀਂ ਇੱਕ ਥਾਂ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਦੂਜੀ ਥਾਂ 'ਤੇ ਤੁਰੰਤ ਗੱਲ ਕਰ ਸਕਦੇ ਹਾਂ ਤੇ ਕਿਸੇ ਦੂਜੀ ਥਾਂ 'ਤੇ ਹੋਈ ਘਟਨਾ ਸਬੰਧੀ ਜਾਣਕਾਰੀ ਕੁਝ ਹੀ ਪਲਾਂ ਵਿੱਚ ਸੋਸ਼ਲ ਮੀਡੀਆ ਰਾਹੀਂ ਅਸੀਂ ਮੋਬਾਇਲਾਂ ਉਪਰ ਦੇਖ ਸਕਦੇ ਹਾਂ। ਉਨ੍ਹਾਂ ਦੱਸਿਆ ਕਿ ਕੰਪਿਊਟਰ, ਟੀ.ਵੀ., ਰਾਕੇਟ ਸਭ ਵਿਗਿਆਨ ਦੀ ਹੀ ਦੇਣ ਹਨ। ਮੇਲੇ ਦੌਰਾਨ ਵਿਸ਼ੇਸ਼ ਤੌਰ 'ਤੇ ਪ੍ਰੋਜੈਕਟ ਡਾਇਰੈਕਟਰ ਸਵੱਛ ਭਾਰਤ ਮਿਸ਼ਨ ਡਾ. ਪੂਰਨ ਸਿੰਘ, ਸਹਾਇਕ ਪ੍ਰੋਫੈਸਰ ਏਮਜ਼ ਬਠਿੰਡਾ ਡਾ. ਅਨੁਪਿੰਦਰ ਕੌਰ ਤੇ ਲੈਕਚਰਾਰ ਡਾ. ਜਸਵੀਰ ਸਿੰਘ ਵੱਲੋਂ ਵਿਦਿਆਰਥੀਆਂ ਨਾਲ ਵੇਸਟ ਮੈਨੇਜਮੈਂਟ ਸਬੰਧੀ ਜਾਣਕਾਰੀ ਤੇ ਬਾਇਓਟੈਕਨਾਲੌਜੀ ਸਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ ।

## ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਮਹਾਰਾਜ ਦਾ ਦੂਸਰਾ ਭੰਡਾਰਾ ਅੱਜ



**ਲੋਹੀਆਂ ਖਾਸ, (ਯੋਗੇਸ਼ਵਰ) :** ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਗੱਦੀਨਸ਼ੀਨ ਪਰਮਪੂਜ ਗੁਰੂਦੇਵ ਬਾਪ ਮਹੰਤ ਸ਼ਿਪਰਾ ਗਿਰੀ ਮਹਾਰਾਜ ਦੀ ਕਿਰਪਾ ਅਤੇ ਅਸ਼ੀਰਵਾਦ ਸਦਕਾ ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਮਹਾਰਾਜ ਦਾ ਦੂਸਰਾ ਭੰਡਾਰਾ 24 ਅਕਤੂਬਰ ਦਿਨ ਵੀਰਵਾਰ ਨੂੰ ਸ਼੍ਰੀ ਗਣਪਤੀ ਗਿਰੀ ਸੰਨਿਆਸ ਆਸ਼ਰਮ ਲੋਹੀਆਂ ਖਾਸ, ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ 24 ਅਕਤੂਬਰ ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਸ੍ਰੀ ਰਮਾਇਣ ਦੇ ਭੋਗ ਪਾਏ ਜਾਣਗੇ ਅਤੇ ਕੀਰਤਨ ਕਰਵਾਇਆ ਜਾਵੇਗਾ।ਉਪਰੰਤ 12 ਵਜੇ ਭੰਡਾਰਾ ਸ਼ੁਰੂ ਹੋਵੇਗਾ।ਇਸ ਮੌਕੇ ਪਰਮਪੂਜ ਗੁਰੂਦੇਵ ਬਾਪ ਮਹੰਤ ਸ੍ਰੀ ਸ਼ਿਪਰਾ ਗਿਰੀ ਮਹਾਰਾਜ ਵੱਲੋਂ ਪੂਰੇ ਸ਼ਹਿਰ ਵਾਸੀਆਂ ਨੂੰ ਸੱਦਾ ਪੱਤਰ ਦਿੰਦੇ ਹੋਏ ਕਿਹਾ ਗਿਆ ਕਿ ਆਪ ਸਭ ਸ਼ਹਿਰ ਵਾਸੀਆਂ ਨੂੰ ਬੇਨਤੀ ਹੈ ਕਿ ਸਾਰੇ ਸ਼ਹਿਰ ਵਾਸੀ ਭੰਡਾਰੇ ਵਿੱਚ ਜ਼ਰੂਰ ਪਹੁੰਚਣ।

## ਐਚ ਡੀ ਐਫ ਸੀ ਬੈਂਕ ਸਮੂਹ ਨੇ ਐਚ ਡੀ ਐਫ ਸੀ ਟੈਕ ਇਨੋਵੇਟਰਸ 2024 ਦੇ ਜੇਤੂਆਂ ਦੀ ਕੀਤੀ ਘੋਸ਼ਣਾ

**ਜਲੰਧਰ :** ਐਚ ਡੀ ਐਫ ਸੀ ਬੈਂਕ ਗਰੁੱਪ ਨੇ ਐਚ ਡੀ ਐਫ ਸੀ ਟੈਕ ਇਨੋਵੇਟਰਜ਼ 2024 ਦੇ ਜੇਤੂਆਂ ਦੀ ਘੋਸ਼ਣਾ ਕੀਤੀ ਹੈ। ਐਚ ਡੀ ਐਫ ਸੀ ਟੈਕ ਇਨੋਵੇਟਰਜ਼ - 2024 ਐਚ ਡੀ ਐਫ ਸੀ ਬੈਂਕ ਸਮੂਹ ਕੰਪਨੀਆਂ - ਐਚ ਡੀ ਐਫ ਸੀ ਏ ਐਮ ਸੀ, ਐਚ ਡੀ ਐਫ ਸੀ ਈ ਆਰ ਜੀਓ , ਐਚ ਡੀ ਬੀ ਵਿੱਤੀ ਸੇਵਾਵਾਂ, ਐਚ ਡੀ ਐਫ ਸੀ ਲਾਈਫ ਅਤੇ ਐਚ ਡੀ ਐਫ ਸੀ ਸਕਿਓਰਿਟੀਜ਼ ਦੀ ਇੱਕ ਸਾਂਝੀ ਪਹਿਲਕਦਮੀ ਹੈ ਅਤੇ ਐਚ ਡੀ ਐਫ ਸੀ ਕੈਪੀਟਲ ਅਤੇ ਐਚ ਡੀ ਐਫ ਸੀ ਬੈਂਕ ਦੀ ਅਗਵਾਈ ਵਿੱਚ ਨਵੀਨਤਾਵਾਂ ਅਤੇ ਤਕਨਾਲੋਜੀ-ਸੰਬੰਧੀ ਸ਼ੁਰੂਆਤ ਲਈ ਮੌਕਿਆਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ। ਪੀ. ਵਾਸੂਦੇਵਨ, ਕਾਰਜਕਾਰੀ ਨਿਰਦੇਸ਼ਕ, ਭਾਰਤੀ ਰਿਜ਼ਰਵ ਬੈਂਕ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪਰਾਗ ਰਾਓ, ਕੰਟਰੀ ਹੈੱਡ - ਭੁਗਤਾਨ, ਦੇਣਦਾਰੀ ਉਤਪਾਦ, ਖਪਤਕਾਰ ਵਿੱਤ ਅਤੇ ਮਾਰਕੀਟਿੰਗ, ਐਚ ਡੀ ਐਫ ਸੀ ਬੈਂਕ ਨੇ ਕਿਹਾ, ਅਸੀਂ ਕਈ ਪੱਧਰਾਂ 'ਤੇ ਸਟਾਰਟ-ਅੱਪਸ ਨਾਲ ਜੁੜੇ ਹੋਏ ਹਾਂ ਤਾਂ ਜੋ ਉਨ੍ਹਾਂ ਨੂੰ ਬਹੁਤ ਸਾਰੇ ਉਤਪਾਦਾਂ ਅਤੇ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਨ ਜੋ ਵਪਾਰ ਕਰਨ ਵਿੱਚ ਅਸਾਨੀ ਦੀ ਸਹੂਲਤ ਪ੍ਰਦਾਨ ਕਰਦੇ ਹਨ।

### PUBLIC NOTICE

Gurkirpal Singh Dhatt S/o Ajit Singh R/o H. No. 1030, Phase-4, Sector 59, SAS Nagar (Mohali) declare that my name written wrongly Gurdeep Singh Etc. in revenue record of Village Rupowal, Hadd Bast No. 37. According to my Aadhar Card, my correct name is Gurkirpal Singh Dhatt be amended in revenue Record of Village Rupowal, Hadd Bast No. 37. All concerned note. (Dogra)

### ਆਮ ਸੂਚਨਾ

ਮੈਂ ਅਵਤਾਰ ਸਿੰਘ ਪੁੱਤਰ ਪਾਲ ਸਿੰਘ ਵਾਸੀ ਨਿਊ ਈਸ਼ਵਰ ਨਗਰ, ਤਰਨ ਤਾਰਨ ਰੋਡ ਤਹਿਸੀਲ ਤੇ ਜਿਲਾ ਅੰਮ੍ਰਿਤਸਰ ਦਾ ਹਾਂ ਹੇਠ ਲਿਖੇ ਮੁਤਾਬਕ ਹਲਫੀਆ ਬਿਆਨ ਕਰਦਾ ਹਾਂ : ਇਹ ਕਿ ਖਸਰਾ ਨੰਬਰ 151//24/2, 23 ਮਿੰਨ, 24/1 ਮਿੰਨ, ਜਮਾਬੰਦੀ 2019-20, ਵਾਕਿਆ ਰਕਬਾ ਪਿੰਡ ਵਰਪਾਲ ਤਹਿਸੀਲ ਅੰਮ੍ਰਿਤਸਰ-2, ਜਿਲਾ ਅੰਮ੍ਰਿਤਸਰ ਵਿੱਚ ਬਤੌਰ ਮਾਲਕ ਮੁਖਤਾਰ ਸਿੰਘ ਪੁੱਤਰ ਪਾਲ ਸਿੰਘ ਪੁੱਤਰ ਜਗਤ ਸਿੰਘ, ਬਲਵਿੰਦਰ ਸਿੰਘ ਪੁੱਤਰ ਪਾਲ ਸਿੰਘ ਪੁੱਤਰ ਜਗਤ ਸਿੰਘ, ਸਵਿੰਦਰ ਕੌਰ ਪੁੱਤਰੀ ਪਾਲ ਸਿੰਘ ਪੁੱਤਰ ਜਗਤ ਸਿੰਘ, ਪਰਮਜੀਤ ਸਿੰਘ ਪੁੱਤਰ ਹਰੀ ਸਿੰਘ ਜਮਾਂਬੰਦੀ ਵਿੱਚ ਚੱਲੇ ਆ ਰਹੇ ਹਨ, ਜੋ ਕਿ ਗਲਤ ਹਨ, ਜਦ ਕਿ ਇਹਨਾਂ ਮਾਲਕਾਂ ਦੇ ਅਧਾਰ ਕਾਰਡ ਮੁਤਾਬਕ ਸਹੀ ਤੇ ਦਰੁਸਤ ਨਾਮ ਵੇਰਵੇ ਅਨੁਸਾਰ ਮੁਖਤਾਰ ਸਿੰਘ ਦੀ ਬਜਾਏ ਅਵਤਾਰ ਸਿੰਘ ਪੁੱਤਰ ਪਾਲ ਸਿੰਘ ਪੁੱਤਰ ਜਗਤ ਸਿੰਘ, ਬਲਵਿੰਦਰ ਸਿੰਘ ਦੀ ਬਜਾਏ ਸਵਿੰਦਰ ਸਿੰਘ ਪੁੱਤਰ ਪਾਲ ਸਿੰਘ ਪੁੱਤਰ ਜਗਤ ਸਿੰਘ, ਸਵਿੰਦਰ ਕੌਰ ਦੀ ਬਜਾਏ ਸੁਰਿੰਦਰ ਕੌਰ ਪੁੱਤਰੀ ਪਾਲ ਸਿੰਘ ਪੁੱਤਰ ਜਗਤ ਸਿੰਘ ਅਤੇ ਪਰਮਜੀਤ ਸਿੰਘ ਦੀ ਬਜਾਏ ਗੁਰਪ੍ਰੀਤ ਸਿੰਘ ਪੁੱਤਰ ਹਰੀ ਸਿੰਘ ਹਨ, ਜੋ ਕਿ ਬਿਲਕੁਲ ਸਹੀ ਤੇ ਦਰੁੱਸਤ ਹਨ।

### COURT NOTICE

(U/o 5 Rule 20 CPC)
In the Court of
Sh. Reetbrinder Singh Dhaliwal
Civil Judge (Junior Division)-13, Jalandhar
CNR No. PBJL02-007071-2022
Next Date :- 16-12-2024
State Bank of india
Vs.
Kabal Singh
Suit for grant of decree for recovery of Rs.
alongwith interest as prayed for
Publication Issued To :
Kabal Singh
Father : Kashmir Singh VPO. Tangra,Tehsil Baba Bakala, Amritsar.

In above titled case, the defendant(s)/ respondent(s) could not be served. It is ordered that defendant (s)/ respondent(s) should appear in person or through counsel on 16.12.2024 at 10:00 a.m.

For details logon to https://highcourtchd.gov.in/?trs=district_notice&district=Jalandhar

Civil Judge (Junior Division)-13, Jalandhar
Dated this day of 22-10-2024

### COURT NOTICE

(U/o 5 Rule 20 CPC)
In the Court of
Sh. Varinder Kumar
Additional Civil Judge (Senior Division), Nabha
CNR No. PBPTB0-000709-2024
Next Date :- 16-01-2025
Abhjinder Singh
Vs.
General Public
Publication Issued to :
General Public
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 16.01.2025 at 10:00 A.M.

For details logon to https://highcourtchd.gov.in/?trs=district_notice&district=Patiala

Additional Civil Judge (Senior Division), Nabha
Dated, this day of 22.10.2024

### CRIMINAL COURTS LUDHIANA

In the Court of
MS. Prabha Prashar
Judicial Magistrate-1st Class Ludhiana
CNR No. PBLD03-012199-2022
Peshi : 29-11-2024
Publication Notice for Proclamation under section 82 CR.PC
M/S UP Money
Vs
Gurpiar Singh

Petition u/s 138 of negotiable instruments Act, 1881 Amended upto date

Notice To :
Gurpiar Singh S/o Desh Raj R/o H. No. 148, Vill. Deogarh, Tehsil Patran, Distt. Patiala, Punjab.

Whereas it has been proved to the satisfaction of this court that the accused above named can't be served in the ordinary way of service. Hence this proclamation under section 82 CRPC is hereby 29.11.2024 at 10.00 A.M.

Take notice that, in default of his/their appearance on the day before mentioned, the above said case will be heard and determined in his/their absence.

Give under my hand and the seal of the court, this

For details logon to https://highcourtchd.gov.in/?trs=district notice&district=ludhiana

Judicial Magistrate-1st Class Ludhiana

### CRIMINAL COURTS LUDHIANA

In the Court of
MS. Prabha Prashar
Judicial Magistrate-1st Class Ludhiana
CNR No. PBLD03-039137-2022
Peshi : 12-11-2024
Publication Notice for Proclamation under section 82 CR.PC
M/S UP Money Vs Harjeet Kaur

Petition U/S 138 of negotiable instruments Act, 1881 Amended upto date

Notice To :
Harjeet Kaur W/o Kewal Singh R/o H. No. 254,Ward No. 05,Dhillon Basti, Near Manohar Di Hatti, Baba Di Kutiya, Talwandi Bhai,Ferozepur, Punjab 142050

Whereas it has been proved to the satisfaction of this court that the accused above named can't be served in the ordinary way of service. Hence this proclamation under section 82 CRPC is hereby 12.11.2024 at 10.00 A.M.

Take notice that, in default of his/their appearance on the day before mentioned, the above said case will be heard and determined in his/their absence.

Give under my hand and the seal of the court, this

For details logon to https://highcourtchd.gov.in/?trs=district notice&district=ludhiana

Judicial Magistrate-1st Class Ludhiana

### COURT NOTICE

(U/o 5 Rule 20 CPC)
In the Court of
Ms. Babaljit Kaur
Civil Judge (Junior Division)-16, Jalandhar
CNR No. PBJL02-000824-2022
Next Date :- 17-12-2024
CS-459-2022
M/S Khurana Fibre
Vs.
Vikrnat Sony
Suit for grant of decree for recovery of Rs. 1,32,817/- alongwith interest as prayed for
Publication Issued to :
Vikrant Sony, Proprietor of M/S. Smart City Infra Solutions, situated at 153/1A, Sector 4, Channi Himmat, Jammu-180015

In above titled case, the defendant(s)/respondent(s) could not be served. It is ordered that defendant (s)respondent(s) should appear in person or through counsel on 17.12.2024 at 10:00 a.m.

For details logon to https://highcourtchd.gov.in/?trs=district_notice &district=Jalandhar

Civil Judge (Junior Division)-16, Jalandhar
Dated this day of 15-10-2024

### CRIMINAL COURTS LUDHIANA

In the Court of
MS. Prabha Prashar
Judicial Magistrate-1st Class Ludhiana
CNR No. PBLD03-012201-2022
Peshi : 29-11-2024
Publication Notice for Proclamation under section 82 CR.PC
M/S UP Money Vs Makhan Singh

Petition u/s 138 of negotiable instruments Act, 1881 Amended upto date

Notice To :
Makhan Singh S/o Sukhdev Singh R/o House No. 75, Ward No. 09, Teh. Sunam, Near Peer Bano Bnoney, Distt. sangrur, Punjab 148028

Whereas it has been proved to the satisfaction of this court that the accused above named can't be served in the ordinary way of service. Hence this proclamation under section 82 CRPC is hereby 29.11.2024 at 10.00 A.M.

Take notice that, in default of his/their appearance on the day before mentioned, the above said case will be heard and determined in his/their absence.

Give under my hand and the seal of the court, this

For details logon to https://highcourtchd.gov.in/?trs=district notice&district=ludhiana

Judicial Magistrate-1st Class Ludhiana

### CRIMINAL COURTS LUDHIANA

In the Court of
MS. Prabha Prashar
Judicial Magistrate-1st Class Ludhiana
CNR No. PBLD03-039142-2022
Peshi : 12-11-2024
Publication Notice for Proclamation under section 82 CR.PC
M/S UP Money
Vs
Harbhajan Singh

Petition U/S 138 of negotiable instruments Act, 1881 Amended upto date

Notice To :
Harbhajan Singh S/o Parkash Singh R/o Ward No. 06, Kulana Road, Budhlada, Near Dharamsala, Amandeep Gas Agency, Baba Jiwan Singh Gurudwara Distt. Mansa, Punjab.

Whereas it has been proved to the satisfaction of this court that the accused above named can't be served in the ordinary way of service. Hence this proclamation under section 82 CRPC is hereby 12.11.2024 at 10.00 A.M.

Take notice that, in default of his/their appearance on the day before mentioned, the above said case will be heard and determined in his/their absence.

Give under my hand and the seal of the court, this

For details logon to https://highcourtchd.gov.in/?trs=district notice&district=ludhiana

Judicial Magistrate-1st Class Ludhiana

### COURT NOTICE

In the court of Sh. Sumer Singh Gurjar, IAS, Financial Commissioner (Appeal) Punjab Civil Secretairat-2. Sector 9, Chandigarh.
Public Notice

The above mentioned case as per the given title is pending before this Court which relate to partition.

Title:
Satnam Singh and others ....Petitioners
Versus
Gurmej Singh @ Gurmail Singh and others ...Respondents

Public Notice is issued to the following respondents:

4. Faquir Singh, 5. Bikkar Singh. Both sons of Kartar Singh of resident VPO, Maher, Tehsil Nakodar, District Jalandhar. That the address of respondent No. 4 & 5 as mentioned in ROR No. 11 of 2024 are correct and only available with the petitioner. That petitioner is not aware about the any other address of above mentioned respondents No. 4&5 and their any legal heir.

Whereas in the said Revision Petition, the above mentioned person are impleaded as contesting respondents. And whereas it has been proved to the satisfaction of the Hon'ble Court that the respondents above named cannot be served in the ordinary way of service. The case is fixed for hearing on 13.11.2024 at 2.30 p.m. at Financial Commissioner (Appeal) Punjab Civil Secretariat-2 Sector 9, Chandigarh and if they want to defend their case they need to appear personally or through their representative on ------- at Financial Commissioner (Appeal) Punjab Civil Secretariat-2, Sector 9, Chandigarh.

Take the notice that in default of their appearance on the day as mentioned, the above said case will be heard and decided in their absence.

Given under my hand and seal Court on

(Sumer Singh Gurjar), IAS, Financial Commissioner (Appeal) Punjab Chandigarh.

# ਕਲਾਸੀਫਾਈਡ ਇਸ਼ਤਿਹਾਰ

### Change of Name

I Raminderjit Kaur W/O Kulwant Singh Maroak R/O New Model Town Kotli Road Patti Lakshian V.p.o. Malsian, Teh. Shahkot Dt. Jalandhar Have Changed My Name From Raminderjit Kaur To Raminderjit Kaur Maroak All Conserned Note.

I, Jaspal Singh S/o Bachan Singh R/o VPO Shampura, Tehsil Dera Baba Nanak, Distt. Gurdaspur have changed my name from Bhupinder Singh to Jaspal Singh. Please note. (B)

I, Mamta Ratti W/o Jatinder Sharma R/o H. No. 59-A, Sodal Road, Deen Dayal Upadhya Nagar, Jalandhar. That after my marriage I have changed my name from Mamta Ratti to Mamta Sharma. All concerned note.

I, Amarjit Pal S/o Dolat Ram resident of Kala Bahia Post office Nussi, Tehsil & Distt. Jalandhar, Punjab have changed my name from Amarjit to Amarjit Pal. All concerned please note. (10870)

I, Jagjit Singh S/O Swaran Singh R/O H .NO L-6 /2795 Gali No.6, Krishna Nagar,Tarn Taran Road Distt.Amritsar,Punjab have changed my name from Jagjit singh to Jagjit as my Given name and Singh as my Surname.Concerned note

I,Gurvinder Kaur W/O Jagjit Singh R/O H .NO L-6 /2795, Gali No.6, Krishna Nagar,Tarn Taran Road, Distt.Amritsar,Punjab have changed my name from Gurvinder Kaur to Gurwinder Kaur.Concerned note.

I, Kirti Seth S/O Prem Nath Seth R/O H. NO.11 B, Daya Nand Nagar, Gali No.1,Opp. Bijli Pehalwan Mandir, Lawrence Road, Amritsar, Punjab have changed my name from Kirti Seth to Kimti Seth.Concerned note.

I, RAGHBIR SINGH Son of KARTAR SINGH, R/o H.No. B-43/12/4, Punjabi Bagh, Mansoorwal Dona, Jalandhar Road, Kapurthala, Punjab, declare that I have to changed my name from "RAGBIR SINGH" to "RAGHBIR SINGH". All concerned noted.

I, PARAMJIT SINGH VIRDI Son of UJAGAR SINGH, R/o Village Kolianwal Purana, District Kapurthala, Punjab, India, declare that I have to change my name from "PARAMJIT SINGH" to "PARAMJIT SINGH VIRDI". All concerned noted.

I, Bhupinder Singh S/O Bachan Singh R/O VPO Shampura,Tehsil Dera Baba Nanak, Distt. Gurdaspur, Punjab have changed my name from Bhupinder Singh to Jaspal Singh. Concerned note.

I, Jaspal Singh S/o Kashmiri Lal, vpo Jamsher khas Nimma wala mohalla, Jalandhar have changed my son name from Padamjot to Prathamvir Singh

I, Neelam Rani D/o Yoginder Nath Upadhyay R/o H.No. 148 A, Avtar Nagar, Jalandhar, have changed my name from Neelam Rani to Neelam Upadhyay.

I, Ramandeep s/o Davinder Kumar R/o H.No. 129, Moti Bagh Colony, University Road,Jalandhar, Punjab, have changed my name from Ramandeep to Ramandeep Khuthan (surname as Khuthan)

I, Balbir Chand S/o Kehar Chand Toora R/o VPO Gumtala, Teh. Phillaur, Distt. Jalandhar have changed my name from Balbir Chand to Balbir Chand Toora. All Concerned please note. (10873)

I, Kuldip Singh S/o Harbans Singh R/o H.No.72, Gali No.4, Ganda Singh Colony, Tarn Taran Road, Amritsar have changed my name from Kuldip Singh to Kuldeep Singh

I, Kirpal Singh S/o Karam Singh R/o VPO Rasulpur Kalan Tehsil & District Amritsar have declare that Kirpal is my Given name and Singh is my Surname

I, Rajbir Singh S/o Bhan Singh R/o Leian Po Sarai Amant Khan Distt Tarn Taran have changed my name from Rajbir Singh to Raj Singh

I, Neha Sharma W/o Vishwajit Sharma R/o H.No.B-377, Mall Mandi, Guru Teg Bahadar Nagar Amritsar have changed my name from Neha Sharma to Parveen Rani

I, Harpreet Singh S/o Mukhtar Singh R/o Village Rai, Tehsil Lopoke, District Amritsar have declare that Harpreet is my Given name and Singh is my Surname

I, Anudeep Kaur Wife of Gagandeep Singh Sandhu R/o C-2170 Ranjit Avenue Amritsar Punjab. have changed my name to Anudeep Kaur Sandhu.

I, Bimla Puri and Savita Malhotra W/o Mohan Lal Malhotra R/o H.No.138, Head Water Works Road, Golden Avenue, Amritsar have declare that above both name's are mine one and same person

I, Kuldip Singh S/o Nirmal Singh R/o Village Rajdhan District Amritsar have changed my name from Kuldip Singh to Kuldeep Singh

I, Jagroop Singh S/o Jaswant Singh R/o VPO Guruwali, Pati Masadi Ki, Amritsar have declare that Jagroop is my Given name and Singh is my Surname.

I, Suvinder Kaur W/o Palwinder Singh R/o Village Harbanspura, PO Kasel, Tarn Taran, Punjab-143105 have changed my name from Suvinder Kaur to Sawinder Kaur.

I, Shweta Basu, W/O Abhimanyu Syal R/o 104, K-3, Near Uma Sanjeevni Hospital, Dlf Phase-2, ChakKarpur(74), Gurgaon, Haryana-122002. have changed my name and shall hereafter be Known as Shwetaa Basu Syal.

I, Dalia Uppal, W/O Puneet Uppal R/o House Number B-19, 1/2 Rahimpur Road, Uppal S Om Hospital Ward Number 15, Ranjeet Nagar, Hoshiarpur, Punjab- 146001. have changed my name and shall hereafter be Known as Dalia Sengupta.

I,Hema Rani W/O Jawahar Lal R/O Village Jagatpur Bajaj PO Kathu Nangal Distt.Amritsar,Punjab have changed my name from Hema Rani to Hema Sharma.Concerned note.

I , Lakhwinder Kaur W/o Nirmehal Singh R/o VPO Lidhran Distt. Jalandhar declare that I have changed my name from Kulwinder Kaur Alias Lakhwinder Kaur Lidhar to Lakhwinder Kaur Lidhar.

I, Narung Singh S/O Amar Singh, r/o V. Sarai Khas, Patti Utam, Jalandhar have changed my name from Narung Singh to Narang Singh. Concerned may noted

### Change of Name

I, Ashni Kumar S/O Ram Parkash R/O VPO. Kapoor Pind, Distt. Jalandhar -144025, Punjab have changed my name from Ashni Kumar to Kumar Ashni.(Kumar as surname). All note.

I, Tejinder Kaur w/o Harmeek Singh r/o VPO. Ranipur Kamboan, Tehsil Phagwara, Kapurthala have changed my name to Tajinder Kaur. All Please Note.

I, Harmik Singh s/o Jaspal Singh r/o VPO. Ranipur Kamboan, Tehsil Phagwara, Kapurthala have changed my name to Harmeek Singh. All Please Note.

I, Haripal Singh s/o Mohinder Singh r/o VPO. Kukar Pind, Distt. Jalandhar have changed my name from Paramjeet Singh to Haripal Singh. All Please Note.

I, Rattan s/o Jarnail Singh r/o H.No. 36-A, Narain Nagar, Basti Sheikh, Jalandhar have changed my name from Rattan to Paramjit Singh. All Please Note.

I, Prabhjeet s/o Roop Lal r/o Vill. Karari, Po. Kishangarh, Distt. Jalandhar have changed my name from Prabhjeet to Prabhjeet Chopra. All Please Note.

I, Parwinder Kaur w/o Bhupinder Singh r/o Vill. Uttal, Po. Mirpur Jattan, teh. Nawanshehr, SBS Nagar have changed the spelling of my name to Palwinder Kaur. All Please Note.

I, Sukhbinder Singh S/o Hazara Singh R/o VPO. Bainch Baja, Block Tanda, Hoshiarpur-144203, Punjab have changed my name from Sukhbinder Singh to Sukhwinder Singh. All Please Note.

I, Sandeep Kaur W/o Jaswinder Singh R/o Vill. Ucha, Po. Saiflabad, Kapurthala have changed my name from Sandeep Kaur to Kaur Sandeep (Surname as Kaur). All Please Note.

I, Sandeep Kaur W/o Jaswinder Singh R/o Vill. Ucha, Po. Saiflabad, Kapurthala have changed my minor son name from Jagraj Singh to Singh Jagraj (Surname as Singh). All Please Note.

I, Sandeep Kaur W/o Jaswinder Singh R/o Vill. Ucha, Po. Saiflabad, Kapurthala have changed my minor daughter name from Prabhjit Kaur to Kaur Prabhjit (Surname as Kaur). All Please Note.

I, hitherto known as Veneeta Rani W/o Rawinder Kumar R/o House Number 203, Street Number 9, Krishna Nagar, Jalandhar, Punjab-144008 have changed my name and shall hereafter be known as Vanita Rani.

I, Mandip Kaur Bal D/o Amar Singh W/o Sukhjinder Singh R/o H.No.10, Street No. 2, New Ranjitpura Sher Shah Suri Road Chheharta, Amritsar have changed my name from Mandip Kaur Bal to Mandip Kaur. All Please Note.

I, Vandana W/o Sanjeev Mohindru R/o H.No.55, Sodal Road, Shiv Nagar, Po. Industrial, Distt. Jalandhar have changed my name from Vandana to Vandana Mohindru. All Please Note.

I, Harkirat Singh S/o Puneet Singh R/o Vpo. Chaudhariwal Teh-Batala (Gurdaspur) Pb, have changed my name as Singh Harkirat.

I, Gagandeep S/O Chaman Lal Vpo Barian Kalan Tehsil Garhshankar Distt Hoshiarpur I Have Changed My Name To Gagandeep Dhanda.

I, Balinder Kumar S/o Jagat Ram R/o H.No. B-16/129, Street No. 11, Ward No. 13, Krishna Nagar, Hoshiarpur-146001, Punjab have changed the name of my minor daughter Anika Age 8 Years and she shall hereafter be known as Anika Kondal.

I, Balinder Kumar S/o Jagat Ram R/o H.No. B-16/129, Street No. 11, Ward No. 13, Krishna Nagar, Hoshiarpur-146001, Punjab have changed the name of my minor son Aryan Age 8 Years and he shall hereafter be known as Aryan Kondal.

### ਆਮ ਸੂਚਨਾ

ਮੈਂ, ਇੰਦਰਜੀਤ ਸਿੰਘ ਪੁੱਤਰ ਸ੍ਰੀ ਗਿਆਨ ਚੰਦ ਵਾਸੀ ਪਿੰਡ ਸੁਭਾਨਪੁਰ, ਡਾਕਖਾਨਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਪੁੱਤਰ ਪਵਨ ਕੁਮਾਰ ਨੂੰ ਮਿਤੀ 25 ਅਕਤੂਬਰ 1999 ਨੂੰ ਅਖ਼ਬਾਰ ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਪਰ ਹੁਣ ਇਹ ਮੇਰੇ ਕਹਿਣੇ ਵਿਚ ਹੈ। ਇਸ ਲਈ ਮੈਂ ਆਪਣੀ ਕੀਤੀ ਹੋਈ ਬੇਦਖਲੀ ਰੱਦ ਕਰਦਾ ਹਾਂ। ਸੰਬੰਧਤ ਨੋਟ ਕਰਨ।

ਮੈਂ, ਕਰਮਜੀਤ ਕੌਰ ਪੁੱਤਰੀ ਨਰੈਣ ਸਿੰਘ ਵਾਸੀ ਪਿੰਡ ਲਾਡਪੁਰ, ਤਹਿ. ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਹਾਲ ਪਤਨੀ ਕਰਮਜੀਤ ਸਿੰਘ ਪੁੱਤਰ ਭਾਗ ਸਿੰਘ ਵਾਸੀ ਪਿੰਡ ਰਾਜਪੁਰਾ ਤਹਿ. ਨਾਭਾ ਜ਼ਿਲ੍ਹਾ ਪਟਿਆਲਾ ਬਿਆਨ ਕਰਦੀ ਹਾਂ ਕਿ ਮੇਰੀ ਪਹਿਲਾਂ ਸ਼ਾਦੀ ਰਾਜਿੰਦਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਡਡਹੇੜੀ, ਤਹਿ. ਅਮਲੋਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਨਾਲ ਮਿਤੀ 20.09.2001 ਨੂੰ ਹੋਈ ਸੀ। ਵਿਆਹ ਤੋਂ ਕੁਝ ਸਮੇਂ ਬਾਅਦ ਮੇਰੇ ਪਤੀ ਰਾਜਿੰਦਰ ਸਿੰਘ ਦੀ ਮਿਤੀ 21.03.2002 ਨੂੰ ਮੌਤ ਹੋ ਗਈ ਸੀ। ਪਤੀ ਦੀ ਮੌਤ ਤੋਂ ਬਾਅਦ ਮੇਰੇ ਮਾਤਾ ਪਿਤਾ ਨੇ ਮਿਤੀ 10.12.2006 ਨੂੰ ਮੇਰੀ ਸ਼ਾਦੀ ਕਰਮਜੀਤ ਸਿੰਘ ਪੁੱਤਰ ਭਾਗ ਸਿੰਘ, ਪਿੰਡ ਰਾਜਪੁਰਾ, ਤਹਿ. ਨਾਭਾ, ਜ਼ਿਲ੍ਹਾ ਪਟਿਆਲਾ ਨਾਲ ਕਰ ਦਿੱਤੀ। ਮੇਰੇ ਪਹਿਲੇ ਪਤੀ ਰਾਜਿੰਦਰ ਸਿੰਘ ਦੀ ਜੋ ਚੱਲ-ਅਚੱਲ ਜਾਇਦਾਦ ਹੈ ਉਹ ਉਨ੍ਹਾਂ ਦੀ ਮੌਤ ਤੋਂ ਬਾਅਦ ਮੇਰੇ ਨਾਂਅ 'ਤੇ ਵਰਾਸਤ ਇੰਤਕਾਲ ਹੋ ਕੇ ਮਾਲ ਰਿਕਾਰਡ ਵਿਚ ਦਰਜ ਹੈ। ਮੈਂ ਉਕਤ ਜਾਇਦਾਦ ਵੇਚਣਾ ਚਾਹੁੰਦੀ ਹਾਂ, ਪਰ ਮੇਰੇ ਆਧਾਰ ਕਾਰਡ, ਵੋਟਰ ਕਾਰਡ ਤੇ ਹੋਰ ਦਸਤਾਵੇਜ਼ਾਂ ਵਿਚ ਮੇਰੇ ਪਤੀ ਕਰਮਜੀਤ ਸਿੰਘ ਦਾ ਨਾਂਅ ਦਰਜ ਹੈ। ਮੈਂ ਉਕਤ ਦਰਸਾਈ ਜਾਇਦਾਦ ਦੀ ਮਾਲਕ ਕਾਬਜ਼ ਹਾਂ। ਮੈਂ ਇਹ ਜਾਇਦਾਦ ਵੇਚਣਾ ਚਾਹੁੰਦੀ ਹਾਂ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਮੇਰੇ ਨਾਲ ਸੰਪਰਕ ਕਰੇ।

ਮੈਸ: ਜੀ ਪੀ ਰਾਇਸ ਮਿੱਲਜ਼ ਮੂਸਾ (ਮਾਨਸਾ) ਦਾ ਸੀ ਐੱਲ ਯੂ. ਜੋ ਜ਼ਿਲ੍ਹਾ ਟਾਊਨ ਪਲੈਨਰ ਦੇ ਰਿਕਾਰਡ ਵਿਚ ਦਰਜ ਹੈ। ਜਿਸ ਦੀ ਮਾਲਕੀ ਤਬਦੀਲ ਸੀ ਐੱਲ ਯੂ ਜੋ ਕਿ ਕੇ. ਜੀ. ਐਗਰੋ ਪਾਰਟਨਰ ਗੌਰਵ ਚਰਾਇਆ, ਨਿਤਿਨ ਚਰਾਇਆ ਨਾਂਅ ਕਰਵਾਉਣੀ ਹੈ। ਜੇਕਰ ਕਿਸੇ ਨੂੰ ਮਾਲਕੀ ਤਬਦੀਲ ਕਰਨ ਸੰਬੰਧੀ ਇਤਰਾਜ਼ ਹੈ ਤਾਂ ਉਹ (15 ਦਿਨਾਂ) ਦੇ ਅੰਦਰ-ਅੰਦਰ ਜ਼ਿਲ੍ਹਾ ਟਾਊਨ ਪਲੈਨਰ ਵਿਖੇ ਰੂਮ ਨੰਬਰ 9ਏ ਡੀ ਸੀ ਕੰਪਲੈਕਸ ਮਾਨਸਾ ਵਿਖੇ ਇਤਰਾਜ਼ ਦਰਜ ਕਰਵਾ ਸਕਦਾ ਹੈ।

### ਨਾਂਅ ਦੀ ਬਦਲੀ

ਮੈਂ, ਪਰਮਜੀਤ ਕੌਰ ਬਾਸੀ ਪੁੱਤਰੀ ਅਮਰੀਕ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਸ਼ਾਮਪੁਰ ਤਹਿ ਫਿਲੌਰ ਨੇ ਆਪਣਾ ਨਾਮ ਪਰਮਜੀਤ ਕੌਰ ਬਾਸੀ ਤੋਂ ਬਦਲ ਕੇ ਪ੍ਰਿਆ ਕੌਰ ਬਾਸੀ ਰੱਖ ਲਿਆ ਹੈ।

ਮੈਂ, ਕਮਲਜੀਤ ਪੁੱਤਰ ਪ੍ਰਕਾਸ਼ ਚੰਦ ਪਿੰਡ ਦੇ ਡਾਕ: ਪੱਦੀ ਜਗੀਰ, ਤਹਿ. ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਕਮਲਜੀਤ ਚੰਦਰ ਰੱਖ ਲਿਆ ਹੈ ਅਤੇ ਚੰਦਰ ਮੇਰਾ ਉਪ ਨਾਂਅ ਹੈ।

ਮੈਂ, ਆਰਤੀ ਬਾਲਾ ਪੁੱਤਰੀ ਕ੍ਰਿਸ਼ਨ ਲਾਲ ਪਤਨੀ ਰਾਕੇਸ਼ ਨਈਅਰ ਵਾਸੀ ਪਿੰਡ ਤੇ ਡਾਕਖਾਨਾ ਚੋਹਲਾ ਸਾਹਿਬ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਪੰਜਾਬ ਨੇ ਵਿਆਹ ਤੋਂ ਬਾਅਦ ਆਪਣਾ ਨਾਂਅ ਆਰਤੀ ਬਾਲਾ ਤੋਂ ਬਦਲ ਕੇ ਆਰਤੀ ਨਈਅਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਰਾਜੇਸ਼ ਕੁਮਾਰ ਪੁੱਤਰ ਸੱਜਣ ਕੁਮਾਰ, ਵਾਸੀ ਵਾਰਡ ਨੰਬਰ 10, ਗਲੀ ਨੰਬਰ 3 ਏ, ਏ. ਪੀ. ਇਨਕਲੇਵ ਧੂਰੀ (ਸੰਗਰੂਰ) ਨੇ ਆਪਣਾ ਨਾਂਅ ਬਦਲ ਕੇ ਰਾਜੇਸ਼ ਕੁਮਾਰ ਗਰਗ ਰੱਖ ਲਿਆ ਹੈ।

### ਬੇਦਖਲੀ ਨੋਟਿਸ

ਅਸੀਂ, ਸ਼ੰਭੂ ਪੁੱਤਰ ਸ੍ਰੀ ਕ੍ਰਿਸ਼ਨ ਨਾਥ ਅਤੇ ਮੀਰਾਂ ਪਤਨੀ ਸ੍ਰੀ ਸ਼ੰਭੂ ਦੋਵੇਂ ਵਾਸੀ ਵਾਰਡ ਨੰਬਰ 11 ਨਵੀਂ ਅਬਾਦੀ ਭੋਗਪੁਰ ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਅਸੀਂ ਰੋਜ਼ਾਨਾਂ ਅਖਵਾਰ ਰਾਹੀਂ ਆਪਣੇ ਪੁੱਤਰ ਮਿੱਟੂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਹੁਣ ਸਾਡਾ ਲੜਕਾ ਮਿੱਟੂ ਸਾਡੇ ਕਹਿਣੇਂ ਵਿੱਚ ਹੋਣ ਕਾਰਨ ਮੈਂ ਇਹ ਬੇਦਖਲੀ ਖਾਰਜ ਕਰਦੇ ਹਾਂ ਅਤੇ ਹੁਣ ਸਾਡਾ ਲੜਕਾ ਮਿੱਟੂ ਸਾਡੀ ਵਰਾਸਤ ਦਾ ਆਪਣੇ ਹਿੱਸੇ ਮੁਤਾਬਕ ਵਾਰਿਸ ਰਹੇਗਾ।

ਮੈਂ, Avtar Singh S/o Balwant Singh R/o H.No. 28 Sangat Singh Nagar Jalandhar ਬਿਆਨ ਕਰਦਾ ਹਾਂ ਕਿ ਮੇਰਾ ਲੜਕਾ Amandeep Singh @ Shubham ਮੇਰੇ ਕੰਟਰੋਲ ਵਿੱਚ ਨਹੀਂ ਹੈ ਅਤੇ ਮੇਰੇ ਆਗਿਆਕਾਰ ਨਹੀਂ ਹਨ ਅਤੇ ਬੁਰੀ ਸੰਗਤ ਵਿੱਚ ਹੈ। ਮੈਂ ਆਪਣੇ ਲੜਕੇ Amandeep Singh @ Shubham ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਉਸ ਨਾਲ ਲੈਣ ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਅਤੇ ਮੇਰਾ ਪਰਿਵਾਰ ਉਸ ਦੇ ਕਿਸੇ ਵੀ ਚੰਗੇ-ਮਾੜੇ ਕੰਮ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਮੈਂ ਰਘਬੀਰ ਸਿੰਘ ਪੁੱਤਰ ਮਾਲਕ ਸਿੰਘ ਵਾਸੀ ਪਿੰਡ ਕਲਾਨੌਰ ਤਹਿਸੀਲ ਕਲਾਨੌਰ ਜ਼ਿਲਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਣਜੀਤ ਸਿੰਘ ਜੋਕਿ ਆਪਣੀ ਮਨਮਰਜ਼ੀ ਕਰਦਾ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ ਨੂੰ ਆਪਣੀ ਚਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਆਪਣੇ ਚੰਗੇ ਮਾੜੇ ਕੰਮ ਦਾ ਉਹ ਖੁਦ ਜਿਮੇਵਾਰ ਹੋਵੇਗਾ ਅਤੇ ਉਸ ਨਾਲ ਲੈਣ ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਦੂ ਸਿੰਘ ਪੁੱਤਰ ਸ੍ਰੀ ਮੇਹਰ ਸਿੰਘ ਵਾਸੀ ਪੱਤੀ ਢਿੱਲੋਂ ਬੁੱਟਰ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੇ ਲੜਕਾ ਜਸਵਿੰਦਰ ਸਿੰਘ, ਸਨਪ੍ਰੀਤ ਸਿੰਘ ਅਤੇ ਨੂੰਹ ਨੰਨ੍ਹੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ ਅਤੇ ਆਪਣੀ ਮਰਜ਼ੀ ਕਰਕੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਵਿੰਦਰ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਪਿੰਡ ਬੁੱਧ ਸਿੰਘ ਵਾਲਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਨੀਸ਼ਾ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਓਮ ਪ੍ਰਕਾਸ਼ ਪੁੱਤਰ ਸ੍ਰੀ ਹਰਨਾਮ ਦਾਸ ਤਕਰੀਬਨ ਉਮਰ 57 ਸਾਲ ਅਤੇ ਪਰਮਜੀਤ ਕੌਰ ਪਤਨੀ ਓਮ ਪ੍ਰਕਾਸ਼ ਉਮਰ ਤਕਰੀਬਨ 53 ਸਾਲ ਵਾਸੀ ਪਚਰੰਗਾ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਹਨਿਤ ਕੁਮਾਰ ਅਤੇ ਨੂੰਹ ਮੋਨਿਕਾ, ਜੋ ਕੈਨੇਡਾ ਵਿਚ ਰਹਿੰਦੇ ਹਨ, ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਲੜਾਈ-ਝਗੜਾ ਕਰਦੇ ਹਨ। ਅਸੀਂ ਉਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੇਕਰ ਅੱਜ ਤੋਂ ਬਾਅਦ ਇਨ੍ਹਾਂ ਨਾਲ ਕੋਈ ਲੈਣ-ਦੇਣ ਕਰਦਾ ਹਾਂ ਤਾਂ ਉਹ ਇਸ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੰਦੀਪ ਕੌਰ ਪਤਨੀ ਕੁਲਦੀਪ ਸਿੰਘ, ਵਾਸੀ ਪਿੰਡ ਮਿਆਣੀ ਬੌਲਾ, ਡਾਕਖਾਨਾ ਸੈਫਲਾਬਾਦ, ਜਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰੋਸ਼ਨ ਸਿੰਘ ਅਤੇ ਉਸਦੀ ਪਤਨੀ ਮਨਜੀਤ ਕੌਰ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਅਤੇ ਉਸਦੀ ਪਤਨੀ ਨੂੰ ਆਪਣੀ ਤਮਾਮ ਚੱਲ-ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।ਮੇਰੇ ਉਕਤ ਲੜਕੇ ਰੋਸ਼ਨ ਸਿੰਘ ਅਤੇ ਉਸਦੀ ਪਤਨੀ ਮਨਜੀਤ ਕੌਰ ਨਾਲ ਜੋ ਕੋਈ ਵੀ ਕਿਸੇ ਵੀ ਕਿਸਮ ਦਾ ਲੈਣ-ਦੇਣ ਰੱਖਦਾ ਹੈ ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ।ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਨੀਤੂ ਬਾਲਾ ਪਤਨੀ ਸ੍ਰੀ ਕਮਲਜੀਤ ਸ਼ਰਮਾ ਵਾਸੀ ਪਿੰਡ ਤੇ ਡਾਕਖਾਨਾ ਬੇਗੋਵਾਲ, ਤਹਿਸੀਲ ਭੁਲੱਥ ਜ਼ਿਲ੍ਹਾ ਕਪੂਰਥਲਾ, ਪੰਜਾਬ 144621 ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਾਹਿਲ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਮਰਜੀਤ ਸਿੰਘ ਪੁੱਤਰ ਸ੍ਰ. ਬਲਵੰਤ ਸਿੰਘ ਵਾਸੀ ਮਕਾਨ ਨੰ: ਐਨ ਜੀ 54, ਪ੍ਰਭਾਤ ਨਗਰ (ਗਾਜ਼ੀ ਗੁੱਲਾ) ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਭਗਵੰਤ ਭਜਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਟਹਿਲ ਰਾਮ ਪੁੱਤਰ ਲੇਟ ਸਵਰਨ ਚੰਦ ਵਾਸੀ ਪਿੰਡ ਮਾਂਝੀ, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ, ਬਿਆਨ ਕਰਦਾ ਹਾਂ ਕਿ ਮੇਰਾ ਭਰਾ 'ਬਲਵਿੰਦਰ ਕੁਮਾਰ' ਸਾਡੇ ਮਾਤਾ ਪਿਤਾ ਦੀ ਮੌਤ ਹੋਣ ਕਰਕੇ ਮੇਰੇ ਪਾਸ ਰਹਿੰਦਾ ਸੀ ਅਤੇ ਹੁਣ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਆਪਣੇ ਸਾਰੇ ਰਿਸ਼ਤੇ ਨਾਤੇ ਖਤਮ ਕਰਕੇ ਉਸਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਹੁਣ ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸੰਬਧ ਨਹੀਂ ਰਿਹਾ ਹੈ । ਜੇਕਰ ਕੋਈ ਵਿਅਕਤੀ ਇਸ ਨਾਲ ਕਿਸੇ ਕਿਸਮ ਦਾ ਤਾਲੁਕ ਵਾਸਤਾ ਰੱਖਦਾ ਹੈ, ਜਾਂ ਇਸ ਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜਿੰਮੇਵਾਰ ਹੋਵੇਗਾ। ਸਾਰੇ ਸਬੰਧਤ ਨੋਟ ਕਰਨ ।

ਮੈਂ ਚਮਨ ਮਸੀਹ ਪੁੱਤਰ ਖਲੀਲ ਮਸੀਹ ਵਾਸੀ ਪਿੰਡ ਪੂਰੋਵਾਲ ਜੱਟਾਂ ਡਾਕਖਾਨਾ ਧਾਰੀਵਾਲ ਜ਼ਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਰਫ਼ਪਾਲ ਮਸੀਹ ਅਤੇ ਉਸ ਦੀ ਪਤਨੀ ਪੰਮ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹਨ । ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਸਰੋਜ ਸ਼ਰਮਾ ਪਤਨੀ ਜਨਕ ਰਾਜ ਵਾਸੀ ਮਕਾਨ ਨੰਬਰ 9/1, ਨਿਊ ਵਿਨੈ ਨਗਰ, ਜਲੰਧਰ-144001, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਸਾਹਿਲ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੁਖਵਿੰਦਰ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਮਕਾਨ ਨੰਬਰ 2, ਨਿਊ ਅਮਰੀਕ ਨਗਰ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜੈਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈ ਅਸ਼ੋਕ ਕੁਮਾਰ ਅਰੋੜਾ ਪੁੱਤਰ ਲਾਲ ਚੰਦ ਵਾਸੀ ਐਚ: ਐਲ: 117 ਰੂਪ ਨਗਰ , ਹਾਊਸਿੰਗ ਬੋਰਡ ਕਲੋਨੀ ਅੰਮ੍ਰਿਤਸਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੈਵਿਸ਼ਾਲ ਅਰੋੜਾ ਅਤੇ ਮੇਰੀ ਨੂੰਹ ਪਲਵੀ ਅਰੋੜਾ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ। ਇਹਨਾਂ ਨੂੰ ਮੈ ਆਪਣੀ ਚੱਲ ਅੱਚਲ ਜ਼ਮੀਨ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਇਹਨਾਂ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।ਸਾਰੇ ਸੰਬਧਤ ਕਿਰਪਾ ਕਰਕੇ ਨੋਟ ਕਰਨ।

ਮੈ ਮਦਨ ਲਾਲ ਸਿੰਘ ਪੁੱਤਰ ਲੇਟ ਸ੍ਰੀ ਪਰਮਾ ਨੰਦ ਵਾਸੀ ਮਕਾਨ ਨੰਬਰ 13, ਸ਼ੀਤਲ ਨਗਰ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਆਕਾਸ਼ ਕੁਮਾਰ ਅਤੇ ਉਸਦੀ ਪਤਨੀ ਸਵਿਤਾ ਰਾਣੀ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹਨ । ਜਿਸ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਅਤੇ ਇਹਨਾ ਦੇ ਬੱਚੇ ਯਸ਼ੀ ਅਤੇ ਯੁਵੀ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਨ੍ਹਾਂ ਦੇ ਨਾਲ ਕਿਸੇ ਤਰਾਂ ਦਾ ਲੈਣ ਦੇਣ ਕਰਦਾ ਹੈ , ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਸੁਰਜੀਤ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਝਬਾਲ ਖੁਰਦ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਰਿਪਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੋਪਾਲ ਸਿੰਘ ਪੁੱਤਰ ਸ. ਸਰਦੂਲ ਸਿੰਘ ਵਾਸੀ ਮਕਾਨ ਨੰਬਰ 130, ਤੁੰਗਪਾਈ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਬੇਟਾ ਗੁਰਦੀਪ ਸਿੰਘ ਅਤੇ ਇਸ ਦੀ ਪਤਨੀ ਮਨਦੀਪ ਕੌਰ ਘਰ ਵਿਚ ਨਿੱਕੀ-ਨਿੱਕੀ ਗੱਲ 'ਤੇ ਅਕਸਰ ਲੜਾਈ-ਝਗੜਾ ਕਰਦੇ ਰਹਿੰਦੇ ਹਨ ਅਤੇ ਮੇਰੇ ਕਹਿਣੇਕਾਰ ਨਹੀਂ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰ ਦਿੱਤਾ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜੀਵਨ ਪਤਨੀ ਸਬੀਰ ਅਹਿਮਦ ਵਾਸੀ ਮਕਾਨ ਨੰ. 16, ਕਾਲਾ ਸੰਘਿਆ ਰੋਡ, ਜੇਈ ਕਲੋਨੀ, ਕੋਟ ਸਦੀਕ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਸਬੀਰ ਅਹਿਮਦ ਉਰਫ਼ ਗੱਗੂ ਪੁੱਤਰ ਸਲੀਮ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪਟਾਕੇ ਵੇਚਣ/ਸਟਾਕ ਕਰਨ ਲਈ ਲਾਇਸੰਸ ਜਾਰੀ ਕਰਨ ਦੇ ਡਰਾਅ ਕੱਢੇ




**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਓਜਸਵੀ ਆਈ.ਏ.ਐਸ ਵੱਲੋਂ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਸ਼ੋਕਾ ਚੱਕਰ ਮੀਟਿੰਗ ਹਾਲ ਵਿਖੇ ਦੀਵਾਲੀ ਦੇ ਤਿਉਹਾਰ ਮੌਕੇ ਜ਼ਿਲੇ ਦੇ ਵੱਖ-ਵੱਖ ਸ਼ਹਿਰਾਂ/ਕਸਬਿਆਂ 'ਚ ਪਟਾਕੇ ਵੇਚਣ/ਸਟਾਕ ਕਰਨ ਲਈ 24 ਆਰਜ਼ੀ ਲਾਈਸੈਸ ਜਾਰੀ ਕਰਨ ਲਈ ਡਰਾਅ ਕੱਢੇ ਗਏ।ਇਹ ਡਰਾਅ ਨਿਰਪੱਖ, ਆਜ਼ਾਦਾਨਾ ਤੇ ਪਾਰਦਰਸ਼ੀ ਢੰਗ ਨਾਲ ਉਮੀਦਵਾਰਾਂ ਦੀ ਹਾਜ਼ਰੀ ਵਿੱਚ ਹੀ ਕੱਢੇ ਗਏ।ਇਸ ਮੌਕੇ ਜੀ.ਏ ਮੈਡਮ ਤੁਸ਼ਿਤਾ ਗੁਲਾਟੀ ਵੀ ਹਾਜ਼ਰ ਸੀ।ਡਰਾਅ ਕੱਢਣ ਤੋਂ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ ਨੇ ਹਾਜ਼ਰੀਨ ਬਿਨੈਕਾਰਾਂ ਵੱਲੋਂ ਪਾਸੋਂ ਵੱਖ-ਵੱਖ ਲਾਇਸੰਸ ਲੈਣ ਵਾਲਿਆਂ ਨੂੰ ਪਰਚੀਆਂ ਚੈੱਕ ਕਰਵਾਈਆਂ।ਇਸ ਡਰਾਅ ਦੀਆਂ ਪਰਚੀਆਂ ਮੌਕੇ 'ਤੇ ਵੀਡੀਓਗ੍ਰਾਫ਼ੀ ਕਰਦਿਆਂ ਬਿਨੈਕਾਰਾਂ ਤੋਂ ਹੀ ਕਢਵਾਈਆਂ ਗਈਆਂ। ਏ.ਡੀ.ਸੀ. (ਜ) ਨੇ ਦੱਸਿਆ ਕਿ ਜ਼ਿਲੇ ਦੀਆਂ 03 ਸਬ ਡਵੀਜ਼ਨਾਂ ਵਿੱਚ 24 ਆਰਜ਼ੀ ਲਾਈਸੈਂਸ ਜਾਰੀ ਕਰਨ ਲਈ ਕੁੱਲ 398 ਅਰਜ਼ੀਆਂ ਪ੍ਰਾਪਤ ਹੋਈਆਂ ਸਨ।ਉਨ੍ਹਾਂ ਦੱਸਿਆ ਕਿ ਜਿਲ੍ਹਾ ਫਰੀਦਕੋਟ ਲਈ ਪ੍ਰਾਪਤ ਕੁੱਲ 115 ਦਰਖਾਸਤਾਂ ਵਿੱਚੋਂ 15 ਆਰਜ਼ੀ ਲਾਈਸੈਂਸਾਂ ਦੇ ਡਰਾਅ ਕੱਢੇ ਗਏ।ਇਸੇ ਤਰ੍ਹਾਂ ਸਬ ਡਵੀਜ਼ਨ ਕੋਟਕਪੂਰਾ ਲਈ ਪ੍ਰਾਪਤ 272 ਦਰਖਾਸਤਾਂ 'ਚੋਂ 05 ਤੇ ਸਬ-ਡਵੀਜ਼ਨ ਜੈਤੋ ਲਈ ਪ੍ਰਾਪਤ ਕੁੱਲ 11 ਦਰਖਾਸਤਾਂ ਵਿੱਚੋਂ 04 ਆਰਜ਼ੀ ਲਾਈਸੈਂਸਾਂ ਦੇ ਡਰਾਅ ਕੱਢੇ ਗਏ।ਉਨ੍ਹਾਂ ਦੱਸਿਆ ਕਿ ਪਟਾਕੇ ਨਿਸਚਿਤ ਥਾਂਵਾਂ 'ਤੇ ਹੀ ਵੇਚੇ/ਸਟਾਕ ਕੀਤੇ ਜਾ ਸਕਣਗੇ ਅਤੇ ਬਿਨਾ ਲਾਇਸੈਸ ਤੋ ਕੋਈ ਵੀ ਵਿਅਕਤੀ ਪਟਾਕੇ ਨਹੀਂ ਵੇਚ ਸਕੇਗਾ।

## ਟੀ.ਬੀ. ਮਰੀਜ਼ਾਂ ਨੂੰ ਪੌਸ਼ਟਿਕ ਆਹਾਰ ਦੀਆਂ ਮੁਫ਼ਤ ਕਿੱਟਾਂ ਵੰਡੀਆਂ : ਡਾ. ਚੰਦਰ ਸ਼ੇਖਰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** ਸਿਹਤ ਵਿਭਾਗ ਵੱਲੋਂ ਟੀ.ਬੀ. ਦੇ ਮਰੀਜ਼ਾਂ ਨੂੰ ਰਾਸ਼ਨ ਕਿੱਟਾਂ ਦੇਣ ਦਾ ਉਪਰਾਲਾ ਲਗਾਤਾਰ ਜਾਰੀ ਹੈ। ਇਸੇ ਕੜੀ ਤਹਿਤ ਸਮਾਜ ਸੇਵੀ ਸੰਸਥਾ ਪ੍ਰਗਤੀ ਵੈਲਫੇਅਰ ਸੁਸਾਇਟੀ ਵੱਲੋਂ ਸਿਵਲ ਹਸਪਤਾਲ ਫਰੀਦਕੋਟ ਵਿਖੇ ਟੀ.ਬੀ ਵਿਭਾਗ ਦੇ 25 ਟੀ.ਬੀ ਮਰੀਜ਼ਾਂ ਨੂੰ ਮੁਫ਼ਤ ਰਾਸ਼ਨ ਕਿੱਟਾਂ ਵੰਡੀਆਂ ਗਈਆਂ।ਜ਼ਿਲ੍ਹਾ ਟੀ.ਬੀ ਅਫ਼ਸਰ ਡਾ. ਸਰਵਦੀਪ ਸਿੰਘ ਰੋਮਾਣਾ ਨੇ ਦੱਸਿਆ ਕਿ ਨਿਕਸ਼ੇ ਮਿੱਤਰਾ ਬਣੇ ਪ੍ਰਗਤੀ ਵੈਲਫੇਅਰ ਸੁਸਾਇਟੀ ਫ਼ਰੀਦਕੋਟ ਵੱਲੋਂ ਵੀ 51 ਟੀ ਬੀ ਦੇ ਮਰੀਜ਼ਾਂ ਨੂੰ ਛੇ ਮਹੀਨੇ ਦਾ ਮੁਫ਼ਤ ਰਾਸ਼ਨ ਦੇਣ ਲਈ ਗੋਦ ਲਿਆ ਹੈ।ਡਾ. ਚੰਦਰ ਸ਼ੇਖਰ ਸਿਵਲ ਸਰਜਨ ਨੇ ਦੱਸਿਆ ਕਿ ਟੀਬੀ ਦੀ ਬਿਮਾਰੀ ਪੂਰੀ ਤਰਾਂ ਇਲਾਜਯੋਗ ਹੈ, ਪ੍ਰੰਤੂ ਮਰੀਜ਼ ਸਮੇਂ ਸਿਰ ਦਵਾਈ ਦਾ ਸੇਵਨ, ਸਿਹਤ ਜਾਂਚ ਅਤੇ ਪੌਸ਼ਟਿਕ ਖੁਰਾਕ ਦੀ ਵਰਤੋਂ ਕਰੇ।ਇਲਾਜ ਦੌਰਾਨ ਤੰਬਾਕੂ ਤੇ ਹੋਰ ਨਸ਼ਿਆਂ ਦੇ ਸੇਵਨ ਤੋਂ ਪ੍ਰਹੇਜ ਕਰੇ।ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਵੀ ਪੌਸ਼ਟਿਕ ਖੁਰਾਕ ਲਈ 500 ਰੁਪਏ ਪ੍ਰਤੀ ਮਹੀਨਾ ਹਰੇਕ ਮਰੀਜ਼ ਨੂੰ ਜਾਰੀ ਕੀਤੇ ਜਾਦੇ ਹਨ। ਉਨ੍ਹਾਂ ਇਹ ਵੀ ਦੱਸਿਆ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਵੀ ਟੀ.ਬੀ. ਦੇ ਮਰੀਜ਼ਾਂ ਦੀ ਸਹਾਇਤਾ ਲਈ ਨਿੱਜੀ ਦਿਲਚਸਪੀ ਲੈ ਰਹੇ ਹਨ, ਉਨ੍ਹਾਂ ਵੱਲੋਂ ਇੱਕ ਅਕਾਊਂਟ ਖੋਲ੍ਹਿਆ ਗਿਆ ਹੈ, ਜਿਸ ਵਿੱਚ ਕੋਈ ਦਾਨੀ ਸੱਜਣ ਟੀ.ਬੀ ਦੇ ਮਰੀਜ਼ਾਂ ਲਈ ਰਾਸ਼ੀ ਦੇ ਕੇ ਸਹਿਯੋਗ ਦਾ ਪਾਤਰ ਬਣ ਸਕਦਾ ਹੈ।

## ਮਾਲਾਬਾਰ ਗੋਲਡ ਐਂਡ ਡਾਇਮੰਡਸ ਨੇ ਦੀਵਾਲੀ ਆਫਰ ਕੀਤੇ ਲਾਂਚ

**ਲੁਧਿਆਣਾ :** ਦੁਨੀਆ ਦੇ ਸਭ ਤੋਂ ਵੱਡੇ ਗਹਿਣਿਆਂ ਦੇ ਰਿਟੇਲਰਾਂ ਵਿੱਚੋਂ ਇੱਕ ਮਾਲਾਬਾਰ ਗੋਲਡ ਐਂਡ ਡਾਇਮੰਡਸ ਨੇ ਦੀਵਾਲੀ ਲਈ ਵਿਸ਼ੇਸ਼ ਆਫਰ ਪੇਸ਼ ਕੀਤੇ ਹਨ। ਇਸ ਆਫਰ ਅਧੀਨ ਗਾਹਕਾਂ ਨੂੰ ਹਰ ਖਰੀਦ ਦੇ ਨਾਲ ਗਾਰੰਟੀਸ਼ੁਦਾ ਸੋਨੇ ਦੇ ਸਿੱਕੇ ਅਤੇ ਕੀਮਤ ਵਿੱਚ ਤਬਦੀਲੀਆਂ ਤੋਂ ਬਚਣ ਲਈ ਗੋਲਡ ਰੇਟ ਪ੍ਰੋਟੈਕਸ਼ਨ ਪਲੈਨ ਹਾਸਲ ਹੋਵੇਗਾ। ਇਹ ਆਫਰ ਸੋਨੇ, ਹੀਰੇ ਅਤੇ ਕੀਮਤੀ ਪੱਥਰ ਦੇ ਗਹਿਣਿਆਂ 'ਤੇ ਉਪਲਬਧ ਹਨ।ਇਹਨਾਂ ਤਿਉਹਾਰੀ ਆਫ਼ਰਾਂ ਦਾ ਖੁਲਾਸਾ ਬਾਲੀਵੁੱਡ ਸਟਾਰ ਅਤੇ ਮਾਲਾਬਾਰ ਗੋਲਡ ਐਂਡ ਡਾਇਮੰਡਜ਼ ਦੇ ਬ੍ਰਾਂਡ ਅੰਬੈਸਡਰ ਅਨਿਲ ਕਪੂਰ ਦੁਆਰਾ ਰਾਜਸਥਾਨ ਦੇ ਜੋਧਪੁਰ ਵਿੱਚ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਵਿੱਚ ਕੀਤਾ ਗਿਆ। ਇਸ ਸਮਾਗਮ ਵਿੱਚ ਭਾਰਤ ਸੰਚਾਲਨ ਦੇ ਮੈਨੇਜਿੰਗ ਡਾਇਰੈਕਟਰ ਓ. ਆਸ਼ਰ, ਖੇਤਰੀ ਮੁਖੀ (ਉੱਤਰੀ) ਐਨ.ਕੇ. ਜਿਸ਼ਾਦ ਅਤੇ ਕੇ.ਪੀ. ਅਨੀਸ ਬਸ਼ੀਰ, ਜ਼ੋਨਲ ਹੈੱਡ (ਉੱਤਰੀ) ਸਮੇਤ ਹੋਰ ਪ੍ਰਮੁੱਖ ਹਸਤੀਆਂ ਵੀ ਮੌਜੂਦ ਸਨ।

## ਜ਼ਿਲ੍ਹਾ ਗੁਰਦਾਸਪੁਰ ਅੰਦਰ ਪਟਾਕਿਆਂ ਦੀ ਵੇਚ/ਖਰੀਦ ਲਈ ਥਾਵਾਂ ਨਿਰਧਾਰਤ

### ਰਾਤ 8 ਤੋਂ 10 ਵਜੇ ਤੱਕ ਹੀ ਪਟਾਕੇ ਚਲਾਉਣ ਦੇ ਹੁਕਮ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-** ਸੁਰਿੰਦਰ ਸਿੰਘ, ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ 31 ਅਕਤੂਬਰ (ਦੀਵਾਲੀ ਦੇ ਦਿਨ) ਰਾਤ 8-00 ਤੋਂ ਰਾਤ 10-00 ਵਜੇ ਤੱਕ, (ਗੁਰਪੁਰਬ ਦੇ ਦਿਨ) ਸਵੇਰੇ 4-00 ਵਜੇ ਤੋਂ ਸਵੇਰੇ 5-00 ਵਜੇ ਤੱਕ ਅਤੇ ਰਾਤ 9-00 ਵਜੇ ਤੋਂ ਰਾਤ 10-00 ਵਜੇ ਤੱਕ, ਕ੍ਰਿਸਮਿਸ ਅਤੇ ਨਵੇਂ ਸਾਲ ਵਾਲੇ ਦਿਨ, ਰਾਤ ਨੂੰ 11-55 ਵਜੇ ਤੋਂ ਸਵੇਰੇ 12-30 ਤੱਕ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਤਿਸ਼ਬਾਜ਼ੀ ਚਲਾਉਣ/ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ ।ਹੁਕਮਾਂ ਵਿੱਚ ਸਾਈਲੈਂਸ ਜ਼ੋਨ ਜਿਵੇਂ ਸਰਕਾਰੀ ਦਫ਼ਤਰਾਂ, ਜੰਗਲਾਤ, ਹਸਪਤਾਲਾਂ, ਵਿੱਦਿਆਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸੰਸਥਾਵਾਂ ਜਾਂ ਕੋਈ ਏਰੀਆ ਜਿਹੜਾ ਕਿ ਸਮਰੱਥ ਅਧਿਕਾਰੀ ਵੱਲੋਂ ਸਾਈਲੈਂਸ ਜ਼ੋਨ ਐਲਾਨਿਆ ਗਿਆ ਹੋਵੇ, ਦੇ 100 ਮੀਟਰ ਦੇ ਘੇਰੇ ਵਿੱਚ ਆਤਿਸ਼ਬਾਜ਼ੀ/ਪਟਾਕਿਆਂ ਨੂੰ ਚਲਾਉਣ 'ਤੇ ਵੀ ਮੁਕੰਮਲ ਪਾਬੰਦੀ ਲਗਾਈ ਗਈ ਹੈ। ਜਾਰੀ ਕੀਤੇ ਹੁਕਮਾਂ ਵਿੱਚ ਜ਼ਿਲ੍ਹਾ ਗੁਰਦਾਸਪੁਰ ਅੰਦਰ ਪਟਾਖਿਆਂ ਦੀ ਵੇਚ/ਖ੍ਰੀਦ ਲਈ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ।ਗੁਰਦਾਸਪੁਰ ਵਿਖੇ, ਗਰਾਊਂਡ, ਸਾਹਮਣੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ, ਬਟਾਲਾ ਵਿਖੇ, ਪਸ਼ੂ ਮੰਡੀ, ਬਟਾਲਾ ।ਦੀਨਾਨਗਰ ਵਿਖੇ ਦੁਸਹਿਰਾ ਗਰਾਊਂਡ, ਦੀਨਾਨਗਰ। ਡੇਰਾ ਬਾਬਾ ਨਾਨਕ/ਕਲਾਨੌਰ ਲਈ ਦਾਣਾ ਮੰਡੀ, ਡੇਰਾ ਬਾਬਾ ਨਾਨਕ ਵਿਖੇ ਅਤੇ ਫਤਹਿਗੜ੍ਹ ਚੂੜੀਆਂ, ਰੇਲਵੇ ਰੋਡ, ਖੇਡ ਸਟੇਡੀਅਮ, ਫਤਹਿਗੜ੍ਹ ਚੂੜੀਆਂ ਵਿਖੇ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ।ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪਟਾਕੇ ਵੇਚਣ ਦਾ ਸਮਾਂ ਸਵੇਰੇ 10-00 ਵਜੇ ਤੋਂ ਸ਼ਾਮ 7 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦੀਵਾਲੀ 'ਤੇ ਪਟਾਕੇ ਰਾਤ 8-00 ਵਜੇ ਤੋਂ ਲੈ ਕੇ ਰਾਤ 10-00 ਵਜੇ ਤੱਕ, ਕ੍ਰਿਸਮਿਸ ਤੇ ਨਵੇ ਸਾਲ ਵਾਲੇ ਦਿਨ ਰਾਤ 11.55 ਤੋਂ ਸਵੇਰੇ 12.30 ਵਜੇ ਤੱਕ, ਗੁਰਪੁਰਬ ਤੇ ਸਵੇਰੇ 4-00 ਵਜੇ ਤੋਂ ਸਵੇਰੇ 5-00 ਵਜੇ ਤੱਕ ਰਾਤ ਨੂੰ 9-00 ਵਜੇ ਤੋਂ ਰਾਤ 10-00 ਵਜੇ ਤੱਕ ਹੀ ਆਤਿਸ਼ਬਾਜ਼ੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਪਾਬੰਦੀ ਦੇ ਹੁਕਮ 22 ਅਕਤੂਬਰ, 2024 ਤੋਂ 20-12-2024 ਤੱਕ ਲਾਗੂ ਹੋਵੇਗਾ।

## ਕਾਹਲਵਾਂ 'ਚ ਨਵੇਂ ਬਣੇ ਪੰਚਾਇਤ ਮੈਂਬਰਾਂ ਦਾ ਕੀਤਾ ਵਿਸ਼ੇਸ਼ ਸਵਾਗਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-** ਪੰਚਾਇਤੀ ਚੋਣਾਂ ਦੌਰਾਨ ਪਿੰਡ ਕਾਹਲਵਾਂ 'ਚ ਸਰਪੰਚੀ ਦੀ ਚੋਣ ਨੂੰ ਛੱਡ ਕੇ ਤਿੰਨ ਮੈਂਬਰ ਪੰਚਾਇਤ ਬਣੇ ਜਿਨ੍ਹਾਂ ਨੇ ਕ੍ਰਿਸਚਨ ਕਲੋਨੀ ਦੇ ਸਮੂਹ ਵੋਟਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਸਾਬਕਾ ਸਰਪੰਚ ਸੁਲੱਖਣ ਮਸੀਹ ਨੇ ਦੱਸਿਆ ਕਿ ਪਿੰਡ 'ਚ ਚੋਣਾਂ ਦੌਰਾਨ ਕਾਂਗਰਸ ਪਾਰਟੀ ਦੇ ਤਿੰਨ ਮੈਂਬਰ ਪੰਚਾਇਤ ਬਣੇ ਹਨ, ਜਿਨ੍ਹਾਂ ਵਿੱਚ ਮਕਬੂਲ ਮਸੀਹ, ਅਮਾਨਤ ਮਸੀਹ ਅਤੇ ਪੰਚ ਅੰਜੂ ਨੂੰ ਲੋਕਾਂ ਨੇ ਵੋਟਾਂ ਪਾ ਕੇ ਜਤਾਇਆ। ਇਸ ਦੌਰਾਨ ਉਹਨਾਂ ਨੇ ਸਮੂਹ ਵੋਟਰਾਂ ਅਤੇ ਸਪੋਟਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਕਿਹਾ ਕਿ ਕਾਂਗਰਸ ਪਾਰਟੀ ਨੇ ਅਤੇ ਪਾਰਟੀ ਦੇ ਹਲਕਾ ਵਿਧਾਇਕ ਕਾਦੀਆਂ ਪ੍ਰਤਾਪ ਸਿੰਘ ਬਾਜਵਾ ਵਿਰੋਧੀ ਧਿਰ ਦੇ ਨੇਤਾ ਨੇ ਹਮੇਸ਼ਾ ਹੀ ਪੰਜਾਬ ਦੇ ਹਿੱਤਾਂ ਲਈ ਗੱਲ ਕੀਤੀ ਹੈ। ਇਸ ਮੌਕੇ ਸਾਬਕਾ ਸਰਪੰਚ ਸੁਲੱਖਣ ਮਸੀਹ ਅਤੇ ਤਿੰਨੋਂ ਨਵੇਂ ਬਣੇ ਮੈਂਬਰ ਪੰਚਾਇਤ ਨੇ ਇਲਾਕੇ ਦੇ ਵੋਟਰਾਂ ਸਪੋਟਰਾਂ ਅਤੇ ਸਮਰਥਕਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਕਿਹਾ ਕਿ ਪਿੰਡ ਦੇ ਵਿਕਾਸ ਵਿੱਚ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਸਾਬਕਾ ਸਰਪੰਚ ਸੁਲੱਖਣ ਮਸੀਹ ਨੇ ਨਵੇਂ ਬਣੇ ਪੰਚਾਇਤ ਮੈਂਬਰਾਂ ਦਾ ਹਾਰ ਪਾ ਕੇ ਵਿਸ਼ੇਸ਼ ਸਵਾਗਤ ਕੀਤਾ।

### ਬੇਦਖਲੀ ਨੋਟਿਸ

ਮੈਂ, ਵੀਨਾ ਕੁਮਾਰੀ ਪਤਨੀ ਜਸਵੰਤ ਰਾਜ ਵਾਸੀ ਪਿੰਡ ਘੁਰਾਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਅਤੁਲ ਭਾਰਤੀ ਅਤੇ ਉਸ ਦੀ ਪਤਨੀ ਸੁਨੇਹਾ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਵਰਨੀ ਪਤਨੀ ਪਿਆਰਾ ਲਾਲ ਵਾਸੀ ਪਿੰਡ ਸਲਾਰਪੁਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਲਛਮਣ ਦਾਸ ਅਤੇ ਉਸਦੀ ਪਤਨੀ ਗੀਤਾ ਰਾਣੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਸੀ ਪੀ ਆਈ ਐੱਮ ਦਾ ਡੈਲੀਗੇਟ ਅਜਲਾਸ ਹੋਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਸੀ.ਪੀ.ਆਈ.ਐੱਮ ਵੱਲੋਂ ਡੈਲੀਗੇਟ ਇਜਲਾਸ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਕਾਮਰੇਡ ਜਰਨੈਲ ਸਿੰਘ ਭੂੰਦੜ ਵੱਲੋਂ ਕੀਤੀ ਗਈ।ਇਸ ਇਜਲਾਸ ਵਿੱਚ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਡਾਕਟਰ ਸੁਖਮਿੰਦਰ ਸਿੰਘ ਬਾਠ ਉਚੇਚੇ ਤੌਰ 'ਤੇ ਹਾਜ਼ਰ ਹੋਏ।ਇਜਲਾਸ ਸ਼ੁਰੂ ਕਰਨ ਤੋਂ ਪਹਿਲਾਂ ਪਿਛਲੇ ਸਮੇਂ ਵਿੱਛੜ ਚੁੱਕੇ ਸਾਥੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੁਰੀ, ਕਾਮਰੇਡ ਬੁੱਧਦੇਵ ਭੱਟਾਚਾਰੀਆ, ਕਾਮਰੇਡ ਰਾਣਾ ਮਸੀਹ, ਕਾਮਰੇਡ ਜੀਤਾ ਸਿੰਘ ਨਾਰੰਗ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਹਾਜ਼ਰ ਡੈਲੀਗੇਟਾ ਵੱਲੋਂ ਕਾਮਰੇਡ ਬਲਕਾਰ ਸਿੰਘ ਮੰਡੀ ਕਲਾਂ, ਕਾਮਰੇਡ ਬਲਜਿੰਦਰ ਸਿੰਘ ਦਿਆਲਪੁਰਾ ਮਿਰਜ਼ਾ, ਕਾਮਰੇਡ ਰਾਜ ਕੁਮਾਰ, ਕਾਮਰੇਡ ਜ਼ਾਕਿਰ ਹੁਸੈਨ, ਕਾਮਰੇਡ ਪਰਸ਼ੂ ਰਾਮ, ਕਾਮਰੇਡ ਜਰਨੈਲ ਸਿੰਘ ਭੂੰਦੜ, ਕਾਮਰੇਡ ਦਰਸ਼ਨ ਸਿੰਘ ਪੇਸ਼ੀਆਂ ਨੂੰ ਤਹਿਸੀਲ ਕਮੇਟੀ ਮੈਂਬਰ ਚੁਣਿਆ ਗਿਆ ਤੇ 4 ਸੀਟਾਂ ਖਾਲੀ ਰੱਖੀਆਂ ਗਈਆਂ।ਹਾਜ਼ਰ ਕਮੇਟੀ ਮੈਂਬਰਾਂ ਨੇ ਜ਼ਿਲ੍ਹਾ ਸਕੱਤਰ ਕਾਮਰੇਡ ਡਾਕਟਰ ਸੁਖਮਿੰਦਰ ਸਿੰਘ ਬਾਠ ਦੀ ਹਾਜ਼ਰੀ ਵਿੱਚ ਕਾਮਰੇਡ ਬਲਕਾਰ ਸਿੰਘ ਮੰਡੀ ਕਲਾਂ ਨੂੰ ਤਹਿਸੀਲ ਰਾਮਪੁਰਾ ਫੂਲ ਦਾ ਸਕੱਤਰ ਚੁਣਿਆ ਗਿਆ। ਇਸ ਸਮੇਂ ਹਾਜ਼ਰ ਕਮੇਟੀ ਮੈਂਬਰਾਂ ਨੇ ਆਪਸੀ ਤਾਲਮੇਲ ਨਾਲ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਸੀ.ਪੀ.ਆਈ. (ਐੱਮ) ਦੀ ਮੈਂਬਰਸ਼ਿਪ ਦੇ ਵਾਧੇ ਤੇ ਪਾਰਟੀ ਦੀ ਵਿਚਾਰਧਾਰਾ ਨੂੰ ਘਰ-ਘਰ ਪੁਚਾਉਣ ਲਈ ਹਰ ਸੰਭਵ ਯਤਨ ਕਰਨ ਦਾ ਪ੍ਰਣ ਕੀਤਾ ਗਿਆ।

## ਨਸ਼ਾ ਮੁਕਤੀ ਮੁਹਿੰਮ ਦਾ ਸਫ਼ਲ ਆਯੋਜਨ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਲਾਈਟ ਲੌਂਗੋਵਾਲ ਦੇ ਲੜਕੇ ਹੋਸਟਲ-3 ਵਿੱਚ ਡਾਇਰੈਕਟਰ ਮਨੀ ਕਾਂਤ ਪਾਸਵਾਨ ਦੀ ਅਗਵਾਈ ਹੇਠ ਨਸ਼ਾ ਮੁਕਤੀ ਅਭਿਆਨ ਦਾ ਸਫ਼ਲ ਆਯੋਜਨ ਕੀਤਾ ਗਿਆ।ਇਸ ਵਿੱਚ ਵਿਦਿਆਰਥੀਆਂ ਤੇ ਸਟਾਫ ਨੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਅਭਿਆਨ ਦਾ ਮੁੱਖ ਉਦੇਸ਼ ਨਸ਼ਿਆਂ ਖਿਲਾਫ ਜਾਗਰੂਕਤਾ ਫੈਲਾਉਣਾ ਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ।ਕੌਂਸਲਰ ਡਾ. ਸ਼ੇਰੀਅਨ ਨੇ ਨਸ਼ੇ ਦੇ ਮਾੜੇ ਪ੍ਰਭਾਵਾਂ ਤੇ ਨਸ਼ਾ ਮੁਕਤ ਜੀਵਨ ਦੇ ਲਾਭਾਂ ਬਾਰੇ ਜਾਣਕਾਰੀ ਦਿੱਤੀ।ਡਾਇਰੈਕਟਰ ਮਨੀ ਕਾਂਤ ਪਾਸਵਾਨ ਨੇ ਕਿਹਾ ਕਿ ਅਜਿਹੇ ਅਭਿਆਨ ਵਿਦਿਆਰਥੀਆਂ ਦੇ ਸਰੀਰਿਕ ਤੇ ਮਾਨਸਿਕ ਵਿਕਾਸ ਲਈ ਫ਼ਾਇਦੇਮੰਦ ਹੁੰਦੇ ਹਨ ਤੇ ਸਿਹਤਮੰਦ ਜੀਵਨ ਸ਼ੈਲੀ ਉਨ੍ਹਾਂ ਦੇ ਉਜਵਲ ਭਵਿੱਖ ਦੀ ਨੀਂਹ ਹੈ।ਇਸ ਅਭਿਆਨ ਦੇ ਆਯੋਜਨ ਵਿੱਚ ਅਖੀਰਲੇ ਸਾਲ ਦੇ ਵਿਦਿਆਰਥੀ ਪ੍ਰਤੀਕ ਕਮਲ ਨੇ ਮੁੱਖ ਭੂਮਿਕਾ ਨਿਭਾਈ।ਉਸ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਅਸੀਂ ਆਪਣੇ ਸਾਥੀਆਂ ਨੂੰ ਜਾਗਰੂਕ ਕਰ ਰਹੇ ਹਾਂ। ਇਸ ਮੁਹਿੰਮ ਨੇ ਵਿਦਿਆਰਥੀਆਂ ਨੂੰ ਨਸ਼ਾ ਛੱਡ ਕੇ ਚੰਗੇ ਭਵਿੱਖ ਵੱਲ ਵਧਣ ਲਈ ਪ੍ਰੇਰਤ ਕੀਤਾ।

## ਕਾਲਾ ਮਾਂਗਟ ਸਭ ਤੋਂ ਵੱਧ ਵੋਟਾਂ ਹਾਸਲ ਕਰਕੇ ਬਣਿਆ ਸਰਪੰਚ



**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਰਾਮਪੁਰ ਵਿਖੇ ਪੰਚਾਇਤ ਦੀ ਚੋਣ ਦੌਰਾਨ 'ਆਪ' ਆਗੂ ਜਸਵੰਤ ਸਿੰਘ ਮਾਂਗਟ (ਕਾਲਾ) ਸਰਪੰਚ ਚੁਣੇ ਗਏ।ਉਨ੍ਹਾਂ ਆਪਣੇ ਵਿਰੋਧੀ ਕਾਂਗਰਸ ਪਾਰਟੀ ਦੇ ਕੁਲਦੀਪ ਸਿੰਘ ਮਾਂਗਟ ਨੂੰ 1310 ਵੋਟਾਂ ਨਾਲ ਹਰਾਇਆ।ਪਿੰਡ ਰਾਮਪੁਰ ਵਿਖੇ 3500 ਦੇ ਕਰੀਬ ਵੋਟਾਂ ਪਈਆਂ, ਜਿਸ ਵਿੱਚ 2279 ਦੇ ਕਰੀਬ ਕਾਲਾ ਮਾਂਗਟ ਨੂੰ ਤੇ ਕੁਲਦੀਪ ਮਾਂਗਟ ਨੂੰ 969 ਦੇ ਕਰੀਬ ਵੋਟਾਂ ਪਈਆਂ।ਇਸ ਜਿੱਤ ਵਿੱਚ ਸਮੂਹ ਨਗਰ ਨਿਵਾਸੀਆਂ ਦੇ ਨਾਲ ਨਾਲ ਪਿੰਡ ਦੇ ਐਨ ਆਰ ਆਈ ਵੀਰਾਂ ਦਾ ਵੱਡਾ ਯੋਗਦਾਨ ਰਿਹਾ ਹੈ।ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਹੀ ਇਮਾਨਦਾਰੀ ਨਾਲ ਵਿਕਾਸ ਕਾਰਜ ਕਰਦੇ ਰਹਿਣਾ ਉਨ੍ਹਾਂ ਦਾ ਮਿਸ਼ਨ ਹੋਵੇਗਾ।ਹਲਕਾ ਪਾਇਲ ਵਿੱਚ ਸਭ ਤੋਂ ਵਧ ਵੋਟਾਂ ਨਾਲ ਜਿੱਤ ਪ੍ਰਾਪਤ ਕਰਨ ਵਾਲੇ ਪਿੰਡ ਰਾਮਪੁਰ ਦੇ ਨਵ ਨਿਯੁਕਤ ਸਰਪੰਚ ਕਾਲਾ ਮਾਂਗਟ ਨੇ ਸਾਰਿਆਂ ਦਾ ਦਿਲੋਂ ਧੰਨਵਾਦ ਕੀਤਾ।ਪਿੰਡ ਰਾਮਪੁਰ ਦੇ 11 ਵਾਰਡਾਂ 'ਚੋਂ ਇੱਕ ਵਾਰਡ ਦਾ ਪੰਚ ਸਰਬਸੰਮਤੀ ਨਾਲ ਬਣ ਗਿਆ ਸੀ ਤੇ 11 ਵਿੱਚੋਂ 10 ਪੰਚ ਜਸਵੰਤ ਸਿੰਘ ਕਾਲਾ ਮਾਂਗਟ ਦੇ ਜਿੱਤੇ।

## ਲੇਖਕ-ਪਾਠਕ ਸਾਹਿਤ ਸਭਾ ਨੇ ਕੀਤਾ ਯਾਦਗਾਰੀ ਸਮਾਗਮ



**ਬਰਨਾਲਾ (ਪੱਤਰ ਪ੍ਰੇਰਕ)**-ਲੇਖਕ ਪਾਠਕ ਸਾਹਿਤ ਸਭਾ (ਰਜਿ.) ਵੱਲੋਂ ਸਵ. ਹਰਦੀਪ ਕੌਰ ਚੰਡਿਹੋਕ ਯਾਦਗਾਰੀ ਸਨਮਾਨ ਸਮਾਗਮ ਸਥਾਨਕ ਸ਼ਹੀਦ ਹੌਲਦਾਰ ਬਿੱਕਰ ਸਿੰਘ ਸਰਕਾਰੀ ਸੀਨੀਅਰ ਮੀਤ ਸੈਕੰਡਰੀ ਸਕੂਲ ਆਫ ਐਮੀਨੈਂਸ ਵਿਖੇ ਸ਼੍ਰੋਮਣੀ ਸਾਹਿਤਕਾਰ ਓਮ ਪ੍ਰਕਾਸ਼ ਗਾਸੋ ਦੀ ਪ੍ਰਧਾਨਗੀ ਹੇਠ ਕਰਾਇਆ ਗਿਆ।ਸਭਾ ਦੇ ਪ੍ਰੈੱਸ ਸਕੱਤਰ ਮਨਦੀਪ ਕੁਮਾਰ ਨੇ ਦੱਸਿਆ ਕਿ ਲੇਖਕ ਪਾਠਕ ਸਾਹਿਤ ਸਭਾ (ਰਜਿ.) ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਸਵਰਗੀ ਹਰਦੀਪ ਕੌਰ ਚੰਡਿਹੋਕ ਦੀ ਯਾਦ ਨੂੰ ਸਮਰਪਤ ਸਮਾਗਮ ਦੌਰਾਨ ਪ੍ਰਬੁੱਧ ਪਾਠਕ ਬੀਰਪਾਲ ਕੌਰ ਹੰਡਿਆਇਆ ਦਾ ਸਨਮਾਨ ਚਿੰਨ੍ਹ, ਫੁਲਕਾਰੀ, ਪੁਸਤਕਾਂ ਤੇ ਨਕਦ ਰਾਸ਼ੀ ਨਾਲ ਸਨਮਾਨ ਕੀਤਾ ਗਿਆ।ਬੀਰਪਾਲ ਕੌਰ ਹੰਡਿਆਇਆ ਨੇ ਸਭਾ ਅਤੇ ਪਰਵਾਰ ਦਾ ਧੰਨਵਾਦ ਕਰਦਿਆਂ ਇਸ ਸਨਮਾਨ 'ਤੇ ਖੁਸ਼ੀ ਜ਼ਾਹਰ ਕੀਤੀ। ਸਭ ਤੋਂ ਪਹਿਲਾਂ ਤੇਜਿੰਦਰ ਚੰਡਿਹੋਕ ਨੇ ਸਾਰੇ ਸਾਹਿਤਕ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਅਤੇ ਸਨੇਹੀਆਂ ਨੂੰ ਸਮੇਂ ਵਿੱਚੋ ਸਮਾਂ ਕੱਢ ਕੇ ਸਮਾਗਮ ਵਿੱਚ ਆਉਣ ਵਾਸਤੇ ਜੀ ਆਇਆਂ ਆਖਦਿਆਂ ਸਕੂਲ ਮੁਖੀ ਹਰੀਸ਼ ਬਾਂਸਲ ਹੁਰਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਵੀ ਕੀਤਾ।

## ਅਧਿਆਪਕ-ਮਾਪੇ ਮਿਲਣੀ 'ਚ ਨਵੀਂ ਚੁਣੀ ਪੰਚਾਇਤ ਵੱਲੋਂ ਸ਼ਮੂਲੀਅਤ




**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਕਾਰੀ ਮਿਡਲ ਸਕੂਲ ਸਿੱਧਵਾਂ ਵਿਖੇ ਸਕੂਲ ਦੇ ਇੰਚਾਰਜ ਮਨਮੋਹਨ ਰਾਏ ਥਾਪਰ ਦੀ ਅਗਵਾਈ ਵਿੱਚ ਅਧਿਆਪਕ ਮਾਪੇ ਮਿਲਣੀ ਕਰਾਈ ਗਈ।ਇਸ ਮੌਕੇ ਪਿੰਡ ਦੀ ਨਵੀਂ ਚੁਣੀ ਗਈ ਪੰਚਾਇਤ ਵੱਲੋਂ ਸ਼ਮੂਲੀਅਤ ਕੀਤੀ ਗਈ, ਜਿਨ੍ਹਾਂ ਦਾ ਸਕੂਲ ਦੇ ਸਟਾਫ ਵੱਲੋਂ ਸਵਾਗਤ ਕੀਤਾ ਗਿਆ।ਮਿਲਣੀ ਦੀ ਸ਼ੁਰੂਆਤ ਪਿੰਡ ਦੇ ਸਰਪੰਚ ਹਰਪਾਲ ਸਿੰਘ ਨੇ ਰੀਬਨ ਕੱਟ ਕੇ ਕੀਤੀ।ਸਕੂਲ ਦੇ ਇੰਚਾਰਜ ਮਨਮੋਹਨ ਰਾਏ ਥਾਪਰ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਅਤੇ ਪੰਚਾਇਤ ਮੈਂਬਰਾਂ ਨੂੰ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਨਵੀਂ ਚੁਣੀ ਗਈ ਪੰਚਾਇਤ ਵੱਲੋਂ ਸਕੂਲ ਦੇ ਸਟਾਫ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਬੰਸ ਸਿੰਘ, ਜੋਗਿੰਦਰ ਸਿੰਘ, ਚੇਅਰਮੈਨ ਰਾਜਵਿੰਦਰ ਕੌਰ ਤੇ ਲੈਕਚਰਾਰ ਮਨਪ੍ਰੀਤ ਸਿੰਘ ਵੀ ਮੌਜੂਦ ਸਨ।

## ਖਿਡਾਰੀਆਂ ਨੂੰ ਕ੍ਰਿਕਟ ਕਿੱਟਾਂ ਵੰਡੀਆਂ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਮੰਡੀ ਪੰਜੇ ਕੇ ਉਤਾੜ ਦੇ ਨਵਨਿਯੁਕਤ ਸਰਪੰਚ ਰਮੇਸ਼ ਕੁਮਾਰ ਸੋਨੂੰ ਕੰਬੋਜ ਵੱਲੋਂ ਖੇਡਾ ਨੂੰ ਉਤਸ਼ਾਹਤ ਕਰਨ ਲਈ ਪਹਿਲਾਂ ਵੀ ਹਰ ਸੰਭਵ ਯਤਨ ਕੀਤੇ ਜਾਂਦੇ ਰਹੇ ਹਨ, ਜਿਸ ਤਹਿਤ ਆਪਣੇ ਨਿਵਾਸ ਸਥਾਨ 'ਤੇ ਨੌਜਵਾਨਾਂ ਨੂੰ ਕ੍ਰਿਕਟ ਕਿੱਟਾਂ ਵੰਡੀਆਂ ਗਈਆਂ।ਸਰਪੰਚ ਰਮੇਸ਼ ਕੰਬੋਜ ਨੇ ਦੱਸਿਆ ਕਿ ਜਲਦੀ ਹੀ 50 ਕਿੱਟਾਂ ਹੋਰ ਆ ਜਾਣਗੀਆਂ, ਜੋ ਨੌਜਵਾਨਾਂ ਨੂੰ ਵੰਡੀਆਂ ਜਾਣਗੀਆਂ ਤੇ ਖਿਡਾਰੀਆਂ ਨੂੰ ਪਹਿਲ ਦੇ ਆਧਾਰ ਤੇ ਖੇਡਾਂ ਦਾ ਸਮਾਨ ਮੁਹੱਈਆ ਕਰਾਇਆ ਜਾਵੇਗਾ। ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਵੱਲੋਂ ਮੂੰਹ ਮੋੜ ਕੇ ਖੇਡਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਜੁ ਪਰਵਾਰ ਅਤੇ ਸਮਾਜ ਵਿੱਚ ਵਧੀਆ ਮਾਹੌਲ ਸਿਰਜਿਆ ਜਾ ਸਕੇ।

## ਸਕੂਲਾਂ 'ਚ ਮੈਗਾ ਮਾਪੇ-ਅਧਿਆਪਕ ਮਿਲਣੀ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੂਰੇ ਰਾਜ ਦੇ ਸਕੂਲਾਂ ਵਿੱਚ ਆਯੋਜਤ ਕੀਤੀ ਗਈ ਮੈਗਾ ਮਾਪੇ-ਅਧਿਆਪਕ ਮਿਲਣੀ (ਪੀ.ਟੀ.ਐਮ) ਤਹਿਤ ਡਿਪਟੀ ਕਮਿਸ਼ਨਰ ਸ਼੍ਰੀ ਵਿਨੀਤ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਮੁੱਚੇ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਮੈਗਾ-ਮਾਪੇ ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਵੇਰੇ 9 ਵਜੇ ਤੋਂ ਦੁਪਹਿਰ 2.30 ਵਜੇ ਤੱਕ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪੇ ਸਕੂਲ ਪਹੁੰਚ ਕੇ ਅਧਿਆਪਕਾਂ ਨੂੰ ਮਿਲੇ ਤੇ ਉਨ੍ਹਾਂ ਨਾਲ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ।ਡਿਪਟੀ ਕਮਿਸ਼ਨਰ ਸ਼੍ਰੀ ਵਿਨੀਤ ਕੁਮਾਰ ਨੇ ਕਿਹਾ ਕਿ ਮਾਪੇ-ਅਧਿਆਪਕ ਮਿਲਣੀ ਨਾਲ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਵਿਚਾਲੇ ਆਪਸੀ ਸਾਂਝ ਹੋਰ ਮਜ਼ਬੂਤ ਹੁੰਦੀ ਹੈ, ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆਉਂਦੇ ਹਨ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦਾ ਮਨੋਬਲ ਉੱਚਾ ਚੁੱਕਣ ਲਈ ਅਧਿਆਪਕ ਉਨ੍ਹਾਂ ਨੂੰ ਸਕੂਲਾਂ ਵਿੱਚ ਦੋਸਤਾਨਾ ਮਾਹੌਲ ਮੁਹੱਈਆ ਕਰਾਉਣਾ ਯਕੀਨੀ ਬਣਾਉਣ ਤਾਂ ਜੁ ਉਹ ਬੇਝਿਜਕ ਹੋ ਕੇ ਆਪਣੀਆਂ ਵਿੱਦਿਅਕ ਉਲਝਣਾਂ ਦਾ ਹੱਲ ਕਰਾ ਸਕਣ।

## ਅਮਰ ਸਿੰਘ ਬਿਸ਼ਨੋਈ ਨੇ ਦਿੱਤੀਆਂ ਡੇਰਾ ਮੁਖੀ ਦੇ ਹੱਕ 'ਚ ਦਲੀਲਾਂ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਡੇਰਾ ਜਗਮਾਲਵਾਲੀ ਦੇ ਨਵੇਂ ਬਣੇ ਡੇਰਾ ਮੁਖੀ ਵਰਿੰਦਰ ਸਿੰਘ ਢਿੱਲੋਂ 'ਤੇ ਲਗਾਤਾਰ ਗੰਭੀਰ ਇਲਜ਼ਾਮ ਲਾਉਣ ਵਾਲੇ ਅਮਰ ਸਿੰਘ ਬਿਸ਼ਨੋਈ ਨੇ ਨਾਟਕੀ ਢੰਗ ਨਾਲ ਡੇਰਾ ਜਗਮਾਲਵਾਲੀ ਪੁੱਜ ਕੇ ਐਲਾਨ ਕੀਤਾ ਕਿ ਮਰਹੂਮ ਸੰਤ ਵਕੀਲ ਸਾਹਿਬ ਦੇ ਇਲਾਜ ਤੋਂ ਲੈ ਕੇ ਡੇਰੇ ਦਾ ਸਾਰਾ ਸਿਸਟਮ ਠੀਕ ਹੈ। ਬਿਸ਼ਨੋਈ ਨੇ ਕਿਹਾ ਗੁਰਗੱਦੀ ਨਾਲ ਸੰਬੰਧਤ ਸਾਰੇ ਸਬੂਤਾਂ ਵਿੱਚ ਕੋਈ ਕਮੀ ਨਹੀਂ ਹੈ।ਉਨ੍ਹਾਂ ਕਿਹਾ ਕਿ ਸੰਤ ਬਹਾਦਰ ਚੰਦ ਵਕੀਲ ਸਾਹਿਬ ਦੇ ਚੋਲਾ ਛੱਡਣ ਤੋਂ ਬਾਅਦ ਅਫ਼ਵਾਹਾਂ ਫੈਲਾਉਣ ਵਾਲੇ ਬਹੁਤ ਸਾਰੇ ਲੋਕਾਂ ਤੋਂ ਮੈਂ ਪ੍ਰਭਾਵਤ ਹੋ ਗਿਆ, ਪਰ ਹੁਣ ਮੈਂ ਸਾਰੀ ਸੰਗਤ ਤੋਂ ਮੁਆਫੀ ਮੰਗਦਾ ਹਾਂ। ਉਨ੍ਹਾਂ ਕਿਹਾ ਕਿ ਡੇਰੇ ਦੀ ਵਿਵਸਥਾ ਠੀਕ ਹੈ। ਉਨ੍ਹਾਂ ਕਿਹਾ ਕਿ ਨਵੇਂ ਬਣੇ ਡੇਰਾ ਮੁਖੀ ਵਰਿੰਦਰ ਸਿੰਘ ਢਿੱਲੋਂ ਉਸਦੇ ਪੁਰਾਣੇ ਦੋਸਤ ਹਨ ਤੇ ਮੇਰੇ ਵੱਲੋਂ ਲਾਏ ਗਏ ਸਾਰੇ ਦੋਸ਼ ਬੇਬੁਨਿਆਦ ਹਨ। ਅਮਰ ਵਿਸ਼ਨੋਈ ਨੇ ਡੇਰਾ ਮੁਖੀ ਖਿਲਾਫ਼ ਆਪਣੇ ਪਹਿਲੇ ਬਿਆਨਾਂ ਤੋ ਮੀਡੀਆਂ ਸਾਹਮਣੇ ਸਾਫ ਮੁੱਕਰਦੇ ਕਿਹਾ ਜੋ ਮੈਂ ਲੋਕਾਂ ਤੋਂ ਸੁਣਿਆ ਜਾਂ ਸੋਸ਼ਲ ਮੀਡੀਆ 'ਤੇ ਦੇਖਿਆ, ਉਸ ਦੇ ਆਧਾਰ 'ਤੇ ਮੈਂ ਦੋਸ਼ ਵੀ ਲਾਏ ਸਨ, ਪਰ ਹੁਣ ਡੇਰੇ ਦਾ ਸਾਫ਼-ਸੁਥਰਾ ਅਕਸ ਹੈ ਅਤੇ ਡੇਰੇ ਦੀ ਗੱਦੀ ਮਹਾਤਮਾ ਵਰਿੰਦਰ ਢਿੱਲੋਂ ਹੱਥ ਹੋਣ ਦੀ ਮੈਂ ਆਪਣੇ ਤੌਰ 'ਤੇ ਪਸ਼ਟੀ ਕਰਦਾ ਹਾਂ। ਮੀਡੀਆ ਸਾਹਮਣੇ ਅਮਰ ਸਿੰਘ ਨੇ ਮਹਾਤਮਾ ਪ੍ਰੀਤਮ ਸਿੰਘ 'ਤੇ ਚੈਰਿਟੀ ਦੇ ਪੈਸੇ ਨਾਲ ਗੱਡੀਆਂ ਵਿੱਚ ਡੀਜ਼ਲ ਪਵਾਉਂਣ ਦੋਸ਼ ਲਾਉਂਦੇ ਹੋਏ ਕਿਹਾ ਕਿ ਉਹ ਚੈਰਿਟੀ ਦੇ ਪੈਸੇ ਨਾਲ ਗੱਡੀਆਂ ਵਿੱਚ ਡੀਜ਼ਲ ਪਵਾਉਂਦੇ ਸਨ।

## ਦਾਣਾ ਮੰਡੀਆਂ 'ਚ ਝੋਨੇ ਦੀ ਖਰੀਦ ਤੇ ਲਿਫਟਿੰਗ ਦਾ ਕੰਮ ਨਹੀਂ ਹੋਇਆ ਸ਼ੁਰੂ : ਮਨਜੀਤ ਧਨੇਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਾਰਕੀਟ ਕਮੇਟੀ ਅਧੀਨ ਅਨਾਜ ਮੰਡੀਆਂ ਵਿੱਚ ਝੋਨੇ ਦੀ ਬੋਲੀ ਨਾ ਲਾਉਣ, ਲਿਫਟਿੰਗ ਨਾ ਕੀਤੇ ਜਾਣ ਨੂੰ ਲੈ ਕੇ ਭਾਕਿਯੂ ਡਕੌਂਦਾ ਵੱਲੋਂ ਸੂਬਾਈ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਹੇਠ ਕਿਸਾਨਾਂ ਦੇ ਵਫ਼ਦ ਨੇ ਮਾਰਕੀਟ ਕਮੇਟੀ ਮਹਿਲ ਕਲਾਂ ਦੇ ਅਧਿਕਾਰੀਆਂ ਨੂੰ ਮਿਲ ਕੇ ਸਥਿਤੀ ਤੋਂ ਜਾਣੂ ਕਰਾਇਆ।ਮੰਡੀ ਸੁਪਰਵਾਈਜ਼ਰ ਰਾਜਵੀਰ ਸਿੰਘ ਨੇ ਕਿਸਾਨ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਢੁਕਵੇ ਪ੍ਰਬੰਧ ਕੀਤੇ ਗਏ ਹਨ, ਕਿਸਾਨਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਖਰੀਦ ਏਜੰਸੀਆਂ ਵੱਲੋਂ ਸ਼ੈਲਰ ਮਾਲਕਾਂ ਨਾਲ ਐਗਰੀਮੈਂਟ ਨਾ ਕੀਤੇ ਜਾਣ ਕਾਰਨ ਇਹ ਸਮੱਸਿਆ ਆਈ ਹੋਈ ਹੈ।ਇਸ ਨੂੰ ਛੇਤੀ ਹੱਲ ਕਰ ਲਿਆ ਜਾਵੇਗਾ।ਸੂਬਾ ਪ੍ਰਧਾਨ ਧਨੇਰ ਨੇ ਸੂਬਾ ਸਰਕਾਰ ਦੀ ਕਰੜੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਇੱਕ ਪਾਸੇ ਤਾਂ ਮੰਡੀਆਂ 'ਚ ਝੋਨੇ ਦੀ ਫ਼ਸਲ ਵੇਚਣ ਸਮੇਂ ਕਿਸਾਨਾਂ-ਮਜ਼ਦੂਰਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦੇ ਵੱਡੇ-ਵੱਡੇ ਦਾਅਵੇ ਕਰਦੀ ਨਹੀਂ ਥੱਕਦੀ, ਪਰ ਦੂਜੇ ਪਾਸੇ ਵਿਕਣ ਆਈ ਝੋਨੇ ਦੀ ਫ਼ਸਲ ਨੂੰ ਦਸ-ਦਸ ਦਿਨ ਮੰਡੀਆਂ ਰੋਲਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਸੰਯੁਕਤ ਮੋਰਚੇ ਨਾਲ 19 ਅਕਤੂਬਰ ਨੂੰ ਮੀਟਿੰਗ ਵਿੱਚ ਭਰੋਸਾ ਦਿੱਤਾ ਸੀ ਕਿ 2 ਦਿਨਾਂ ਦੇ ਅੰਦਰ ਝੋਨੇ ਦੀ ਖ਼ਰੀਦ ਤੇ ਲਿਫਟਿੰਗ ਦਾ ਕੰਮ ਚਾਲੂ ਕਰ ਦਿੱਤਾ ਜਾਵੇਗਾ, ਪਰ ਜਥੇਬੰਦੀ ਵੱਲੋਂ ਮੰਡੀਆਂ ਵਿੱਚ ਜਾ ਕੇ ਜਾਇਜ਼ਾ ਲੈਣ 'ਤੇ ਪਤਾ ਲੱਗਾ ਕਿ ਬਿਲਕੁਲ ਸੁੱਕਾ ਤੇ ਸਾਫ਼ ਝੋਨਾ ਲੈ ਕੇ ਦਸ ਦਿਨ ਤੋਂ ਮੰਡੀਆਂ ਵਿੱਚ ਬੈਠੇ ਕਿਸਾਨਾਂ ਦੀ ਸਾਰ ਲੈਣ ਲਈ ਕੋਈ ਵੀ ਏਜੰਸੀ ਮੰਡੀਆਂ ਵਿੱਚ ਨਹੀਂ ਆਈ।ਉਨ੍ਹਾਂ 'ਆਪ' ਆਗੂਆਂ ਤੋਂ ਮੰਗ ਕੀਤੀ ਕਿ ਉਹ ਸਰਕਾਰ ਨਾਲ ਗੱਲਬਾਤ ਕਰਕੇ ਕਿਸਾਨਾਂ, ਆੜ੍ਹਤੀਆਂ, ਸ਼ੈਲਰ ਮਾਲਕਾਂ ਤੇ ਮਜ਼ਦੂਰਾਂ ਦੇ ਮਸਲੇ ਨੂੰ ਹੱਲ ਕਰਾਉਣ ਨਹੀਂ ਤਾਂ ਸੰਯੁਕਤ ਮੋਰਚੇ ਵੱਲੋਂ ਸੰਘਰਸ਼ ਦਾ ਰਾਹ ਅਪਣਾਇਆ ਜਾਵੇਗਾ।

## ਫੈਕਲਟੀ ਵਿਕਾਸ ਪ੍ਰੋਗਰਾਮ ਨਤੀਜਾ ਅਧਾਰਤ ਸਿੱਖਿਆ ਓ ਬੀ ਈ-2024 ਦਾ ਉਦਘਾਟਨ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੇ ਮਕੈਨੀਕਲ ਇੰਜਨੀਅਰਿੰਗ ਵਿਭਾਗ ਵਿਖੇ ਨਤੀਜਾ ਅਧਾਰਤ ਸਿੱਖਿਆ (ਓਬੀਈ 2024) (ਮੁਲਾਂਕਣ, ਲਾਗੂ ਕਰਨ ਤੇ ਫੈਕਲਟੀ ਵਿਕਾਸ) (21-25 ਅਕਤੂਬਰ) 'ਤੇ ਇੱਕ ਹਫ਼ਤੇ ਦੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ (ਹਾਈਬ੍ਰਿਡ ਮੋਡ) ਦਾ ਉਦਘਾਟਨ ਕੀਤਾ ਗਿਆ। ਐਫਡੀਪੀ-ਓਬੀਈ 2024 ਦੇ ਚੇਅਰਮੈਨ ਪ੍ਰੋਫੈਸਰ ਸ਼ੰਕਰ ਸਿੰਘ, ਵਿਭਾਗ ਮੁਖੀ (ਮਕੈਨੀਕਲ ਅਤੇ ਸਿਵਲ ਇੰਜੀਨੀਅਰਿੰਗ) ਹਨ।ਐਫਡੀਪੀ-ਓਬੀਈ 2024 ਦੇ ਕੋਆਰਡੀਨੇਟਰ ਡਾ. ਸੁਨੀਲ ਕੁਮਾਰ (ਮਕੈਨੀਕਲ) ਤੇ ਇੰਜੀਨੀਅਰ ਜੌਨੀ ਸਿੰਗਲਾ (ਮਕੈਨੀਕਲ) ਹਨ।ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ ਡਾਇਰੈਕਟਰ ਸਲਾਈਟ ਤੇ ਸਰਪ੍ਰਸਤ ਓਬੀਈ 2024 ਪ੍ਰੋ. ਮਨੀਕਾਂਤ ਪਾਸਵਾਨ, ਪ੍ਰੋ. ਏ.ਐਸ. ਸ਼ਾਹੀ, ਡੀਨ (ਅਕਾਦਮਿਕ) (ਸਹਿ-ਸਰਪ੍ਰਸਤ-ਓਬੀਈ 2024); ਐਫਡੀਪੀ-ਓਬੀਈ 2024 ਦੇ ਚੇਅਰਮੈਨ ਪ੍ਰੋ. ਸ਼ੰਕਰ ਸਿੰਘ, ਡੀਨ (ਰਿਸਰਚ ਐਂਡ ਕੰਸਲਟੈਂਸੀ), ਡੀਨ (ਸਾਬਕਾ ਵਿਦਿਆਰਥੀ ਅਤੇ ਉਦਯੋਗਿਕ ਸਬੰਧ) ਪ੍ਰੋ. ਰਵੀ ਕਾਂਤ ਮਿਸ਼ਰਾ, ਡੀਨ (ਵਿਦਿਆਰਥੀ ਭਲਾਈ) ਪ੍ਰੋ. ਏਐਸ ਧਾਲੀਵਾਲ, ਡੀਨ (ਪੀ ਐਂਡ ਡੀ) ਪ੍ਰੋ. ਕਮਲੇਸ਼ ਕੁਮਾਰੀ ਅਤੇ ਵਿਭਾਗਾਂ ਦੇ ਮੁਖੀ ਹਾਜ਼ਰ ਸਨ।ਫੈਕਲਟੀ, ਸਟਾਫ਼ ਤੇ ਭਾਗੀਦਾਰ ਵੀ ਸਰੀਰਕ ਤੌਰ 'ਤੇ ਮੌਜੂਦ ਸਨ, ਜਦੋਂਕਿ ਹੋਰ ਉਦਘਾਟਨ ਦੌਰਾਨ ਵਰਚੁਅਲ ਤੌਰ 'ਤੇ ਸ਼ਾਮਲ ਹੋਏ।ਸਲਾਈਟ ਦੇ ਵਿਭਾਗਾਂ ਦੇ ਮੁਖੀਆਂ/ਸੈਕਸ਼ਨ ਇੰਚਾਰਜਾਂ ਨੇ ਵੀ ਇਸ ਸਮਾਰੋਹ ਵਿੱਚ ਆਨਲਾਈਨ/ਆਫ਼ਲਾਈਨ ਹਿੱਸਾ ਲਿਆ।ਇਸ ਮੌਕੇ ਪ੍ਰੋਫੈਸਰ ਮਨੀਕਾਂਤ ਪਾਸਵਾਨ ਨੇ ਆਯੋਜਨ ਟੀਮ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਵਿੱਚ ਅਧਿਆਪਕਾਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ।ਪ੍ਰੋ. ਮਨੀਕਾਂਤ ਪਾਸਵਾਨ ਨੇ ਕਿਹਾ ਕਿ ਨਤੀਜਾ ਅਧਾਰਤ ਸਿੱਖਿਆ (ਓਬੀਈ) ਇਕ ਪ੍ਰਕਿਰਿਆ ਹੈ, ਜਿਸ ਵਿੱਚ ਪਾਠਕ੍ਰਮ ਦਾ ਪੁਨਰਗਠਨ, ਮੁਲਾਂਕਣ ਤੇ ਸਿੱਖਿਆ ਵਿਚ ਰਿਪੋਰਟਿੰਗ ਅਭਿਆਸਾਂ ਦਾ ਪੁਨਰਗਠਨ ਸ਼ਾਮਲ ਹੈ ਤਾਂ ਜੁ ਉੱਚ ਕ੍ਰਮ ਸਿੱਖਣ ਦੀ ਪ੍ਰਾਪਤੀ ਨੂੰ ਦਰਸਾਇਆ ਜਾ ਸਕੇ।ਇਸ ਮੌਕੇ ਪ੍ਰੋਫੈਸਰ ਸ਼ੰਕਰ ਸਿੰਘ ਨੇ ਦੱਸਿਆ ਕਿ ਕੋਆਰਡੀਨੇਟਰ ਡਾ ਸੁਨੀਲ ਕੁਮਾਰ (ਮਕੈਨੀਕਲ) ਤੇ ਇੰਜੀਨੀਅਰ ਜੌਨੀ ਸਿੰਗਲਾ ਨੇ ਇਸ ਐਫਡੀਪੀ ਨੂੰ ਸਫ਼ਲ ਬਣਾਉਣ ਲਈ ਸਖਤ ਮਿਹਨਤ ਕੀਤੀ ਹੈ।

## ਅਣਪਛਾਤੇ ਕਾਰ ਸਵਾਰਾਂ ਨੇ ਲਿਫ਼ਟ ਬਹਾਨੇ ਔਰਤ ਦੀਆਂ ਵਾਲੀਆਂ ਲਾਹੀਆਂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਦਿਨ ਦਿਹਾੜੇ ਤਿੰਨ ਕਾਰ ਸਵਾਰਾਂ ਵੱਲੋਂ ਲਿਫਟ ਦੇਣ ਦੇ ਬਹਾਨੇ ਇੱਕ ਔਰਤ ਦੀਆਂ ਵਾਲੀਆਂ ਲਾਹ ਕੇ ਫਰਾਰ ਹੋ ਜਾਣ ਦੀ ਖਬਰ ਮਿਲੀ ਹੈ।ਪੀੜਤ ਔਰਤ ਰਛਪਾਲ ਕੌਰ ਪਤਨੀ ਸਵ: ਗੁਰਬਾਜ ਸਿੰਘ ਪਿੰਡ ਵਜੀਦਕੇ ਨੇ ਦੱਸਿਆ ਕਿ ਜਦੋਂ ਉਹ ਦੁਪਹਿਰ ਵੇਲੇ ਇੱਕ ਹੋਰ ਔਰਤ ਸਕੂਟਰ ਖਰਾਬ ਹੋਣ ਕਰਕੇ ਪਿੰਡ ਜਾਣ ਲਈ ਬੱਸ ਸਟੈਂਡ ਮਹਿਲ ਕਲਾਂ ਨਜ਼ਦੀਕ ਖੜੀਆਂ ਸਨ। ਇੱਕ ਸਵਿਫਟ ਕਾਰ ਡਰਾਈਵਰ ਤੇ ਦੋ ਔਰਤਾਂ ਵਲੋਂ ਉਸ ਨੂੰ ਲਿਫਟ ਦੇਣ ਲਈ ਕਹਿ ਕੇ ਨਾਲ ਬਿਠਾ ਕੇ ਲੈ ਗਏ ਤੇ ਧੱਕੇ ਨਾਲ ਉਸ ਦੇ ਕੰਨਾਂ ਵਿੱਚੋਂ ਇੱਕ ਵਾਲੀਆਂ ਉਤਾਰ ਕੇ ਫਰਾਰ ਹੋ ਗਏ।

ਘਟਨਾ ਦਾ ਪਤਾ ਲੱਗਦੇ ਸਾਰ ਪੁਲਸ ਦੇ ਮੁੱਖ ਅਫ਼ਸਰ ਕਮਲਜੀਤ ਸਿੰਘ ਗਿੱਲ ਪੁਲਸ ਪਾਰਟੀ ਸਮੇਤ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਤੇ ਸੜਕ ਕਿਨਾਰੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਖੰਘਾਲੀ ਜਾ ਰਹੀ ਹੈ।

## ਬਿਨਾਂ ਲਾਇਸੈਂਸ ਪਟਾਕੇ ਵੇਚਣ ਵਾਲਿਆਂ 'ਤੇ ਹੋਵੇਗੀ ਸਖਤ ਕਾਰਵਾਈ : ਵਧੀਕ ਡਿਪਟੀ ਕਮਿਸ਼ਨਰ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਦੀਵਾਲੀ ਮੌਕੇ ਪਟਾਕੇ ਵੇਚਣ ਲਈ ਸਟਾਲ ਲਾਉਣ ਵਾਲੇ ਵਿਅਕਤੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਗਏ ਲਾਇਸੈਂਸ/ਮਨਜ਼ੂਰੀ ਤੋਂ ਬਿਨਾਂ ਪਟਾਕੇ ਵੇਚਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਤੇ ਪਟਾਕੇ ਵੇਚਣ ਲਈ ਉਨ੍ਹਾਂ ਥਾਂਵਾਂ 'ਤੇ ਹੀ ਸਟਾਲ ਲਾਏ ਜਾ ਸਕਦੇ ਹਨ, ਜਿਹੜੇ ਪ੍ਰਸ਼ਾਸਨ ਵੱਲੋਂ ਨਿਰਧਾਰਤ ਕੀਤੇ ਗਏ ਹਨ।ਜੇਕਰ ਕੋਈ ਦੁਕਾਨਦਾਰ ਇਨ੍ਹਾਂ ਥਾਵਾਂ ਤੋਂ ਬਿਨਾਂ ਕਿਸੇ ਹੋਰ ਸਥਾਨ 'ਤੇ ਪਟਾਕੇ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਵੀ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਹ ਆਦੇਸ਼ ਵਧੀਕ ਜ਼ਿਲ੍ਹ ਮੈਜਿਸਟਰੇਟ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਗੀਤਿਕਾ ਸਿੰਘ ਨੇ ਬੱਚਤ ਭਵਨ ਵਿਖੇ ਪਟਾਕਿਆਂ ਦੇ ਆਰਜ਼ੀ ਲਾਇਸੈਂਸ ਦੇ ਡਰਾਅ ਕੱਢਣ ਮੌਕੇ ਲਾਇਸੈਂਸ ਲਈ ਅਪਲਾਈ ਕਰਨ ਵਾਲੇ ਦੁਕਾਨਦਾਰਾਂ ਨੂੰ ਦਿੱਤੇ।ਉਨ੍ਹਾਂ ਦੁਕਾਨਦਾਰਾਂ ਨੂੰ ਦੱਸਿਆ ਕਿ ਪਟਾਕੇ ਵੇਚਣ ਲਈ ਲਾਏ ਜਾਣ ਵਾਲੇ ਸਟਾਲ ਤੇ ਲਾਇਸੈਂਸ ਦੀ ਅਸਲ ਕਾਪੀ ਹੋਣੀ ਲਾਜ਼ਮੀ ਹੈ ਤੇ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਲਾਇਸੈਂਸ ਰੱਦ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਰਿਹਾਇਸ਼ੀ ਇਲਾਕੇ ਵਿੱਚ ਪਟਾਕੇ ਵੇਚਣ ਲਈ ਸਟਾਲ ਨਹੀਂ ਲਾਏ ਜਾ ਸਕਦੇ ਅਤੇ ਦੀਵਾਲੀ ਨੂੰ ਰਾਤ 08:00 ਵਜੇ ਤੋਂ 10:00 ਵਜੇ ਤੱਕ ਹੀ ਪਟਾਕੇ ਚਲਾਏ ਜਾ ਸਕਦੇ ਹਨ।ਇਸ ਤੋਂ ਇਲਾਵਾ ਰਾਤ 8:00 ਵਜੇ ਤੋਂ ਬਾਅਦ ਪਟਾਕੇ ਨਹੀਂ ਵੇਚੇ ਜਾ ਸਕਣਗੇ।ਉਨ੍ਹਾਂ ਹੋਰ ਦੱਸਿਆ ਕਿ ਦੁਕਾਨਦਾਰ ਪਟਾਕੇ ਚਲਾਉਣ ਦੇ ਸਮੇਂ ਦਾ ਆਪਣੀਆਂ ਦੁਕਾਨਾਂ ਤੇ ਬੈਨਰ ਵੀ ਲਗਾਉਣਗੇ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ।ਉਨ੍ਹਾਂ ਹੋਰ ਦੱਸਿਆ ਕਿ ਪਟਾਕੇ ਵੇਚਣ ਦੇ ਸਟਾਲ ਲਾਉਣ ਵਾਲਿਆਂ ਨੂੰ ਫਾਇਰ ਵਿਭਾਗ ਵੱਲੋਂ ਇਤਰਾਜ਼ਹੀਣਤਾ ਸਰਟੀਫਿਕੇਟ ਲੈਣਾ ਵੀ ਲਾਜ਼ਮੀ ਹੋਵੇਗਾ ਤੇ ਅਧਿਕਾਰੀਆਂ ਵੱਲੋਂ ਕੀਤੀ ਜਾਣ ਵਾਲੀ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਦਾ ਲਾਇਸੈਂਸ ਰੱਦ ਕੀਤਾ ਜਾਵੇਗਾ ਅਤੇ ਪਟਾਕੇ ਜ਼ਬਤ ਕਰ ਲਏ ਜਾਣਗੇ।ਬੱਚਤ ਭਵਨ ਵਿਖੇ ਪਟਾਕਿਆਂ ਦੇ ਕੁੱਲ 26 ਡਰਾਅ ਕੱਢੇ ਗਏ, ਜਿਨ੍ਹਾਂ ਵਿੱਚੋਂ ਸਬ-ਡਵੀਜ਼ਨ ਫ਼ਤਹਿਗੜ੍ਹ ਸਾਹਿਬ-ਸਰਹਿੰਦ ਲਈ 9, ਬਸੀ ਪਠਾਣਾਂ ਲਈ 4, ਅਮਲੋਹ ਲਈ 4, ਮੰਡੀ ਗੋਬਿੰਦਗੜ੍ਹ ਲਈ 6 ਅਤੇ ਸਬ ਡਵੀਜ਼ਨ ਖਮਾਣੋਂ ਲਈ 3 ਡਰਾਅ ਕੱਢੇ ਗਏ।ਇਸ ਤੋਂ ਇਲਾਵਾ 2-2 ਵਾਧੂ ਡਰਾਅ ਵੀ ਕੱਢੇ ਗਏ ਤਾਂ ਜੁ ਜੇਕਰ ਕੋਈ ਦੁਕਾਨਦਾਰ ਲਾਇਸੈਂਸ ਲੈਣ ਨਹੀਂ ਆਉਂਦਾ ਤਾਂ ਵੇਟਿੰਗ ਲਿਸਟ ਵਾਲਾ ਦੁਕਾਨਦਾਰ ਲਾਇਸੈਂਸ ਲੈ ਸਕਦਾ ਹੈ।

## ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਵੱਲੋਂ ਪੱਤਰਕਾਰਾਂ ਦਾ ਸਨਮਾਨ 27 ਨੂੰ

**ਸਮਰਾਲਾ (ਸੁਰਜੀਤ ਸਿੰਘ)**-ਪੰਜਾਬੀ ਸਹਿਤ ਸਭਾ ਭੈਣੀ ਸਾਹਿਬ ਸਾਹਿਤ ਖੇਤਰ ਦੇ ਵਿੱਚ ਸ਼ਾਨਦਾਰ ਪ੍ਰੋਗਰਾਮ ਕਰਾਉਣ ਲਈ ਜਾਣੀ ਜਾਂਦੀ ਹੈ। ਚਾਹੇ ਕੋਈ ਕਿਤਾਬ ਰਿਲੀਜ਼ ਸਮਾਗਮ ਸਾਲਾਨਾ ਸਮਾਗਮ ਜਾਂ ਕੋਈ ਹੋਰ ਵਿਸ਼ੇਸ਼ ਮੀਟਿੰਗ ਆਦਿ ਹੋਵੇ ਤਾਂ ਭੈਣੀ ਸਾਹਿਬ ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਆਏ ਹੋਏ ਸਾਹਿਤਕਾਰਾਂ ਦੇ ਨਾਲ ਬੜੇ ਪਿਆਰ ਨਾਲ ਵਿਚਰਦੇ ਨਜ਼ਰ ਆਉਂਦੇ ਹਨ। ਹੁਣ ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਨੇ ਪਹਿਲੀ ਵਾਰ ਅੱਠ ਪੱਤਰਕਾਰਾਂ ਨੂੰ ਸਨਮਾਨ ਕਰਨ ਦਾ ਸ਼ਾਨਦਾਰ ਪ੍ਰੋਗਰਾਮ ਉਲੀਕਿਆ ਹੈ, ਜਿਸ ਨਾਲ ਪੰਜਾਬੀ ਪੱਤਰਕਾਰੀ ਦਾ ਮਾਣ ਤਾਂ ਵਧੇਗਾ ਹੀ ਨਾਲ ਹੀ ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਜੀ ਦੀ ਵਡਮੁੱਲੀ ਸੋਚ ਉੱਤੇ ਵੀ ਮਾਣ ਹੈ। ਪ੍ਰਧਾਨ ਗੁਰਸੇਵਕ ਸਿੰਘ ਨੇ ਦੱਸਿਆ ਕਿ ਇਨ੍ਹਾਂ ਪੱਤਰਕਾਰਾਂ ਦੇ ਵਿੱਚ ਸਾਹਨੇਵਾਲ ਕੁਹਾੜਾ ਤੋਂ ਅਵਤਾਰ ਸਿੰਘ ਭਾਗਪੁਰ, ਸੁਰਜੀਤ ਸਿੰਘ ਵਿਸ਼ਾਦ ਸਮਰਾਲਾ, ਗੁਰਦੀਪ ਸਿੰਘ ਟੱਕਰ ਮਾਛੀਵਾੜਾ ਸਾਹਿਬ, ਕਰਮਜੀਤ ਸਿੰਘ, ਸੰਦੀਪ ਸਿੰਘ ਕੁਹਾੜਾ, ਪਰਮਜੀਤ ਸਿੰਘ ਲੱਖੋਵਾਲ, ਬਲਬੀਰ ਸਿੰਘ ਬੱਬੀ ਮਾਛੀਵਾੜਾ ਸਾਹਿਬ ਤੋਂ ਇਲਾਵਾ ਮਨਜੀਤ ਸਿੰਘ ਰੋਮਾਣਾ ਨੂੰ 27 ਅਕਤੂਬਰ ਨੂੰ ਸਨਮਾਨ ਕੀਤਾ ਜਾ ਰਿਹਾ ਹੈ।ਸਨਮਾਨ ਪ੍ਰੋਗਰਾਮ ਦੀ ਪ੍ਰਧਾਨਗੀ ਬਜ਼ੁਰਗ ਸਹਿਤਕਾਰ ਤੇ ਪੱਤਰਕਾਰ ਤੇਲੂ ਰਾਮ ਕੁਹਾੜਾ ਕਰਨਗੇ।

## ਨਵੀਂ ਪੰਚਾਇਤ ਵੱਲੋਂ 5100 ਸ਼ਗਨ ਸਕੀਮ ਦੇਣ ਦੀ ਸ਼ੁਰੂਆਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਪਿੰਡ ਵਜੀਦਕੇ ਖੁਰਦ ਵਿਖੇ ਨਵੇਂ ਬਣੇ ਸਰਪੰਚ ਬਲਜਿੰਦਰ ਕੌਰ ਦੀ ਅਗਵਾਈ ਹੇਠ ਪੰਚਾਇਤ ਨੇ ਲੋੜਵੰਦ ਪਰਵਾਰਾਂ ਦੀਆਂ ਧੀਆਂ ਦੇ ਵਿਆਹ ਸਮੇਂ 5100 ਸ਼ਗਨ ਸਕੀਮ ਦਾ ਅਰੰਭ ਕਰਕੇ ਉਸਾਰੂ ਪਿਰਤ ਪਾਈ ਹੈ।ਸਰਪੰਚ ਬਲਜਿੰਦਰ ਕੌਰ ਦੇ ਪਤੀ ਫੌਜੀ ਦਾਰਾ ਸਿੰਘ, ਨੰਬਰਦਾਰ ਬੇਅੰਤ ਸਿੰਘ ਸਰਾਂ, ਸੁਖਪਾਲ ਸਿੰਘ, ਪੰਚ ਸਿਮਰਜੀਤ ਕੌਰ, ਪੰਚ ਅਮਰਜੀਤ ਸਿੰਘ ਗੋਲਡੀ ਆਦਿ ਹਾਜ਼ਰ ਸਨ।ਇਸ ਮੌਕੇ ਦਾਰਾ ਸਿੰਘ ਫੌਜੀ ਨੇ ਦੱਸਿਆ ਕਿ ਚੋਣਾਂ ਵੇਲੇ ਐਸ, ਸੀ ਵਰਗ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀਆਂ ਧੀਆਂ ਦੇ ਵਿਆਹ ਮੌਕੇ 5100 ਸ਼ਗਨ ਵਜੋਂ ਸਹਾਇਤਾ ਦਿੱਤੀ ਜਾਇਆ ਕਰੇਗੀ। ਸਰਪੰਚ ਬਲਜਿੰਦਰ ਕੌਰ, ਸਮੂਹ ਪੰਚਾਇਤ ਨੇ ਵਾਅਦੇ ਨੂੰ ਪੂਰਾ ਕਰਦਿਆਂ ਬੀਬੀ ਕਰਮਜੀਤ ਕੌਰ ਪੁੱਤਰੀ ਲਛਮਣ ਸਿੰਘ ਦੇ ਵਿਆਹ ਸਮੇਂ ਬੇਟੀ ਦੀ ਮਾਤਾ ਰਾਣੀ ਕੌਰ ਨੂੰ 5100 ਭੇਟ ਕਰਕੇ ਸ਼ਗਨ ਸਕੀਮ ਦੀ ਸ਼ੁਰੂਆਤ ਕੀਤੀ।


## ਅਨੁਕੰਪਾ ਆਧਾਰ ਉਤੇ ਨਿਯੁਕਤੀ ਨਾਲ ਸਬੰਧਿਤ ਮਾਮਲਿਆਂ ਦੇ ਛੇਤੀ ਨਿਪਟਾਰੇ ਲਈ

**11 ਨਵੰਬਰ 2024 ਵਿਸ਼ੇਸ਼ ਅਦਾਲਤ**

ਦਿੱਲੀ, ਲਖਨਊ, ਮੁਰਾਦਾਬਾਦ, ਫਿਰੋਜਪੁਰ, ਅੰਬਾਲਾ ਮੰਡਲ ਅਤੇ ਉਤਰ ਰੇਲਵੇ ਹੈਡਕੁਆਟਰ, ਬੜੌਦਾ ਹਾਊਸ, ਦੇ ਦਫਤਰ ਪਰਿਸਰ ਵਿਚ 11.11.2024 ਨੂੰ ਸਵੇਰੇ 11:00 ਵਜੇ ਆਯੋਜਿਤ ਅਦਾਲਤ ਦੁਆਰਾ

"ਮੌਕੇ ਉਤੇ ਹੀ ਮਾਮਲਿਆਂ ਦਾ ਨਿਪਟਾਰਾ"

ਅਨੁਕਮਪਾ ਆਧਾਰ ਉਤੇ ਨਿਯੁਕਤੀ ਨਾਲ ਸਬੰਧਿਤ ਆਪਣੀ ਦਰਖਾਸਤ ਦੋ ਕਾਪੀਆਂ ਵਿਚ ਹੋਰ ਸਬੰਧਿਤ ਦਸਤਾਵੇਜ ਦੇ ਨਾਲ ਜਿਸ ਮੰਡਲ ਨਾਲ ਸਬੰਧਿਤ ਹੈ, ਉਸ ਮੰਡਲ ਦੇ ਸੀਨੀਅਰ ਮੰਡਲ ਕਾਰਮਿਕ ਅਧਿਕਾਰੀ ਜਾਂ ਮੰਡਲ ਕਾਰਮਿਕ ਅਧਿਕਾਰੀ ਨੂੰ ਅਤੇ ਹੈਡਕੁਆਟਰ ਦੇ ਮਾਮਲਿਆਂ ਵਿਚ ਉਪ ਮੁੱਖ ਕਾਰਮਿਕ ਅਧਿਕਾਰੀ (HQ-I) ਨੂੰ ਦੋ ਕਾਪੀਆਂ ਨਾਲ ਸਬੰਧਿਤ ਕਾਗਜਾਤ ਦੇ ਨਾਲ 31.10.2024 ਤਕ ਜਰੂਰ ਸਬਮਿਟ ਕਰਨ।

ਨੋਟ: ਵਰਕਸ਼ਾਪ ਅਤੇ ਵਾਧੂ ਇਕਾਈਆਂ ਨਾਲ ਸਬੰਧਿਤ ਅਨੁਕੰਪਾ ਦੇ ਮਾਮਲਿਆਂ ਵਿਚ ਨਥੀ ਮੰਡਲ ਨੂੰ ਦਰਖਾਸਤ ਦੇਣ।

| | |
|---|---|
| ਉਪ ਮੁੱਖ ਕਾਰਮਿਕ ਅਧਿਕਾਰੀ (ਹੈਡਕੁਆਟਰ-I)<br>ਉਤਰ ਰੇਲਵੇ ਹੈਡਕੁਆਟਰ<br>ਬੜੌਦਾ ਹਾਊਸ, ਕੇਜੀ ਮਾਰਗ,<br>ਨਵੀਂ ਦਿੱਲੀ-110001 | ਸੀਨੀਅਰ ਮੰਡਲ ਕਾਰਮਿਕ ਅਧਿਕਾਰੀ<br>ਮੰਡਲ ਰੇਲ ਪ੍ਰਬੰਧਕ ਦਫਤਰ,<br>ਉਤਰ ਰੇਲਵੇ, ਸਟੇਟ ਐਂਟ੍ਰੀ ਰੋਡ,<br>ਨਵੀਂ ਦਿੱਲੀ-11001 |
| ਸੀਨੀਅਰ ਮੰਡਲ ਕਾਰਮਿਕ ਅਧਿਕਾਰੀ<br>ਮੰਡਲ ਰੇਲ ਪ੍ਰਬੰਧਕ ਦਫਤਰ,<br>ਉਤਰ ਰੇਲਵੇ, ਹਜਰਤ ਗੰਜ,<br>ਲਖਨਊ-226001 | ਸੀਨੀਅਰ ਮੰਡਲ ਕਾਰਮਿਕ ਅਧਿਕਾਰੀ<br>ਮੰਡਲ ਰੇਲ ਪ੍ਰਬੰਧਕ ਦਫਤਰ,<br>ਉਤਰ ਰੇਲਵੇ, ਰੇਲ ਵਿਹਾਰ, ਅੰਬਾਲਾ ਕੈਂਟ,<br>ਅੰਬਾਲਾ-133001 |
| ਸੀਨੀਅਰ ਮੰਡਲ ਕਾਰਮਿਕ ਅਧਿਕਾਰੀ<br>ਮੰਡਲ ਰੇਲ ਪ੍ਰਬੰਧਕ ਦਫਤਰ,<br>ਉਤਰ ਰੇਲਵੇ, ਰੇਲਵੇ ਸਟੇਡੀਅਮ ਦੇ ਕੋਲ,<br>ਮੁਰਾਦਾਬਾਦ-244001 | ਸੀਨੀਅਰ ਮੰਡਲ ਕਾਰਮਿਕ ਅਧਿਕਾਰੀ<br>ਮੰਡਲ ਰੇਲ ਪ੍ਰਬੰਧਕ ਦਫਤਰ,<br>ਉਤਰ ਰੇਲਵੇ, ਸਟੇਸ਼ਨ ਰੋਡ, ਫਿਰੋਜਪੁਰ ਕੈਂਟ,<br>ਫਿਰੋਜਪੁਰ-152001 |

'ਤੇ ਸਾਨੂੰ ਫਾਲੋ ਕਰੋ | ਉੱਤਰ ਰੇਲਵੇ ਤੁਹਾਡੀ ਸੇਵਾ ਵਿਚ ਸਦਾ ਤਿਆਰ | 3261/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## 68,157 ਪੈਨਸ਼ਨਰਾਂ ਨੂੰ ਦਿੱਤਾ 91.64 ਕਰੋੜ ਤੋਂ ਵੱਧ ਦਾ ਲਾਭ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੀਮਾਂ ਦਾ ਲਾਭ ਹਰ ਯੋਗ ਲਾਭਪਾਤਰੀ ਨੂੰ ਦੇਣ ਲਈ ਦਿਨ-ਰਾਤ ਇੱਕ ਕਰ ਕੇ ਕੰਮ ਕੀਤਾ ਜਾ ਰਿਹਾ ਹੈ। ਇਸੇ ਤਹਿਤ ਜ਼ਿਲ੍ਹੇ ਵਿੱਚ ਵੱਖ-ਵੱਖ ਪੈਨਸ਼ਨ ਸਕੀਮਾਂ ਦੇ ਕਰੀਬ 68,157 ਲਾਭਪਾਤਰੀਆਂ ਨੂੰ ਜਨਵਰੀ ਤੋਂ ਸਤੰਬਰ 2024 ਤੱਕ ਕਰੀਬ 91 ਕਰੋੜ 64 ਲੱਖ 11 ਹਜ਼ਾਰ 500 ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਵਾਸਤੇ ਵੱਖੋ-ਵੱਖ ਕਦਮ ਚੁੱਕੇ ਜਾ ਰਹੇ ਹਨ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਕਾਰੀ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਲੋਕਾਂ ਨੂੰ ਸਰਕਾਰ ਦੀਆਂ ਨੀਤੀਆਂ ਸਬੰਧੀ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਲੋਕ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ।


## TO WHOM THIS MAY CONCERN

This to inform general public that Mr, Javed Mohammad and Warisa have availed home loan/ loan against property from AXIS Bank Limited and have deposited following original title deeds for availing housing/loan against property under Loan ref no. PHR015506573778 and said documents have been misplaced inadvertently and unfortunately we are unable to trace the same at our end in spite of our best and sincere efforts. We have made our sincere efforts and tried our level best to trace the said document/documents as stated below, but unfortunately could not succeed in tracing the said original documents. Hence, the same has been concluded by us as lost somewhere during the transit of documents. Concluding the documents as lost/misplaced does not mean that we have stopped our efforts to trace the said documents, in fact we have been continuously searching up for misplaced documents at every nook and corner of the Bank.

Details of documents are as under:-1, Original sale deed no.5563 Dated. 13-10-2016. 2, Original sale deed no.5835 Dated. 27-10-2016. 3, Original sale deed no 2021-22/187/1/5866 Dated 08/10/2021. 4, Original special attorney No. 3460 Dated. 9-11-2009. 5, Original sale deed No. 8623 Dated. 30-11-2012. 6, Original sole deed No. 6649 Doted. 10-3-2010.

We further call upon general public at large to inform the Bank in case some-one finds the documents mentioned below or has any information qua these documents at following address AXIS BANK LIMITED, 4 th Floor, Plot no. 334, Lajpat nagar, Guru Nanak Mission Chownk, Jalandhar.

*For Axis Bank Limited, Jalandhar, Mr. Taranjeet Singh ( Manager)*



**DBS Bank India Limited**
Regional Office : Special Assets Management, 29/35, Second Floor, West Punjabi Bagh, New Delhi - 110026, Mob: 96107 89700
DBS Live more, Bank less

**[ਰੂਲ 8 (1)]**
**ਕਬਜ਼ਾ ਸੂਚਨਾ (ਅਚੱਲ ਜਾਇਦਾਦ ਵਾਸਤੇ)**

ਜਦਕਿ, ਨਿਮਨ ਹਸਤਾਖਰੀ ਨੇ ਡੀਬੀਐੱਸ ਬੈਂਕ ਇੰਡੀਆ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਵਜੋਂ ਸਕਿਊਰਟਾਈਜ਼ੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਮਿਤੀ 20.06.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ ਮੈਸ. ਰੇਨਬੋ ਇੰਟਰਪ੍ਰਾਈਜ਼ਿਜ਼, ਮਾਲਕ - ਅਤੁਲ ਥਾਪਰ (ਮੌਤ ਹੋ ਚੁੱਕੀ, ਉਨ੍ਹਾਂ ਦੇ ਕਾਨੂੰਨੀ ਵਾਰਸ ਅੰਜਲੀ ਥਾਪਰ ਦੁਆਰਾ ਪ੍ਰਤੀਨਿਧਤਾ) ਅਤੇ ਗਰੰਟਰ/ਗਿਰਵੀਕਾਰ ਸ਼੍ਰੀਮਤੀ ਅੰਜਲੀ ਥਾਪਰ ਨੂੰ ਮਿਤੀ 15.05.2024 ਨੂੰ ਬਕਾਇਆ ਨਿਕਲਦੀ ਰਾਸ਼ੀ ਰੁਪਏ 1,07,43,192.24 (ਰੁਪਏ ਇਕ ਕਰੋੜ ਸੱਤ ਲੱਖ ਤ੍ਰਿਤਾਲੀ ਹਜ਼ਾਰ ਇਕ ਸੌ ਬਾਨਵੇਂ ਅਤੇ ਚੌਵੀ ਪੈਸੇ ਕੇਵਲ) ਦੀ ਮਿਤੀ 16.05.2024 ਤੋਂ ਇਸ ਉੱਪਰ ਠੇਕ ਦਰ 'ਤੇ ਬਣਦੇ ਹੋਰ ਵਿਆਜ ਸਮੇਤ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾਇਗੀ ਕਰ ਲਈ ਕਿਹਾ ਸੀ। ਕਰਜ਼ਦਾਰ/ਕਾਨੂੰਨੀ ਵਾਰਿਸ/ਗਰੰਟਰ/ਗਿਰਵੀਕਾਰ ਰਾਸ਼ੀ ਮੋੜਨ ਵਿਚ ਨਾਕਾਮ ਰਹੇ ਹਨ। ਜਾਇਦਾਦ ਦੇ ਕਰਜ਼ਦਾਰ/ਕਾਨੂੰਨੀ ਵਾਰਸ/ਗਰੰਟਰ/ਗਿਰਵੀਕਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਦਰਸਾਏ ਰੂਲਜ਼ ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਦਰਸਾਏ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਇਥੇ ਹੇਠਾਂ ਵਰਨਣ ਜਾਇਦਾਦਾਂ ਦਾ ਮਿਤੀ 21 ਅਕਤੂਬਰ 2024 ਨੂੰ ਕਬਜ਼ਾ ਪ੍ਰਾਪਤ ਕਰ ਲਿਆ ਹੈ। ਜਾਇਦਾਦ ਦੇ ਕਰਜ਼ਦਾਰ/ ਕਾਨੂੰਨੀ ਵਾਰਸ/ਗਰੰਟਰ/ਗਿਰਵੀਕਾਰ ਨੂੰ ਖਾਸ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਜਾਇਦਾਦ ਸੰਬੰਧੀ ਕੋਈ ਵੀ ਸੌਦੇਬਾਜ਼ੀ ਕਰਨ ਤੋਂ ਸੁਚੇਤ ਕੀਤਾ ਜਾਂਦਾ ਹੈ ਅਤੇ ਜੇਕਰ ਜਾਇਦਾਦ ਸੰਬੰਧੀ ਕੋਈ ਵੀ ਸੌਦੇਬਾਜ਼ੀ ਕੀਤੀ ਜਾਂਦੀ ਹੈ ਤਾਂ ਮਿਤੀ 15.05.2024 ਨੂੰ ਬਕਾਇਆ ਨਿਕਲਦੀ ਰਾਸ਼ੀ ਰੁਪਏ 1,07,43,192.24 (ਰੁਪਏ ਇਕ ਕਰੋੜ ਸੱਤ ਲੱਖ ਤ੍ਰਿਤਾਲੀ ਹਜ਼ਾਰ ਇਕ ਸੌ ਬਾਨਵੇਂ ਅਤੇ ਚੌਵੀ ਪੈਸੇ ਕੇਵਲ) ਜਮ੍ਹਾਂ ਮਿਤੀ 16.05.2024 ਤੋਂ ਬੈਂਕ ਦੁਆਰਾ ਇਸ ਉੱਪਰ ਲਾਗੂ ਵਿਆਜ ਅਤੇ ਫੁਟਕਲ ਖਰਚਿਆਂ ਦੀ ਡੀ ਬੀ ਐੱਸ ਬੈਂਕ ਇੰਡੀਆ ਲਿਮਟਿਡ ਨੂੰ ਅਦਾਇਗੀ ਕਰਨੀ ਪਵੇਗੀ।

ਕਰਜ਼ਦਾਰ/ ਕਾਨੂੰਨੀ ਵਾਰਸ/ਗਰੰਟਰ/ਗਿਰਵੀਕਾਰ ਦਾ ਧਿਆਨ ਸਕਿਓਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

1. ਪਿੰਡ ਹੈਬੋਵਾਲ ਕਲਾਂ ਹਦਬਸਤ ਨੰ: 102, ਤਹਿ. ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141001 ਦੀ ਜਮ੍ਹਾਂਬੰਦੀ ਵਾਸਤੇ ਸਾਲ 1991-1992 ਵਿਚ ਦਰਜ ਅਨੁਸਾਰ ਖਾਤਾ ਨੰ: 1823/2038, ਖਸਰਾ ਨੰ: 35//25/1 ਵਿਚ ਸ਼ਾਮਿਲ ਪਿੰਡ ਹੈਬੋਵਾਲ ਕਲਾਂ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਵਿਚ ਸਥਿਤ ਮਿਊਂਸਪਲ ਨੰ: B-B-XXXIV-9988, ਮੇਨ ਆਰੇ ਵਾਲੀ ਗਲੀ, ਸਾਹਮਣੇ ਪੀ ਐੱਨ ਬੀ ਏਟੀਐੱਮ, ਦੁਰਗਾਪੁਰੀ ਵਾਲੇ 146.2/3 ਵਰਗ ਗਜ਼ ਪੈਮਾਇਸ਼ੀ ਪਲਾਟ ਉੱਪਰ ਉਸਾਰੀ ਗਈ ਜਾਇਦਾਦ ਦਾ ਪਹਿਲਾ ਅਤੇ ਵਿਸ਼ੇਸ਼ ਚਾਰਜ । ਹੱਦਾਂ ਇੰਝ ਹਨ : ਪੂਰਬ : ਗਲੀ 39'0'' ਤੱਕ, ਪੱਛਮ : ਗਲੀ ਅਤੇ ਗੁਆਂਢੀ 2'0''+25'+18' ਤੱਕ, ਉੱਤਰ : ਸ਼ਾਮ ਲਾਲ 61' 0'' ਤੱਕ, ਦੱਖਣ : ਪਲਾਟ ਨੰ: 2 ਚੌੜਾਈ 35' +25'+18'' ਤੱਕ।
2. ਪਿੰਡ ਹੈਬੋਵਾਲ ਕਲਾਂ ਹਦਬਸਤ ਨੰ: 102, ਤਹਿ. ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141001 ਦੀ ਜਮ੍ਹਾਂਬੰਦੀ ਵਾਸਤੇ ਸਾਲ 1991-1992 ਵਿਚ ਦਰਜ ਅਨੁਸਾਰ ਖਾਤਾ ਨੰ: 1823/2038, ਖਸਰਾ ਨੰ: 35//25/1 ਵਿਚ ਸ਼ਾਮਿਲ ਪਿੰਡ ਹੈਬੋਵਾਲ ਕਲਾਂ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਵਿਚ ਸਥਿਤ ਮਿਊਂਸਪਲ ਨੰ: B-B-XXXIV-9988, ਮੇਨ ਆਰੇ ਵਾਲੀ ਗਲੀ, ਸਾਹਮਣੇ ਪੀ ਐੱਨ ਬੀ ਏਟੀਐੱਮ, ਦੁਰਗਾਪੁਰੀ ਵਾਲੇ 82.2/3 ਵਰਗ ਗਜ਼ ਪੈਮਾਇਸ਼ੀ ਪਲਾਟ ਉੱਪਰ ਉਸਾਰੀ ਗਈ ਜਾਇਦਾਦ ਦਾ ਪਹਿਲਾ ਅਤੇ ਵਿਸ਼ੇਸ਼ ਚਾਰਜ । ਹੱਦਾਂ ਇੰਝ ਹਨ : ਪੂਰਬ : ਗੁਆਂਢ ਵੱਲ 62'-0'', ਪੱਛਮ : ਸ਼ਾਮਲਾਟ 62'-0'' ਤੱਕ, ਉੱਤਰ : ਮਨਧੀਰ 2'-0'', ਦੱਖਣ : ਗਲੀ 22'-0'' ਤੱਕ।

ਮਿਤੀ : 21.10.2024
ਸਥਾਨ : ਲੁਧਿਆਣਾ , ਪੰਜਾਬ

ਸਹੀ/-
ਅਧਿਕਾਰਤ ਅਫਸਰ
ਡੀ ਬੀ ਐੱਸ ਬੈਂਕ ਇੰਡੀਆ ਲਿਮਟਿਡ



## ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੀ ਗਿਣਤੀ ਵਿਚ ਵਾਧਾ-2024

ਆਉਂਦੇ ਤਿਉਹਾਰਾਂ ਦੇ ਸੀਜਨ ਵਿਚ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਪਹਿਲਾਂ ਤੋਂ ਐਲਾਨੀਆਂ ਤਿਆਰ ਵਿਸ਼ੇਸ਼ ਰੇਲਗੱਡੀਆਂ ਦੇ ਨਾਲ-ਨਾਲ ਹੇਠਾਂ ਲਿਖਤ ਵਾਧੂ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦਾ ਸੰਚਾਲਨ ਵੀ ਨਿਮਨ ਵੇਰਵੇ ਦੇ ਅਨੁਸਾਰ ਕੀਤਾ ਜਾਵੇਗਾ:-

**04608/04607 ਜੰਮੂ ਤਵੀ-ਹਾਵੜਾ-ਜੰਮੂ ਤਵੀ ਰੀਜ਼ਰਵ ਤਿਉਹਾਰ ਵਿਸ਼ੇਸ਼ ਰੇਲਗੱਡੀ — 04 ਫੇਰੇ**

| ਰੇਲਗੱਡੀ ਨੰ. 04608 ਪਹੁੰਚ | ਰੇਲਗੱਡੀ ਨੰ. 04608 ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 04607 ਪਹੁੰਚ | ਰੇਲਗੱਡੀ ਨੰ. 04607 ਰਵਾਨਗੀ |
|---|---|---|---|---|
| --- | 20:20 | ਜੰਮੂ ਤਵੀ | 15:20 | --- |
| 13:20 | --- | ਹਾਵੜਾ | --- | 23:45 |

ਚਲਣ ਦੇ ਦਿਨ : 04608 ਜੰਮੂ ਤਵੀ ਤੋਂ ਮਿਤੀ 30.10.2024 ਨੂੰ ਅਤੇ 04.11.2024 ਨੂੰ ਅਤੇ 04607 ਹਾਵੜਾ ਤੋਂ ਮਿਤੀ 01.11.2024 ਅਤੇ 06.11.2024 ਨੂੰ;
ਸਥਾਨ: ਫਸਟ ਏਸੀ., 2 ਟੀਯਰ., 3 ਟੀਯਰ ਏਸੀ., 3 ਟੀਯਰ ਏਸੀ. ਇਕੋਨਮੀ
ਠਹਿਰਾਓ: ਪਠਾਨਕੋਟ ਕੈਂਟ, ਜਲੰਧਰ ਕੈਂਟ, ਢੰਡਾਰੀ ਕਲਾਂ, ਚੰਡੀਗੜ੍ਹ, ਅੰਬਾਲਾ ਕੈਂਟ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਹਰਦੋਈ, ਲਖਨਊ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰਕਸ਼ਨ, ਵਾਰਾਨਸੀ, ਪੰ. ਦੀਨ ਦਿਆਲ ਉਪਾਧਿਆਏ ਜੰਕਸ਼ਨ, ਗਯਾ, ਕੋਡਰਮਾ ਧਨਬਾਦ ਜੰਕਸ਼ਨ, ਆਸਨਸੋਲ ਜੰਕਸ਼ਨ, ਦੁਰਗਾਪੁਰ ਅਤੇ ਬਰਧਮਾਨ ਸਟੇਸ਼ਨ।

**04680/04679 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਕਾਮਾਖਯਾ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਰੀਜ਼ਰਵ ਤਿਉਹਾਰ ਵਿਸ਼ੇਸ਼ ਰੇਲਗੱਡੀ — 04 ਫੇਰੇ**

| ਰੇਲਗੱਡੀ ਨੰ. 04680 ਪਹੁੰਚ | ਰੇਲਗੱਡੀ ਨੰ. 04680 ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 04679 ਪਹੁੰਚ | ਰੇਲਗੱਡੀ ਨੰ. 04679 ਰਵਾਨਗੀ |
|---|---|---|---|---|
| --- | 18:40 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 06:20 | --- |
| 21:00 | --- | ਕਾਮਾਖਯਾ | --- | 06:00 |

ਚਲਣ ਦੇ ਦਿਨ : 04680 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ ਮਿਤੀ 28.10.2024 ਨੂੰ ਅਤੇ 02.11.2024 ਨੂੰ ਅਤੇ 04679 ਕਾਮਾਖਯਾ ਤੋਂ ਮਿਤੀ 31.10.2024 ਅਤੇ 05.11.2024 ਨੂੰ;
ਸਥਾਨ: ਫਸਟ ਏਸੀ., 2 ਟੀਯਰ., 3 ਟੀਯਰ ਏਸੀ., 3 ਟੀਯਰ ਏਸੀ. ਇਕੋਨਮੀ
ਠਹਿਰਾਓ: ਸ਼ਹੀਦ ਕਪਤਾਨ ਤੁਸ਼ਾਰ ਮਹਾਜਨ, ਜੰਮੂ ਤਵੀ, ਪਠਾਨਕੋਟ ਕੈਂਟ, ਜਲੰਧਰ ਕੈਂਟ, ਢੰਡਾਰੀ ਕਲਾਂ, ਚੰਡੀਗੜ੍ਹ, ਅੰਬਾਲਾ ਕੈਂਟ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸੀਤਾਪੁਰ ਗੋਂਡਾ, ਬਸਤੀ, ਗੋਰਖਪੁਰ, ਛਪਰਾ, ਹਾਜੀਪੁਰ, ਬਰੌਨੀ ਜੰਕਸ਼ਨ, ਬੇਗੂਸਰਾਯ, ਖਗੜਿਯਾ ਜੰਕਸ਼ਨ, ਨਵਗਛਿਯਾ, ਕਟਿਹਾਰ ਜੰਕਸ਼ਨ, ਕਿਸ਼ਨਗੰਜ, ਨਿਊ ਜਲਪਾਈਗੁੜੀ ਜੰਕਸ਼ਨ, ਨਿਊ ਕੋਚਬਿਹਾਰ, ਨਿਊ ਬੰਗਾਈਗਾਂਵ ਅਤੇ ਗੋਵਾਲਪਾਰਾ ਟਾਊਨ ਸਟੇਸ਼ਨ।

**04662/04661 ਅੰਮ੍ਰਿਤਸਰ-ਜੰ.-ਸਹਰਸਾ-ਅੰਮ੍ਰਿਤਸਰ ਜੰ. ਰੀਜ਼ਰਵ ਤਿਉਹਾਰ ਵਿਸ਼ੇਸ਼ ਰੇਲਗੱਡੀ — 04 ਫੇਰੇ**

| ਰੇਲਗੱਡੀ ਨੰ. 04662 ਪਹੁੰਚ | ਰੇਲਗੱਡੀ ਨੰ. 04662 ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 04661 ਪਹੁੰਚ | ਰੇਲਗੱਡੀ ਨੰ. 04661 ਰਵਾਨਗੀ |
|---|---|---|---|---|
| --- | 20:10 | ਅੰਮ੍ਰਿਤਸਰ ਜੰ. | 18:20 | --- |
| 05:00 | --- | ਸਹਰਸਾ | --- | 10:00 |

ਚਲਣ ਦੇ ਦਿਨ : 04662 ਅੰਮ੍ਰਿਤਸਰ ਜੰ. ਤੋਂ ਮਿਤੀ 29.10.2024 ਨੂੰ ਅਤੇ 03.11.2024 ਨੂੰ ਅਤੇ 04661 ਸਹਰਸਾ ਤੋਂ ਮਿਤੀ 31.10.2024 ਅਤੇ 05.11.2024 ਨੂੰ;
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ
ਠਹਿਰਾਓ: ਬਿਆਸ ਜੰ., ਜਲੰਧਰ ਸਿਟੀ ਜੰ., ਢੰਡਾਰੀ ਕਲਾਂ, ਸਰਹਿੰਦ, ਰਾਜਪੁਰਾ, ਅੰਬਾਲਾ ਕੈਂਟ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸੀਤਾਪੁਰ ਜੰ., ਗੋਂਡਾ ਜੰ., ਗੋਰਖਪੁਰ ਜੰ., ਸੀਵਾਨ ਜੰ., ਛਪਰਾ, ਹਾਜੀਪੁਰ ਜੰ., ਮੁਜਫਰਪੁਰ ਜੰ., ਸਮਸਤੀਪੁਰ ਜੰ., ਬਰੌਨੀ ਜੰ., ਬੇਗੂਸਰਾਏ, ਖਗੜਿਯਾ ਜੰ. ਅਤੇ ਸਿਮਰੀ ਬਖਿਤਯਾਰਪੁਰ ਸਟੇਸ਼ਨ।

**04520/04519 ਅੰਬਾਲਾ ਕੈਂਟ-ਦਰਭੰਗਾ-ਅੰਮ੍ਰਿਤਸਰ ਜੰ. ਰੀਜ਼ਰਵ ਤਿਉਹਾਰ ਵਿਸ਼ੇਸ਼ ਰੇਲਗੱਡੀ — 02 ਫੇਰੇ**

| ਰੇਲਗੱਡੀ ਨੰ. 04520 ਪਹੁੰਚ | ਰੇਲਗੱਡੀ ਨੰ. 04520 ਰਵਾਨਗੀ | ↓ ਸਟੇਸ਼ਨ ↑ | ਰੇਲਗੱਡੀ ਨੰ. 04519 ਪਹੁੰਚ | ਰੇਲਗੱਡੀ ਨੰ. 04519 ਰਵਾਨਗੀ |
|---|---|---|---|---|
| --- | --- | ਅੰਮ੍ਰਿਤਸਰ ਜੰ. | 06:30 | --- |
| --- | --- | ਜਲੰਧਰ ਸਿਟੀ | 03:35 | 03:40 |
| --- | 19:00 | ਅੰਬਾਲਾ ਛਾਉਣੀ | 02:05 | 02:15 |
| 19:00 | --- | ਦਰਭੰਗਾ | --- | 21:30 |

ਚਲਣ ਦੇ ਦਿਨ : 04520 ਅੰਬਾਲਾ ਛਾਉਣੀ ਤੋਂ ਮਿਤੀ 25.10.2024 ਨੂੰ ਅਤੇ 04519 ਦਰਭੰਗਾ ਤੋਂ ਮਿਤੀ 26.10.2024 ਨੂੰ;
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ
ਠਹਿਰਾਓ: ਅੰਮ੍ਰਿਤਸਰ ਜੰ., ਜਲੰਧਰ ਸਿਟੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸੀਤਾਪੁਰ ਜੰ., ਗੋਰਖਪੁਰ, ਦੇਵਰਿਯਾ ਸਦਰ, ਸੀਵਾਨ ਜੰ., ਛਪਰਾ ਹਾਜੀਪੁਰ ਜੰ., ਮੁਜਫਰਪੁਰ ਜੰ. ਅਤੇ ਸਮਸਤੀਪੁਰ ਜੰ. ਸਟੇਸ਼ਨ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 'ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਵੇਖਣ।

'ਤੇ ਸਾਨੂੰ ਫਾਲੋ ਕਰੋ | ਉੱਤਰ ਰੇਲਵੇ ਤੁਹਾਡੀ ਸੁਵਿਧਾ - ਸਾਡਾ ਲਕਸ਼ | ਸਾਨੂੰ www.nr.indianrailways.gov.in 'ਤੇ ਮਿਲੋ | 3279/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸਾਂਝਾ ਫ਼ਰੰਟ ਵੱਲੋਂ ਦਿੱਤੀ ਕਾਲ 'ਤੇ ਪੰਜਾਬ ਪੈਨਸ਼ਨ ਯੂਨੀਅਨ ਦੇ ਸਾਥੀ ਵੱਧ-ਚੜ੍ਹ ਕੇ ਹਿੱਸਾ ਲੈਣਗੇ : ਚੀਮਾ



**ਜਲੰਧਰ ( ਰਾਜੇਸ਼ ਥਾਪਾ/ਜਗਤਾਰ ਸਿੰਘ ਭੁੰਗਰਨੀ)** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫ਼ਰੰਟ ਵੱਲੋਂ ਦਿੱਤੀ ਕਾਲ 'ਤੇ ਪੰਜਾਬ ਪੈਨਸ਼ਨ ਯੂਨੀਅਨ ਜਿਲ੍ਹਾ ਜਲੰਧਰ ਦੇ ਸਾਥੀ ਵੱਧ ਚੜ੍ਹ ਕੇ ਹਿੱਸਾ ਲੈਣਗੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾਂ ਕਰਦਿਆਂ ਜਿਲ੍ਹਾ ਜਲੰਧਰ ਦੇ ਮੁੱਖ ਬੁਲਾਰੇ ਹਰਿੰਦਰ ਸਿੰਘ ਚੀਮਾ ਸੀਨੀਅਰ ਮੀਤ ਪ੍ਰਧਾਨ ਦਵਿੰਦਰਪਾਲ ਸਿੰਘ ਅਤੇ ਜਨਰਲ ਸਕੱਤਰ ਵਿਜੇ ਸ਼ਰਮਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਕਨਵੀਨਰਾਂ ਵਲੋਂ ਦਿੱਤੀ ਕਾਲ ਮੁਤਾਬਕ ਪੰਜਾਬ ਪੈਨਸ਼ਨਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਸਾਥੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਦੀ ਵਾਅਦਾ ਖਿਲਾਫੀ ਅਤੇ ਵਾਰ-ਵਾਰ ਮੀਟਿੰਗਾਂ ਦੇ ਕੇ ਭੱਜਣ ਖਿਲਾਫ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਪੰਜਾਬ ਅੰਦਰ ਹੋ ਰਹੀਆਂ ਚਾਰ ਵਿਧਾਨ ਸਭਾ ਦੀਆਂ ਜਿਮਨੀ ਚੋਣਾਂ 'ਚ ਸਰਕਾਰ ਨੂੰ ਘੇਰਿਆ ਜਾਵੇਗਾ, ਜਿਸ ਦੀਆਂ ਤਿਆਰੀਆਂ ਲਈ 25 ਅਤੇ 26 ਅਕਤੂਬਰ ਨੂੰ ਜ਼ਿਲ੍ਹਾ ਮੀਟਿੰਗਾਂ ਕਰਨ ਉਪਰੰਤ 28 ਅਤੇ 29 ਅਕਤੂਬਰ ਨੂੰ ਸਮੁੱਚੇ ਪੰਜਾਬ ਵਿੱਚ ਸਰਕਾਰ ਦੀਆਂ ਅਰਥੀਆਂ ਫੂਕਣ ਤੋਂ ਬਾਅਦ 3 ਨਵੰਬਰ ਨੂੰ ਚੱਬੇਵਾਲ, 7 ਨਵੰਬਰ ਨੂੰ ਗਿੱਦੜਬਾਹਾ, 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਅਤੇ 10 ਨਵੰਬਰ ਨੂੰ ਬਰਨਾਲਾ ਵਿਧਾਨ ਸਭਾ ਹਲਕਿਆਂ ਅੰਦਰ ਝੰਡਾ ਮਾਰਚ ਕਰਕੇ ਪੰਜਾਬ ਸਰਕਾਰ ਦੀ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀ ਖਿਲਾਫ਼ ਆਵਾਜ਼ ਬੁਲੰਦ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਕਰਮਚਾਰੀਆਂ ਨੂੰ ਮਿਲ ਰਹੀਆਂ ਪੈਨਸ਼ਨਾਂ ਖਿਲਾਫ਼ ਦਿੱਤੇ ਬਿਆਨ ਦੀ ਜ਼ੋਰਦਾਰ ਨਿੰਦਾ ਕੀਤੀ ਗਈ।ਸਾਂਝਾ ਫਰੰਟ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਅੰਦਰ ਵੱਖ-ਵੱਖ ਫਰੰਟਾਂ 'ਤੇ ਸੰਘਰਸ਼ ਕਰ ਰਹੇ ਪੰਜਾਬ ਦੇ ਸਮੁੱਚੇ ਮੁਲਾਜ਼ਮ ਅਤੇ ਪੈਨਸ਼ਨਰ ਇਕੱਠੇ ਹੋ ਕੇ ਸਰਕਾਰ ਦੀ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀ ਖਿਲਾਫ਼ ਜੋ ਵੱਡੀ ਲਹਿਰ ਖੜ੍ਹੀ ਕੀਤੀ ਜਾਵੇਗੀ ਉਸ ਵਿੱਚ ਵੀ ਵੱਧ ਚੜ੍ਹ ਕੇ ਜਲੰਧਰ ਦੇ ਸਾਥੀ ਯੋਗਦਾਨ ਪਾਉਣਗੇ।

# ਰੋਟਰੀ ਕਲੱਬ ਮਿਡ ਟਾਊਨ ਵੱਲੋਂ 29 ਨੂੰ ਸ਼ੁਰੂ ਕੀਤਾ ਜਾਵੇਗਾ ਰੀਸਾਈਟ ਵਿਜ਼ਨ ਪ੍ਰੋਜੈਕਟ




**ਹੁਸ਼ਿਆਰਪੁਰ, (ਓ ਪੀ ਰਾਣਾ)** ਰੋਟਰੀ ਕਲੱਬ ਮਿਡ ਟਾਊਨ ਹੁਸ਼ਿਆਰਪੁਰ ਵੱਲੋਂ 29 ਅਕਤੂਬਰ ਦਿਨ ਮੰਗਲਵਾਰ ਨੂੰ ਦੁਪਹਿਰ 1 ਵਜੇ ਸਰਕਾਰੀ ਐਲੀਮੈਂਟਰੀ ਸਕੂਲ, ਰੇਲਵੇ ਮੰਡੀ ਵਿਖੇ ਰੀਸਾਈਟ ਵਿਜ਼ਨ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਜਾਵੇਗੀ।ਇਸ ਵਿਸ਼ੇਸ਼ ਪ੍ਰੋਗਰਾਮ ਦਾ ਉਦਘਾਟਨ ਡਿਪਟੀ ਕਮਿਸ਼ਨਰ (ਡੀ.ਸੀ) ਕੋਮਲ ਮਿੱਤਲ ਕਰਨਗੇ। ਜਾਂਚ ਦੌਰਾਨ ਜਿਨ੍ਹਾਂ ਬੱਚਿਆਂ ਨੂੰ ਨਜ਼ਰ ਦੀ ਸਮੱਸਿਆ ਪਾਈ ਜਾਂਦੀ ਹੈ, ਉਨ੍ਹਾਂ ਨੂੰ ਜ਼ਰੂਰੀ ਐਨਕਾਂ ਅਤੇ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।ਇਸ ਪ੍ਰੋਜੈਕਟ ਤਹਿਤ ਵਿਸ਼ੇਸ਼ ਤੌਰ 'ਤੇ ਉਨ੍ਹਾਂ ਬੱਚਿਆਂ ਦੀ ਮਦਦ ਕੀਤੀ ਜਾਵੇਗੀ ਜੋ ਕਿ ਆਰਥਿਕ ਤੌਰ 'ਤੇ ਕਮਜ਼ੋਰ ਹਨ ਅਤੇ ਨਿਯਮਤ ਤੌਰ 'ਤੇ ਡਾਕਟਰੀ ਸੇਵਾਵਾਂ ਤੱਕ ਸੀਮਤ ਪਹੁੰਚ ਰੱਖਦੇ ਹਨ ਰੋਟੇਰੀਅਨ ਅਵਤਾਰ ਸਿੰਘ ਨੇ ਜ਼ਿਲ੍ਹਾ ਮੈਜਿਸਟ੍ਰੇਟ ਹੁਸ਼ਿਆਰਪੁਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਮੁਹਿੰਮ ਰਾਹੀਂ ਕਲੱਬ ਦੀ ਕੋਸ਼ਿਸ਼ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਹਰ ਵਿਦਿਆਰਥੀ ਹਰ ਸਕੂਲ ਵਿੱਚ ਉਸ ਦੀ ਨਜ਼ਰ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ ਤਾਂ ਜੋ ਪੜ੍ਹਾਈ ਅਤੇ ਰੋਜ਼ਾਨਾ ਜੀਵਨ ਵਿੱਚ ਕੋਈ ਰੁਕਾਵਟ ਨਾ ਆਵੇ। ਉਨ੍ਹਾਂ ਕਿਹਾ ਕਿ ਚੰਗੀ ਨਜ਼ਰ ਹਰ ਬੱਚੇ ਦਾ ਅਧਿਕਾਰ ਹੈ ਅਤੇ ਅਸੀਂ ਇਸ ਗੱਲ ਨੂੰ ਯਕੀਨੀ ਬਣਾਵਾਂਗੇ ਕਿ ਕੋਈ ਵੀ ਬੱਚਾ ਅੱਖਾਂ ਦੀ ਸਮੱਸਿਆ ਕਾਰਨ ਪੜ੍ਹਾਈ ਤੋਂ ਵਾਂਝਾ ਨਾ ਰਹੇ ਇਸ ਮੁਹਿੰਮ ਦੌਰਾਨ ਵਿਸ਼ੇਸ਼ ਤੌਰ ਤੇ ਸਿਖਲਾਈ ਪ੍ਰਾਪਤ ਡਾਕਟਰਾਂ ਅਤੇ ਮੈਡੀਕਲ ਸਟਾਫ਼ ਦੀਆਂ ਟੀਮਾਂ ਸਾਰੇ ਸਕੂਲਾਂ ਦਾ ਦੌਰਾ ਕਰਨਗੀਆਂ ਬੱਚਿਆਂ ਦੀ ਨਜ਼ਰ ਦੀ ਜਾਂਚ ਕਰਨ ਤੋਂ ਬਾਅਦ ਉਨ੍ਹਾਂ ਨੂੰ ਤੁਰੰਤ ਐਨਕਾਂ ਮੁਹੱਈਆ ਕਰਵਾਈਆਂ ਜਾਣਗੀਆਂ। ਜੇਕਰ ਕਿਸੇ ਨੂੰ ਵੀ ਅੱਖਾਂ ਦੀ ਕੋਈ ਗੰਭੀਰ ਸਮੱਸਿਆ ਪਾਈ ਜਾਂਦੀ ਹੈ ਤਾਂ ਉਸ ਨੂੰ ਉਚਿਤ ਡਾਕਟਰੀ ਇਲਾਜ ਲਈ ਰੈਫਰ ਕੀਤਾ ਜਾਵੇਗਾ। ਰੋਟੇਰੀਅਨ ਮਨੋਜ ਓਹਰੀ ਨੇ ਕਿਹਾ ਕਿ ਸਾਡਾ ਉਦੇਸ਼ ਸਿਰਫ਼ ਪੜਤਾਲ ਕਰਨਾ ਨਹੀਂ ਹੈ, ਸਗੋਂ ਲੰਮੇ ਸਮੇਂ ਦੇ ਹੱਲ ਪ੍ਰਦਾਨ ਕਰਨਾ ਹੈ, ਤਾਂ ਜੋ ਬੱਚੇ ਬਿਨਾਂ ਕਿਸੇ ਪਰੇਸ਼ਾਨੀ ਦੇ ਆਪਣੇ ਭਵਿੱਖ ਵੱਲ ਵਧ ਸਕਣ, ਇਸ ਪ੍ਰੋਗਰਾਮ ਦੌਰਾਨ ਰੋਟਰੀ ਕਲੱਬ ਦੇ ਮੈਂਬਰ, ਸਥਾਨਕ ਪ੍ਰਸ਼ਾਸਨਿਕ ਅਧਿਕਾਰੀ ਅਤੇ ਸਕੂਲ ਸਟਾਫ਼ ਵੀ ਮੌਜੂਦ ਰਹੇਗਾ। ਇਸ ਪ੍ਰੋਜੈਕਟ ਨਾਲ ਹੁਸ਼ਿਆਰਪੁਰ ਦੇ ਸਰਕਾਰੀ ਸਕੂਲਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਲਾਭ ਮਿਲਣ ਦੀ ਉਮੀਦ ਹੈ, ਉਨ੍ਹਾਂ ਦੀ ਸਿੱਖਿਆ ਅਤੇ ਜੀਵਨ ਪੱਧਰ ਵਿੱਚ ਸੁਧਾਰ ਹੋਵੇਗਾ।ਇਹ ਪਹਿਲਕਦਮੀ ਨਾ ਸਿਰਫ਼ ਬੱਚਿਆਂ ਦੀ ਸਿਹਤ ਬਾਰੇ ਜਾਗਰੂਕਤਾ ਪੈਦਾ ਕਰੇਗੀ ਸਗੋਂ ਹੋਰ ਸੰਸਥਾਵਾਂ ਅਤੇ ਭਾਈਚਾਰਿਆਂ ਨੂੰ ਵੀ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਮਿਲ ਕੇ ਕੰਮ ਕਰਨ ਲਈ ਪ੍ਰੇਰਿਤ ਕਰੇਗੀ। ਇਸ ਮੌਕੇ ਰੋਟੇਰੀਅਨ ਜਗਮੀਤ ਸਿੰਘ ਸੇਠੀ, ਰੋਟੇਰੀਅਨ ਰਜਨੀਸ਼ ਕੁਮਾਰ ਗੁਲਿਆਨੀ ਆਦਿ ਹਾਜ਼ਰ ਸਨ।

# ਸ਼ਾਦੀ ਸਮਾਗਮਾਂ ਨੂੰ ਸਫਲਤਾ-ਪੂਰਵਕ ਨੇਪਰੇ ਚਾੜ੍ਹਨ ਲਈ ਪਿੰਡ ਵਾਸੀਆਂ ਕੀਤਾ ਵਿਚਾਰ-ਵਟਾਂਦਰਾ




**ਲੋਹੀਆਂ ਖਾਸ, (ਯੋਗੇਸ਼ਵਰ) :** ਲੋਹੀਆਂ ਖਾਸ ਦੇ ਨਜ਼ਦੀਕੀ ਪਿੰਡ ਮਾਣਕ ਵਿਖੇ 26 ਅਕਤੂਬਰ ਨੂੰ ਯੁਵਕ ਸੇਵਾਵਾਂ ਕਲੱਬ (ਰਜਿ.) ਵੱਲੋਂ 21 ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੀਆਂ ਸ਼ਾਦੀਆਂ ਕਰਵਾਈਆਂ ਜਾ ਰਹੀਆਂ ਹਨ। ਸ਼ਾਦੀ ਸਮਾਗਮਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਪਿੰਡ ਵਾਸੀਆਂ ਵੱਲੋਂ ਮੀਟਿੰਗ ਕਰਕੇ ਵਿਚਾਰ ਵਿਟਾਦਰੇ ਕੀਤੇ ਗਏ। ਇਸ ਮੌਕੇ ਗੁਰਨਾਮ ਸਿੰਘ ਢਿੱਲੋਂ, ਰਿਟਾਇਰਡ ਕਾਨੂੰਗੋ ਨਰਿੰਦਰਜੀਤ ਸਿੰਘ, ਮੈਨੇਜਰ ਬੇਅੰਤ ਸਿੰਘ ਢਿੱਲੋਂ, ਮਾਸਟਰ ਨਿਰਮਲ ਸਿੰਘ ਸੰਧੂ, ਸਰਪੰਚ ਬਿੱਕਰ ਸਿੰਘ, ਸਾਬਕਾ ਸਰਪੰਚ ਪਿਆਰਾ ਸਿੰਘ, ਸਾਬਕਾ ਸਰਪੰਚ ਪਰਮਜੀਤ ਸਿੰਘ, ਬਲਵੰਤ ਸਿੰਘ ਫੌਜੀ, ਡਾਕਟਰ ਬਲਵਿੰਦਰ ਸਿੰਘ, ਡਾਕਟਰ ਜਗਰੂਪ ਸਿੰਘ, ਕੁਲਦੀਪ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਣਕ, ਤਰਸੇਮ ਸਿੰਘ, ਮਲਕੀਤ ਸਿੰਘ, ਆਪ ਆਪ ਆਗੂ ਸਰਬਣ ਸਿੰਘ, ਕੁਲਵੰਤ ਸਿੰਘ, ਮੰਗਾ ਮਿਸਤਰੀ ਅਤੇ ਸਰਬਜੀਤ ਛੱਬਾ ਹਾਜ਼ਰ ਸਨ।

## ਅਕਾਲ ਗਲੈਕਸੀ ਕਾਨਵੈਂਟ ਸਕੂਲ ਦੇ ਬੀਰ ਪ੍ਰਤਾਪ ਸਿੰਘ ਨੇ ਗੋਲਡ ਮੈਡਲ ਜਿੱਤਿਆ



**ਲੋਹੀਆਂ ਖਾਸ (ਯੋਗੇਸ਼ਵਰ) :** ਲੋਹੀਆਂ ਖਾਸ ਇਲਾਕੇ ਦੇ ਬਹੁਤ ਹੀ ਮਹੱਤਵਪੂਰਣ ਸਕੂਲ ਅਕਾਲ ਗਲੈਕਸੀ ਕਾਨਵੈਂਟ ਸਕੂਲ ਦੇ ਸੱਤ ਸਾਲਾਂ ਵਿਦਿਆਰਥੀ ਬੀਰ ਪ੍ਰਤਾਪ ਸਿੰਘ ਨੇ ਪਿਛਲੇ ਦਿਨੀਂ ਸੁਲਤਾਨਪੁਰ ਲੋਧੀ ਦੀ ਪਵਿੱਤਰ ਧਰਤੀ ਦੇ ਸਕੂਲ ਅਕਾਲ ਅਕੈਡਮੀ ਵਿੱਚ ਕਰਵਾਏ ਗਏ ਪਹਿਲੇ ਕਰਾਟੇ ਟੂਰਨਾਮੈਂਟ ਵਿੱਚ ਪਹਿਲੇ ਦੋ ਮੈਚਾਂ ਵਿੱਚ ਜਿੱਤ ਹਾਸਿਲ ਕਰਕੇ ਗੋਲਡ ਮੈਡਲ ਹਾਸਿਲ ਕਰਕੇ ਆਪਣੇ ਸਕੂਲ ਦਾ ਮਾਪਿਆਂ ਦਾ ਤੇ ਇਲਾਕੇ ਦਾ ਨਾਮ ਰੋਸ਼ਨ ਕੀਤਾ ਹੈ।ਇਸ ਸ਼ਲਾਘਾਯੋਗ ਪ੍ਰਾਪਤੀ ਲਈ ਸਕੂਲ ਦੇ ਪ੍ਰਿੰਸੀਪਲ ਵੱਲੋਂ ਤੇ ਸਕੂਲ ਸਟਾਫ ਵੱਲੋਂ ਬੀਰ ਪ੍ਰਤਾਪ ਸਿੰਘ ਦੇ ਮਾਪਿਆਂ ਨੂੰ ਵਧਾਈਆਂ ਵੀ ਪੇਸ਼ ਕੀਤੀਆਂ ਗਈਆਂ।

## ਫਿਲੌਰ ਦੀਆਂ ਮੰਡੀਆਂ 'ਚ 240739 ਕੁਇੰਟਲ ਝੋਨਾ ਪੁੱਜਿਆ



**ਫਿਲੌਰ (ਨਿਰਮਲ)** ਦਾਣਾ ਮੰਡੀ ਫਿਲੌਰ ਅਤੇ ਇਸ ਦੀਆਂ ਸਹਾਇਕ ਮੰਡੀਆਂ ਅੱਪਰਾ, ਲਸਾੜਾ, ਤੇਹਿੰਗ ਅਤੇ ਮੁਠੱਡਾ ਵਿੱਚ ਅੱਜ ਤੱਕ 240739 ਕੁਇੰਟਲ ਝੋਨਾ ਪੁੱਜਿਆ ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਮਾਰਕਫੈਡ, ਪਨਸਪ, ਪਨਗ੍ਰੇਨ ਅਤੇ ਵੇਅਰ ਹਾਊਸ ਵੱਲੋਂ 199025 ਕੁਇੰਟਲ ਝੋਨੇ ਦੀ ਖਰੀਦ ਕੀਤੀ ਗਈ ਹੈ।ਮਾਰਕੀਟ ਕਮੇਟੀ ਫਿਲੌਰ ਦੇ ਸਕੱਤਰ ਸ੍ਰੀ ਨਿਰਮਲ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮੰਡੀਆਂ ਵਿੱਚ ਝੋਨਾ ਭਾਰੀ ਮਾਤਰਾ ਵਿੱਚ ਆ ਰਿਹਾ ਹੈ ਇਸ ਵਾਰ ਝੋਨੇ ਦਾ ਸਰਕਾਰੀ ਰੇਟ 2320 ਰੁਪਏ ਪ੍ਰਤੀ ਕੁਇੰਟਲ ਹੈ। ਇਸ ਵਾਰ ਪ੍ਰਾਈਵੇਟ ਖਰੀਦ ਨਹੀਂ ਹੋਈ ।

## ਪ੍ਰੋ: ਵਿਜੇ ਕੁਮਾਰ ਨੇ ਦੀਵਾਲੀ ਦੇ ਤਿਉਹਾਰ ਨਾਲ ਸੰਬੰਧਤ ਕੀਤਾ ਜਾਗਰੂਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਦੀਵਾਲੀ ਦਾ ਤਿਉਹਾਰ ਅਜਿਹਾ ਤਿਉਹਾਰ ਹੈ ਜੇਕਰ ਅਸੀਂ ਇਸ ਨੂੰ ਇਸ ਢੰਗ ਨਾਲ ਮਨਾਈਏ ਕਿ ਸਾਡੇ ਜੀਵਨ ਦੀਆਂ ਖੁਸ਼ੀਆਂ ਕਈ ਗੁਣਾਂ ਵੱਧ ਜਾਣ ਤਾਂ ਅਸੀਂ ਦੇਖਦੇ ਹਾਂ ਕਿ ਇਹਨਾਂ ਖੁਸ਼ੀਆਂ ਦਾ ਅੰਤ ਸਾਨੂੰ ਦਿਖਾਈ ਨਹੀਂ ਦਿੰਦਾ।ਜੇਕਰ ਇਸ ਧਾਰਮਿਕ ਤਿਉਹਾਰ ਦੇ ਵਿੱਚ ਅਸੀਂ ਕੁਝ ਗੱਲਾਂ ਦਾ ਧਿਆਨ ਨਹੀਂ ਰੱਖਾਂਗੇ ਤਾਂ ਸਾਡੀ ਜਿੰਦਗੀ ਵਿੱਚ ਅਜਿਹੇ ਬਦਲਾਵ ਆਉਣਗੇ ਅਤੇ ਅਜਿਹਾ ਨੁਕਸਾਨ ਕਰ ਜਾਣਗੇ ਜਿਹਨਾਂ ਦੀ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ।ਸਰਕਾਰ ਵੱਲੋਂ ਹਰ ਇੱਕ ਤਿਉਹਾਰ ਨਾਲ ਸੰਬੰਧਿਤ ਕੁਝ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ।ਉਹ ਚਾਹੁੰਦੀ ਹੈ ਕਿ ਅਸੀਂ ਇਨ੍ਹਾਂ ਤਿਉਹਾਰਾ ਤੇ ਉਨ੍ਹਾਂ ਹਦਾਇਤਾਂ ਦੀ ਪਾਲਣਾ ਕਰੀਏ, ਪਰ ਦੇਖਣ ਵਿੱਚ ਆਉਂਦਾ ਹੈ ਕਿ ਕੁਝ ਲੋਕ ਉਨ੍ਹਾਂ ਨਿਯਮਾ ਦੀ ਪਾਲਣਾ ਨਹੀਂ ਕਰਦੇ ਜਿਸ ਕਾਰਨ ਉਨ੍ਹਾਂ ਦੇ ਨਾਲ-ਨਾਲ ਦੂਜਿਆਂ ਨੂੰ ਵੀ ਆਪਣੀ ਸਿਹਤ ਪੱਖੋਂ ਨੁਕਸਾਨ ਉਠਾਉਣਾ ਪੈਂਦਾ ਹੈ, ਜਿਸ ਦੇ ਪਰਿਣਾਮ ਕਈ ਵਾਰੀ ਬੁਰੇ ਵੀ ਨਿਕਲ ਕੇ ਸਾਹਮਣੇ ਆਉਂਦੇ ਹਨ।ਜਿਸ ਨਾਲ ਸਾਡੀ ਪੂੰਜੀ, ਕੀਮਤੀ ਸਮਾਨ ਅਤੇ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ।ਸਰਕਾਰੀ ਕਾਲਜ, ਹੁਸ਼ਿਆਰਪੁਰ ਦੇ ਵਾਈਸ ਪ੍ਰਿੰਸੀਪਲ ਵਿਜੇ ਕੁਮਾਰ ਸਰਕਾਰੀ ਨਿਰਦੇਸ਼ਾਂ ਦੇ ਅਨੁਸਾਰ ਕਾਲਜ ਦੇ ਵਿਦਿਆਰਥੀਆਂ ਨਾਲ ਮਿਲ ਕੇ ਅਤੇ ਵੱਧ ਤੋਂ ਵੱਧ ਸ਼ਹਿਰ ਦੇ ਲੋਕਾਂ ਨਾਲ ਸੰਪਰਕ ਕਰਕੇ ਦੀਵਾਲੀ ਦੇ ਤਿਉਹਾਰ ਤੇ ਬਿਜਲੀ ਦੀ ਬੱਚਤ ਕਰਨ, ਗਰੀਨ ਦੀਵਾਲੀ ਮਨਾਉਣ, ਸਰਕਾਰ ਦੇ ਦੁਆਰਾ ਮੰਨਜੂਰਸ਼ੁਦਾ ਪਟਾਕੇ ਚਲਾਉਣ, ਮਿਲਾਵਟੀ ਅਤੇ ਨਕਲੀ ਸਮਾਨ ਵੇਚਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਲਈ ਅੱਗੇ ਆਉਣ। ਪਵਿੱਤਰਤਾ ਨੂੰ ਧਿਆਨ ਵਿੱਚ ਰੱਖ ਕੇ ਅਤੇ ਵਾਤਾਵਰਣ ਦੀ ਸੁਰੱਖਿਆ ਨੂੰ ਇਮਾਨਦਾਰੀ ਨਾਲ ਆਪਣਾ ਫਰਜ ਸਮਝ ਕੇ ਤਿਉਹਾਰ ਨਾਲ ਸੰਬੰਧਿਤ ਤਿਉਹਾਰ ਮਨਾਉਣ ਲਈ ਪ੍ਰੇਰਿਤ ਕਰ ਰਹੇ ਹਨ।

# ਬਦਲ ਰਹੇ ਮੌਸਮ 'ਚ ਨਵਜਨਮੇ ਬੱਚਿਆਂ ਦਾ ਰੱਖਿਆ ਜਾਵੇ ਧਿਆਨ : ਸੀ ਐੱਚ ਓ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਡਾ. ਤਰਸੇਮ ਸਿੰਘ ਸਿਵਲ ਸਰਜਨ ਰੂਪਨਗਰ ਅਤੇ ਡਾ. ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਕੀਰਤਪੁਰ ਸਾਹਿਬ ਵਿਖੇ ਮਮਤਾ ਦਿਵਸ ਮਨਾਇਆ ਗਿਆ। ਬਲਵੰਤ ਰਾਏ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਹਰ ਬੁੱਧਵਾਰ ਨੂੰ ਮਮਤਾ ਦਿਵਸ ਮਨਾਇਆ ਜਾਂਦਾ ਹੈ, ਜਿਸ ਤਹਿਤ ਪਿੰਡਾਂ-ਪਿੰਡਾਂ ਵਿੱਚ ਗਰਭਵਤੀ ਮਾਵਾਂ ਅਤੇ ਜ਼ੀਰੋ ਤੋਂ ਡੇਢ ਸਾਲ ਦੇ ਬੱਚਿਆਂ ਨੂੰ ਵੱਖ-ਵੱਖ ਬਿਮਾਰੀਆਂ ਤੋਂ ਬਚਾਓ ਦੇ ਟੀਕੇ ਲਗਾਏ ਜਾਂਦੇ ਹਨ।ਉਨ੍ਹਾਂ ਨੇ ਅੱਗੇ ਹੋਰ ਦੱਸਿਆ ਕਿ ਗਰਭਵਤੀ ਮਾਵਾਂ ਦਾ ਐਂਟੀਨੇਟਲ ਚੈਕਅੱਪ ਵੀ ਕੀਤਾ ਜਾਂਦਾ ਹੈ ਅਤੇ ਖੂਨ ਅਤੇ ਪਿਸ਼ਾਬ ਦੇ ਟੈਸਟ ਵੀ ਮੁਫਤ ਕੀਤੇ ਜਾਂਦੇ ਹਨ।ਮਾਵਾਂ ਨੂੰ ਆਇਰਨ ਫੋਲਿਕ ਐਸਿਡ ਅਤੇ ਕੈਲਸ਼ੀਅਮ ਦੀਆਂ ਗੋਲ਼ੀਆਂ ਵੀ ਦਿੱਤੀਆਂ ਜਾਂਦੀਆਂ ਹਨ। ਹਾਈ ਰਿਸਕ ਮਾਵਾਂ ਜਿਹਨਾਂ ਦਾ ਹੀਮੋਗਲੋਬਿਨ ਘੱਟ ਹੋਵੇ, ਉਮਰ 18 ਸਾਲ ਤੋਂ ਘੱਟ ਜਾਂ 35 ਸਾਲ ਤੋਂ ਵੱਧ ਹੋਵੇ, ਪੰਜ ਵਾਰ ਜਾਂ ਉਸ ਤੋਂ ਵੱਧ ਵਾਰ ਗਰਭ ਧਾਰਨ ਕੀਤਾ ਹੋਵੇ, ਕੱਦ ਬਹੁਤ ਛੋਟਾ ਹੋਵੇ, ਬਲੱਡ ਗਰੁੱਪ ਦਾ ਆਰ. ਐਚ ਫੈਕਟਰ ਨੈਗੇਟਿਵ ਹੋਣਾ, ਬਲੱਡ ਪ੍ਰੈਸ਼ਰ ਵੱਧ ਹੋਣਾ, ਗਰਭ ਅਵਸਥਾ ਦੌਰਾਨ ਸ਼ੂਗਰ ਲੈਵਲ ਘੱਟ ਜਾਂ ਵੱਧ ਹੋਣਾ, ਵਾਰ-ਵਾਰ ਗਰਭਪਾਤ ਦੀ ਹਿਸਟਰੀ ਹੋਣਾ, ਜੁੜਵਾ ਬੱਚੇ ਦੀ ਅਵਸਥਾ, ਪਿਛਲੇ ਜਣੇਪੇ ਦੀ ਸਜੇਰੀਅਨ (ਵੱਡਾ ਅਪ੍ਰੇਸ਼ਨ) ਦੀ ਹਿਸਟਰੀ, ਗਰਭਵਤੀ ਨੂੰ ਦਮਾ, ਜਾਂ ਦੌਰੇ ਪੈਣੇ, ਬਾਂਝਪਣ ਦਾ ਇਲਾਜ਼ ਕਰਵਾਇਆ ਹੋਵੇ ਆਦਿ ਦੀ ਹਿਸਟਰੀ ਹੋਵੇ, ਉਹਨਾਂ ਮਾਵਾਂ ਦਾ ਖਾਸ ਤੌਰ 'ਤੇ ਧਿਆਨ ਰੱਖਿਆ ਜਾਂਦਾ ਹੈ ਅਤੇ ਮਾਹਿਰ ਡਾਕਟਰਾਂ ਕੋਲੋਂ ਸਮੇਂ-ਸਮੇਂ ਤੇ ਚੈਕ-ਅਪ ਕਰਵਾਇਆ ਜਾਂਦਾ ਹੈ।ਨਰੇਸ਼ ਕੁਮਾਰ, ਸੁੱਚਾ ਸਿੰਘ, ਰਜਨੀ ਦੇਵੀ, ਜਸਵੀਰ ਕੌਰ ਸਿਹਤ ਕਰਮਚਾਰੀਆਂ ਨੇ ਵੀ ਸੰਬੋਧਨ ਕਰਦੇ ਸਰਕਾਰ ਦੀਆਂ ਮੁਫਤ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ।

# ਸੀਟੀ ਪਬਲਿਕ ਸਕੂਲ ਨੇ ਸਹੋਦਿਆ ਫਾਇਰ ਰਹਿਤ ਕੁਕਿੰਗ ਮੁਕਾਬਲੇ ਕਰਵਾਏ



**ਜਲੰਧਰ ( ਸ਼ੈਲੀ ਐਲਬਰਟ)** -ਸੀਟੀ ਪਬਲਿਕ ਸਕੂਲ ਨੇ ਸਹੋਦਿਆ ਫਾਇਰ ਰਹਿਤ ਕੁਕਿੰਗ ਮੁਕਾਬਲੇ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਖੇਤਰ ਭਰ ਦੇ 35 ਤੋਂ ਵੱਧ ਸੀ ਬੀ ਐਸ ਈ ਸਕੂਲਾਂ ਨੇ ਭਾਗ ਲਿਆ।ਸਮਾਗਮ ਦੀ ਸ਼ੁਰੂਆਤ ਹਰੇ ਸੁਆਗਤ ਨਾਲ ਹੋਈ, ਜੋ ਸਕੂਲ ਦੀ ਸਥਿਰਤਾ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੈ, ਇਸ ਤੋਂ ਬਾਅਦ ਦੀਵੇ ਦੀ ਰਸਮੀ ਰੋਸ਼ਨੀ ਕੀਤੀ ਗਈ।ਮੁਕਾਬਲੇ ਵਿੱਚ 9ਵੀਂ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀ ਸ਼ਾਮਲ ਸਨ ਜਿਨ੍ਹਾਂ ਨੇ ਵੱਖ-ਵੱਖ ਅੱਗ ਰਹਿਤ ਪਕਵਾਨ ਤਿਆਰ ਕੀਤੇ। ਇਸ ਸਮਾਗਮ ਨੇ ਵਿਦਿਆਰਥੀਆਂ ਨੂੰ ਆਪਣੀ ਰਸੋਈ ਦੀ ਮੁਹਾਰਤ ਦਾ ਪ੍ਰਦਰਸ਼ਨ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਅਤੇ ਸਿਹਤਮੰਦ ਖਾਣਾ ਪਕਾਉਣ ਦੀਆਂ ਤਕਨੀਕਾਂ ਦੀ ਮਹੱਤਤਾ ਤੇ ਜ਼ੋਰ ਦਿੱਤਾ ਜਿਨ੍ਹਾਂ ਨੂੰ ਅੱਗ ਦੀ ਲੋੜ ਨਹੀਂ ਹੁੰਦੀ। ਭਾਗੀਦਾਰਾਂ ਦੀਆਂ ਰਸੋਈ ਰਚਨਾਵਾਂ ਦਾ ਮੁਲਾਂਕਣ ਜੱਜਾਂ ਦੇ ਇੱਕ ਵਿਸ਼ੇਸ਼ ਪੈਨਲ ਦੁਆਰਾ ਕੀਤਾ ਗਿਆ, ਜਿਸ ਵਿੱਚ ਸ਼ੈੱਫ ਸਨੀ ਕਟੋਚ, ਗੋਲਡਨ ਟਿਊਲਿਪ ਵਿਖੇ ਕਾਰਜਕਾਰੀ ਸ਼ੈੱਫ, ਅਤੇ ਸ਼ੈੱਫ ਮਨੋਜ, ਆਈਟੀਸੀ ਫਾਰਚਿਊਨ ਵਿਖੇ ਸੂਸ ਸ਼ੈੱਫ ਸ਼ਾਮਲ ਸਨ।

ਡਾ. ਅਭਿਸ਼ੇਕ ਤ੍ਰਿਪਾਠੀ, ਸੀਟੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਨੇ ਇੱਕ ਪ੍ਰੇਰਨਾਦਾਇਕ ਇੰਟਰਐਕਟਿਵ ਸੈਸ਼ਨ ਦੇ ਨਾਲ ਇਸ ਮੌਕੇ ਦੀ ਸ਼ੋਭਾ ਵਧਾਈ ਜਿਸ ਨੇ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਅਤੇ ਉਹਨਾਂ ਨੂੰ ਰਚਨਾਤਮਕਤਾ ਅਤੇ ਟੀਮ ਵਰਕ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ। ਸਾਊਥ ਸਿਟੀ ਦੇ ਐਲਏ ਬਲੌਸਮ ਸਕੂਲ ਨੂੰ ਜੇਤੂ ਐਲਾਨਿਆ ਗਿਆ, ਜਿਸ ਤੋਂ ਬਾਅਦ ਇਨੋਸੈਂਟ ਹਾਰਟਸ ਸਕੂਲ ਦੂਜੇ ਸਥਾਨ ਤੇ ਅਤੇ ਡੀ ਆਈ ਪੀ ਐਸ ਕਰੋਲ ਬਾਗ ਤੀਜੇ ਸਥਾਨ 'ਤੇ ਰਿਹਾ।

ਡਿਪਸ ਕਪੂਰਥਲਾ ਨੂੰ ਉਹਨਾਂ ਦੇ ਯਤਨਾਂ ਲਈ ਇੱਕ ਤਸੱਲੀ ਇਨਾਮ ਮਿਲਿਆ। ਮੁਕਾਬਲੇ ਨੇ ਟੀਮ ਵਰਕ, ਨਵੀਨਤਾ ਅਤੇ ਰਸੋਈ ਰਚਨਾਤਮਕਤਾ ਦੇ ਮੁੱਲਾਂ ਤੇ ਜ਼ੋਰ ਦਿੱਤਾ। ਸੀਟੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਸਾਰੇ ਭਾਗ ਲੈਣ ਵਾਲੇ ਸਕੂਲਾਂ ਦੀ ਸ਼ਲਾਘਾ ਕੀਤੀ।

# 'ਬਿੱਲ ਲਿਆਓ ਇਨਾਮ ਪਾਓ' ਸਕੀਮ ਬਾਰੇ ਕੀਤਾ ਜਾਗਰੂਕ



**ਨਵਾਂਸ਼ਹਿਰ (ਮਨੋਜ ਲਾਡੀ)** ਸਰਕਾਰੀ ਸਕੂਲਾਂ 'ਚ ਮਾਪੇ-ਅਧਿਆਪਕ ਮਿਲਣੀ ਦੇ ਮੌਕੇ ਕਰ ਵਿਭਾਗ ਨਵਾਂਸ਼ਹਿਰ ਦੇ ਸਹਾਇਕ ਕਮਿਸ਼ਨਰ ਰਾਜ ਕਰ ਜਤਿੰਦਰ ਕੌਰ, ਅਮਿਤ ਸਿੰਘ, ਰਾਜ ਕਰ ਅਫਸਰ ਅਤੇ ਕਰ ਨਿਰੀਖਕਾਂ ਨੇ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਜਾ ਕੇ ਪੰਜਾਬ ਸਰਕਾਰ ਦੀ ਸਕੀਮ "ਬਿੱਲ ਲਿਆਓ ਇਨਾਮ ਪਾਓ" ਦਾ ਪ੍ਰਚਾਰ ਕੀਤਾ।

ਇਸ ਦੌਰਾਨ ਉਨ੍ਹਾਂ ਵੱਲੋਂ ਮਾਪੇ-ਅਧਿਆਪਕ ਮਿਲਣੀ ਵਿਚ ਹਾਜ਼ਰ ਮਾਪਿਆਂ, ਅਧਿਆਪਕਾਂ ਅਤੇ ਬੱਚਿਆਂ ਨੂੰ "ਮੇਰਾ ਬਿੱਲ ਐਪ" ਡਾਊਨਲੋਡ ਕਰਨ ਲਈ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਹਰ ਜਿਲ੍ਹੇ ਵਿੱਚ ਹਰ ਮਹੀਨੇ 10 ਹਜ਼ਾਰ ਰੁਪਏ ਤੱਕ ਦੇ 10 ਇਨਾਮ ਨਿਕਲਦੇ ਹਨ। ਇਸ ਦੌਰਾਨ ਉਨ੍ਹਾਂ ਵੱਲੋਂ ਸਕੂਲ ਆਫ ਐਮੀਨੈਂਸ ਨਵਾਂਸ਼ਹਿਰ, ਡੀ ਐੱਨ ਆਰ ਐੱਸ.ਡੀ. ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ ਦਾ ਦੌਰਾ ਕੀਤਾ ਗਿਆ।

# ਗਲੋਬਲ ਆਇਓਡੀਨ ਡੈਫੀਸੈਂਸ਼ੀ ਡਿਸਆਡਰਸ ਪ੍ਰਵੈਂਸ਼ਨ ਡੇ ਮਨਾਇਆ

**ਬੰਗਾ (ਅਵਤਾਰ ਕਲੇਰ)** ਡਾ. ਜਸਪ੍ਰੀਤ ਕੌਰ ਸਿਵਲ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਅਤੇ ਡਾ. ਜਸਵਿੰਦਰ ਸਿੰਘ ਐਸ ਐੱਮ ਓ ਬੰਗਾ ਦੀ ਰਹਿਨੁਮਾਈ ਹੇਠ ਸਰਕਾਰ ਹਸਪਤਾਲ ਬੰਗਾ ਵਿਖੇ ਗਲੋਬਲ ਆਇਓਡੀਨ ਡੈਫੀਸੈਂਸ਼ੀ ਡਿਸਆਡਰਸ ਪ੍ਰਵੈਂਨਸ਼ਨ ਡੇ ਮਨਾਇਆ ਗਿਆ।

ਜਿਸ ਵਿੱਚ ਦੱਸਿਆ ਗਿਆ ਕਿ ਆਇਓਡੀਨ ਸਰੀਰ ਦਾ ਮਹੱਤਵਪੂਰਨ ਤੱਤ ਹੈ ਇਸ ਦੀ ਜਰੂਰਤ ਆਮ ਮਨੁੱਖ ਦੇ ਸਰੀਰਕ ਵਾਧਦੇ ਅਤੇ ਵਿਕਾਸ ਲਈ ਹੈ।ਇਸ ਦੀ ਘਾਟ ਨਾਲ ਗਰਭਵਤੀ ਔਰਤਾਂ ਵਿੱਚ ਗਰਭਪਾਤ ਹੋ ਜਾਂਦਾ ਹੈ।ਬੱਚੇ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਰੁਕ ਜਾਂਦਾ ਹੈ ਦਿਮਾਗੀ ਨੁਕਸ, ਬੋਲਾਪਣ, ਗੂੰਗਾਪਨ, ਭੈਣਾਂਪਨ, ਬੋਣਾਪਨ ਅਤੇ ਸਰੀਰ ਦਾ ਵਿਕਾਸ ਰੁਕ ਜਾਂਦਾ ਹੈ। ਇਸ ਲਈ ਪੋਸ਼ਟਿਕ ਭੋਜਨ ਖਾਣਾ ਚਾਹੀਦਾ ਹੈ ਆਇਓਡੀਨ ਨਮਕ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

ਇਸ ਵਿੱਚ ਡਾ ਤਜਿੰਦਰ ਪਾਲ, ਡਾ ਬਲਜਿੰਦਰ, ਮਨਜੀਤ ਕੌਰ, ਐਲ ਐਚ ਬੀ ,ਰਾਜ ਕੁਮਾਰ ,ਹਰਜਿੰਦਰ ਕੁਮਾਰ, ਮੇਲ ਵਰਕਰ, ਬਲਵੀਰ ਕੌਰ, ਗੁਰਦੀਪ ਕੌਰ, ਏ ਐਨ ਐਸ ਹੋਰ ਵਿਅਕਤੀ ਸ਼ਾਮਲ ਸਨ।



# ਵਿਕਾਸ ਕਾਰਜਾਂ ਲਈ ਸਾਡੇ ਯਤਨਾਂ 'ਚ ਨਹੀਂ ਹੋਵੇਗੀ ਕੋਈ ਕਮੀ : ਡਾ. ਇਸ਼ਾਂਕ ਕੁਮਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਹਾਲ ਵਿੱਚ ਹੀ ਹੋਈਆਂ ਪੰਚਾਇਤੀ ਚੋਣਾਂ ਵਿੱਚ ਨਵੀਆਂ ਚੁਣੀਆਂ ਗਈਆਂ ਪੰਚਾਇਤਾਂ ਹੁਣ ਆਪਣੇ ਕੰਮ ਸ਼ੁਰੂ ਕਰਨ ਦੀ ਤਿਆਰੀ ਖਿੱਚ ਰਹੇ ਹਨ। ਹਲਕਾ ਚੱਬੇਵਾਲ ਵਿਚ ਨਾਲ ਲੱਗਦੇ ਹੀ ਵਿਧਾਨ ਸਭਾ ਦੀਆਂ ਜਿਮਨੀ ਚੋਣਾਂ ਘੋਸ਼ਿਤ ਹੋਣ ਨਾਲ ਹਲਕੇ ਵਿਚ ਸਿਆਸੀ ਗਰਮੀ ਹੋਰ ਵੀ ਸ਼ਿਖਰ 'ਤੇ ਹੈ। ਸਭ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੁਆਰਾ ਡਾ. ਇਸ਼ਾਂਕ ਕੁਮਾਰ ਨੂੰ ਆਪਣਾ ਉਮੀਦਵਾਰ ਐਲਾਨਿਆ ਜੋ ਕਿ ਚੱਬੇਵਾਲ ਹਲਕੇ ਦੇ ਸਾਬਕਾ ਵਿਧਾਇਕ ਅਤੇ ਮੌਜੂਦਾ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਦੇ ਪੁੱਤਰ ਹਨ। ਪਿਛਲੇ ਲੰਮੀ ਸਮੇਂ ਤੋਂ ਡਾ. ਇਸ਼ਾਂਕ ਦੁਆਰਾ ਡਾ. ਰਾਜ ਦੇ ਲਈ ਹਲਕੇ ਵਿਚ ਚੋਣ ਪ੍ਰਚਾਰ ਕਰਦਿਆਂ ਆਪਣੀ ਵੀ ਪਹਿਚਾਣ ਬਣਾਈ ਗਈ ਹੈ। ਇਸ ਕਾਰਨ ਨਵ ਨਿਰਵਾਚਤ ਪੰਚਾਇਤਾਂ ਵੱਲੋਂ ਡਾ: ਇਸ਼ਾਂਕ ਦੇ ਚੱਬੇਵਾਲ ਦਫਤਰ ਅਤੇ ਨਿਵਾਸ ਸਥਾਨ 'ਤੇ ਪਹੁੰਚ ਕੇ ਉਹਨਾਂ ਨੂੰ ਆਪਣੇ ਸਮਰਥਨ ਦਾ ਵਿਸ਼ਵਾਸ ਦਿਵਾਇਆ ਜਾ ਰਿਹਾ ਹੈ। ਪੰਚਾਇਤ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਡਾ. ਇਸ਼ਾਂਕ ਨੇ ਉਹਨਾਂ ਨੂੰ ਭਰੋਸਾ ਦਿੱਤਾ ਕਿ ਪਿੰਡਾਂ ਵਿਚ ਜੋ ਵਿਕਾਸ ਕਾਰਜ ਡਾ. ਰਾਜ ਵਲੋਂ ਕਰਵਾਏ ਗਏ ਹਨ ਅਤੇ ਜੋ ਪ੍ਰੋਜੈਕਟ ਚੱਲ ਰਹੇ ਨੇ, ਉਹ ਉਹਨਾਂ ਨੂੰ ਪੂਰਾ ਕਰਣ ਦੇ ਨਾਲ ਨਾਲ ਹਲਕੇ ਦੀ ਤਰੱਕੀ ਅਤੇ ਹਲਕਾ ਵਾਸੀਆਂ ਦੀ ਭਲਾਈ ਲਈ ਹੋਰ ਨਵੇਂ ਪ੍ਰੋਜੈਕਟ ਲਿਆਉਣਗੇ। ਉਹਨਾਂ ਕਿਹਾ ਕਿ ਉਹ ਹਮੇਸ਼ਾ ਆਪਣੇ ਹਲਕਾ ਵਾਸੀਆਂ ਰੂਪੀ ਪਰਵਾਰ ਲਈ ਹਾਜ਼ਰ ਰਹਿਣਗੇ। ਪੰਚਾਇਤਾਂ ਵੱਲੋਂ ਵੀ ਡਾ. ਰਾਜ ਦੇ ਕੀਤੇ ਕੰਮਾਂ 'ਤੇ ਮੋਹਰ ਲਗਾਉਂਦਿਆਂ ਡਾ. ਇਸ਼ਾਂਕ ਨੂੰ ਆਪਣੇ ਭਰਪੂਰ ਸਮਰਥਨ ਨਾਲ ਭਾਰੀ ਮਤਦਾਨ ਕਰ ਜਿਤਾਉਣ ਦਾ ਭਰੋਸਾ ਦਿੱਤਾ ਜਾ ਰਿਹਾ ਹੈ।

# ਚੋਣ ਡਿਊਟੀਆਂ ਤੇ ਗੈਰ-ਵਿਦਿਅਕ ਪ੍ਰੋਜੈਕਟਾਂ ਕਾਰਨ ਸਰਕਾਰੀ ਸਿੱਖਿਆ ਖਤਮ ਹੋਣ ਕਿਨਾਰੇ : ਪ੍ਰਿੰ. ਅਮਨਦੀਪ, ਜਸਵੀਰ ਤਲਵਾੜਾ





**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪੰਜਾਬ 'ਚ ਪਿਛਲੇ ਢਾਈ ਤੋਂ ਕਾਰਜਸ਼ੀਲ ਆਪ ਸਰਕਾਰ ਨੇ ਵਿਧਾਨ ਸਭਾ ਚੋਣਾਂ 2022 ਦੌਰਾਨ ਸੂਬੇ ਦੀ ਸਿੱਖਿਆ ਦਾ ਮਿਆਰ ਉੱਚਾ ਚੁਕਣ ਲਈ ਦਿੱਲੀ ਮਾਡਲ ਲਾਗੂ ਕਰਕੇ ਸੂਬੇ ਦੇ ਸਿੱਖਿਅਕ ਢਾਂਚੇ ਦੀਆ ਊਣਤਾਈਆ ਦੂਰ ਕਰਨ ਦਾ ਬੜੇ ਜੋਰ ਸ਼ੋਰ ਨਾਲ ਪ੍ਰਚਾਰ ਕੀਤਾ ਸੀ, ਪਰ ਆਪ ਸਰਕਾਰ ਦੇ ਢਾਈ ਸਾਲਾਂ ਦੇ ਸ਼ਾਸ਼ਨ ਦੌਰਾਨ ਨਾ ਤਾਂ ਅਧਿਆਪਕਾਂ ਦਾ ਕੋਈ ਮਸਲਾ ਹੱਲ ਹੋਇਆ ਤੇ ਨਾ ਹੀ ਸਿੱਖਿਆ ਦਾ ਅਜਿਹਾ ਮਾਡਲ ਲਾਗੂ ਹੋ ਸਕਿਆ ਹੈ ਜੋ ਸੂਬੇ ਦੀ ਸਿੱਖਿਆ ਦੀ ਬਿਹਤਰੀ ਦੀ ਗਵਾਹੀ ਭਰਦਾ ਹੋਵੇ।ਇਸ ਸੰਬੰਧੀ ਗੱਲਬਾਤ ਕਰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਆਗੂ ਪ੍ਰਿੰ: ਅਮਨ ਦੀਪ ਸ਼ਰਮਾ ਅਤੇ ਪੁਰਾਣੀ ਪੈਨਸ਼ਨ ਬਹਾਲੀ ਸਘੰਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਨੇ ਦੱਸਿਆ ਕਿ ਪੰਜਾਬ ਦਾ ਸਿੱਖਿਅਕ ਢਾਂਚਾ ਪਿਛਲੇ ਲੰਮੇ ਸਮੇਂ ਤੋਂ ਗੈਰ ਵਿਦਿਅਕ ਪ੍ਰੋਜੈਕਟਾਂ ਤੇ ਚੋਣ ਡਿਊਟੀਆ ਦੇ ਚੱਕਰਵਿਊ ਵਿੱਚ ਉਲਝ ਕੇ ਰਹਿ ਗਿਆ ਹੈ।ਆਗੂਆਂ ਦੱਸਿਆ ਕਿ ਇਸ ਵਿਦਿਅਕ ਵਰ੍ਹੇ ਦੇ ਸ਼ੁਰੂ ਹੁੰਦਿਆਂ ਹੀ ਲੰਮਾਂ ਸਮਾਂ ਸਰਕਾਰੀ ਸਕੂਲਾਂ ਦੇ ਬੱਚੇ ਮਿਸ਼ਨ ਸਮਰੱਥ ਪ੍ਰੋਜੈਕਟ ਕਾਰਣ ਜਮਾਤ ਦੇ ਅਸਲੀ ਪਾਠ ਕ੍ਰਮ ਨਾਲੋਂ ਟੁੱਟੇ ਰਹੇ ਤੇ ਬੱਚਿਆ ਨੂੰ ਜਮਾਤ 'ਚ ਪੜ੍ਹਾਉਣ ਵਾਲੇ ਅਧਿਆਪਕ ਵਿਦਿਆਰਥੀਆਂ ਦੇ ਅੰਕੜੇ ਤਿਆਰ ਕਰਨ ਲਈ ਉਲਝੇ ਰਹੇ ਹਨ।ਉਨ੍ਹਾਂ ਦੱਸਿਆ ਕਿ ਪਿਛਲੇ ਕਰੀਬ ਇੱਕ ਸਾਲ ਤੋਂ ਲੋਕ ਸਭਾ ਚੋਣਾਂ ਦਾ ਵਰ੍ਹਾ ਹੋਣ ਕਰਕੇ ਪ੍ਰਾਇਮਰੀ ਤੇ ਸੈਕੰਡਰੀ ਵਿੰਗ ਦੇ ਹਜ਼ਾਰਾ ਅਧਿਆਪਕ ਬਤੌਰ ਬੀ ਐਲ ਓ ਡਿਊਟੀ ਨਿਭਾਉਂਦੇ ਹੋਏ ਨਵੀਆਂ ਵੋਟਾਂ ਬਨਾਉਣ ਤੇ ਸੋਧਣ ਦੇ ਕੰਮ ਵਿੱਚ ਲੱਗੇ ਰਹਿਣ ਕਰਕੇ ਵਿਦਿਆਰਥੀਆਂ ਲਈ ਲੋੜੀਦਾ ਸਮਾਂ ਨਹੀ ਕੱਢ ਸਕੇ।ਇਸ ਤੋਂ ਇਲਾਵਾ ਲੋਕ ਸਭਾ ਚੋਣਾਂ ਲਈ ਚੋਣ ਜਾਬਤਾ ਮਾਰਚ 2024 ਵਿੱਚ ਲੱਗਣ ਕਰਕੇ ਪੰਜਾਬ ਦੇ ਹਜਾਰਾ ਅਧਿਆਪਕਾਂ ਨੂੰ ਚੋਣਾਂ ਲਈ ਪ੍ਰਬੰਧਕੀ ਟੀਮਾਂ ਦੀ ਡਿਊਟੀ ਲਈ ਸਕੂਲਾਂ ਤੋਂ ਬਾਹਰ ਜਾਣਾ ਪਿਆ ਤੇ ਫਿਰ ਚੋਣ ਰਿਹਰਸਲ ਵਾਲੇ ਦਿਨਾਂ ਵਿੱਚ ਸਕੂਲ ਵਿੱਚ ਇੱਕ ਅੱਧਾ ਅਧਿਆਪਕ ਹੀ ਰਹਿ ਜਾਣ ਕਰਕੇ ਪੜ੍ਹਾਈ ਦਾ ਕਾਫੀ ਨੁਕਸਾਨ ਹੁੰਦਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜੂਨ 2024 ਵਿੱਚ ਲੋਕ ਸਭਾ ਚੋਣਾਂ ਸੰਪੰਨ ਹੋਣ ਤੋਂ ਬਾਦ ਬੀ ਐਲ ਓ ਦੀ ਡਿਊਟੀ ਦੇਣ ਵਾਲੇ ਅਧਿਆਪਕਾਂ ਨੂੰ ਫਿਰ ਐਸ ਜੀ ਪੀ ਸੀ ਵੋਟਾਂ ਬਣਾਉਣ ਦਾ ਵਾਰ ਵਾਰ ਹੁਕਮ ਜਾਰੀ ਹੁੰਦਾ ਰਿਹਾ ਹੈ ਅਤੇ ਇਹ ਕੰਮ ਅਜੇ ਵੀ ਚੱਲ ਰਿਹਾ ਹੈ।ਇਸ ਤੋਂ ਇਲਾਵਾ ਸਰਕਾਰੀ ਸਕੂਲਾਂ ਵਿੱਚ ਅਜੇ ਸਤੰਬਰ ਪ੍ਰੀਖਿਆਵਾਂ ਚੱਲ ਹੀ ਰਹੀਆ ਸਨ ਕਿ ਪੰਜਾਬ ਵਿੱਚ 15 ਅਕਤੂਬਰ ਨੂੰ ਹੋਈਆ ਪੰਚਾਇਤੀ ਚੋਣਾਂ ਦੀਆਂ ਪ੍ਰਬੰਧਕੀ ਟੀਮਾਂ ਲਈ ਫਿਰ ਸੈਕੜੇ ਅਧਿਆਪਕ ਸਕੂਲਾਂ ਤੋਂ ਬਾਹਰ ਹੋ ਗਏ ਅਤੇ ਪੋਲਿੰਗ ਸਟਾਫ ਦੀ ਡਿਊਟੀ ਦੇਣ ਜਾਣ ਕਰਕੇ ਇੱਕ ਵਾਰ ਫਿਰ ਸਰਕਾਰੀ ਸਕੂਲਾਂ ਨੂੰ ਅਧਿਆਪਕਾਂ ਤੋਂ ਵਾਂਝੇ ਹੋ ਗਏ ਤੇ ਬਹੁਤ ਸਾਰੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਦੇ ਚੱਲਦਿਆਂ ਹੀ ਸਤੰਬਰ ਪ੍ਰੀਖਿਆਵਾਂ ਸੰਪੰਨ ਹੋਈਆ ਹਨ। ਸੂਬੇ ਦੇ 4 ਵਿਧਾਨ ਸਭਾ ਹਲਕਿਆਂ ਵਿੱਚ ਜਿਮਨੀ ਚੋਣਾਂ ਦਾ ਐਲਾਨ ਹੋਣ ਕਰਕੇ, ਇੱਕ ਵਾਰ ਫਿਰ ਸੈਕੜਿਆਂ ਦੀ ਗਿਣਤੀ ਵਿੱਚ ਅਧਿਆਪਕ ਚੋਣਾਂ ਦੀਆਂ ਪ੍ਰਬੰਧਕੀ ਡਿਊਟੀਆਂ ਲਈ ਸੱਦ ਲਏ ਗਏ ਹਨ ਤੇ ਸੈਂਕੜੇ ਅਧਿਆਪਕਾਂ ਦੀ ਪੋਲਿੰਗ ਪਾਰਟੀਆਂ ਲਈ ਚੋਣ ਡਿਊਟੀ ਲੱਗਣ ਦੀ ਸੰਭਾਵਨਾ ਬਣ ਗਈ ਹੈ। ਅਧਿਆਪਕ ਆਗੂਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜੇਕਰ ਸੱਚਮੁੱਚ ਹੀ ਪੰਜਾਬ ਸਰਕਾਰ ਸੂਬੇ ਦੇ ਸਿੱਖਿਅਕ ਢਾਂਚੇ ਵਿੱਚ ਕਿਸੇ ਤਰ੍ਹਾਂ ਦਾ ਸੁਧਾਰ ਕਰਨਾ ਚਾਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਨੂੰ ਪੂਰਾ ਕੀਤਾ ਜਾਵੇ, ਬਦਲੀਆਂ ਤੇ ਉਨਤੀਆਂ ਲਈ ਚੁਸਤ ਦਰੁਸਤ ਨੀਤੀ ਬਣਾਏ, ਅਧਿਆਪਕਾਂ ਨੂੰ ਚੋਣ ਡਿਊਟੀਆਂ ਤੋਂ ਛੋਟ ਦਿੱਤੀ ਜਾਵੇ।

## ਕੇਂਦਰ ਸਰਕਾਰ ਦੀ ਢਿੱਲ ਕਾਰਨ ਨਹੀਂ ਹੋ ਰਹੀ ਝੋਨੇ ਦੀ ਚੁਕਾਈ : ਡਾ. ਰਵਜੋਤ

**ਨਵਾਂਸ਼ਹਿਰ, (ਮਨੋਜ ਲਾਡੀ)** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਮੰਡੀਆਂ 'ਚੋਂ ਝੋਨੇ ਦੀ ਚੁਕਾਈ ਨਾ ਹੋਣ ਲਈ ਕੇਂਦਰ ਸਰਕਾਰ ਦੀ ਢਿੱਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਸਕੂਲ ਆਫ ਐਮੀਨੈਂਸ ਨਵਾਂਸ਼ਹਿਰ ਵਿਖੇ ਮਾਪੇ-ਅਧਿਆਪਕ ਮਿਲਣੀ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਲਈ ਪਹੁੰਚੇ ਕੈਬਨਿਟ ਮੰਤਰੀ ਨੇ ਪੱਤਰਕਾਰਾਂ ਵੱਲੋਂ ਮੰਡੀਆਂ 'ਚੋਂ ਝੋਨੇ ਦੀ ਚੁਕਾਈ ਨਾ ਹੋਣ ਸੰਬੰਧੀ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਇਸ ਸੰਬੰਧੀ ਪੰਜਾਬ ਸਰਕਾਰ ਵੱਲੋਂ ਕੋਈ ਕਮੀ-ਪੇਸ਼ੀ ਨਹੀਂ ਹੈ ਅਤੇ ਮੁੱਖ ਮੰਤਰੀ ਸਮੇਤ ਸੂਬੇ ਦੀ ਸਮੁੱਚੀ ਵਜ਼ਾਰਤ ਮੰਡੀਆਂ 'ਚ ਗਰਾਊਂਡ 'ਤੇ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਢਿੱਲ ਕਾਰਨ ਹੀ ਇਹ ਸਭ ਕੁਝ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਾਣਬੁੱਝ ਕੇ ਪੰਜਾਬ ਦੀ ਕਿਸਾਨੀ ਅਤੇ ਸ਼ਾਂਤੀ ਨੂੰ ਖਰਾਬ ਕਰਨਾ ਚਾਹੁੰਦੀ ਹੈ।

# ਯੂਨਾਇਟੇਡ ਨੇਸ਼ਨ ਦੇ ਸਸਟੇਨੇਬਲ ਡਿਵੈੱਲਪਮੈਂਟ ਗੋਲਸ ਤੇ ਇੰਗਲਿਸ਼ ਪੇਪਰ ਪ੍ਰੈਜ਼ੈਂਟੇਸ਼ਨ ਮੁਕਾਬਲੇ



**ਜਲੰਧਰ ( ਸ਼ੈਲੀ ਐਲਬਰਟ):-** ਇਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ ਅਤੇ ਲੋਹਾਰਾਂ ਨੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਅੰਗਰੇਜ਼ੀ ਪੇਪਰ ਪੇਸ਼ਕਾਰੀ ਮੁਕਾਬਲਾ ਕਰਵਾਇਆ। ਵਿਦਿਆਰਥੀਆਂ ਨੇ ਸੰਯੁਕਤ ਰਾਸ਼ਟਰ ਦੇ ਐਸ ਡੀ ਜੀ ਡੀ ਕੁਆਲਿਟੀ ਐਜੂਕੇਸ਼ਨ ਅਤੇ ਐਸ ਡੀ ਜੀ ਡੀ ਜਲਵਾਯੂ ਪਰਿਵਰਤਨ ਤੇ ਵਿਚਾਰ-ਉਕਸਾਉਣ ਵਾਲੇ ਪੇਪਰ ਪੇਸ਼ ਕਰਨ ਦੇ ਨਾਲ, ਇਸ ਸਮਾਗਮ ਵਿੱਚ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ।

ਜਲਵਾਯੂ ਤਬਦੀਲੀ ਦਾ ਮੁਕਾਬਲਾ ਕਰਨ ਵਿੱਚ ਸਿੱਖਿਆ ਦੀ ਭੂਮਿਕਾ, ਟਿਕਾਊ ਵਿਕਾਸ ਦੇ ਯੁੱਗ ਵਿੱਚ ਡਿਜੀਟਲ ਸਿਖਲਾਈ, ਮੁਕਾਬਲੇ ਦਾ ਉਦੇਸ਼ ਆਲੋਚਨਾਤਮਕ ਸੋਚ, ਜਨਤਕ ਬੋਲਣ ਅਤੇ ਪ੍ਰਭਾਵਸ਼ਾਲੀ ਸੰਚਾਰ ਨੂੰ ਉਤਸ਼ਾਹਿਤ ਕਰਨਾ ਸੀ। ਸਬੰਧਤ ਸਕੂਲਾਂ ਦੇ ਪ੍ਰਿੰਸੀਪਲ ਰਾਜੀਵ ਪਾਲੀਵਾਲ, ਗ੍ਰੀਨ ਮਾਡਲ ਟਾਊਨ ਅਤੇ ਸ਼੍ਰੀਮਤੀ ਸ਼ਾਲੂ ਸਹਿਗਲ ਲੁਹਾਰਣ ਨੇ ਵਿਦਿਆਰਥੀਆਂ ਦੇ ਸਾਰਥਕ ਉਦੇਸ਼ਾਂ ਲਈ ਸਮਰਪਣ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਸਾਰੇ ਪ੍ਰਤੀਯੋਗੀਆਂ ਦੀ ਸ਼ਲਾਘਾ ਕੀਤੀ ਅਤੇ ਜੇਤੂਆਂ ਨੂੰ ਸਰਟੀਫਿਕੇਟ ਦਿੱਤੇ।ਗ੍ਰੀਨ ਮਾਡਲ ਟਾਊਨ ਪਹਿਲਾ : ਗੁਰਮੰਨਤ, ਦੂਜਾ : ਸਰਗੁਣ ਕੌਰ, ਤੀਜਾ: ਦਿਵਯਾਂਸ਼ੀ, ਤਸੱਲੀ ਅਨੰਨਿਆ ਸੇਠ ਲੋਹਾਰਾਂ ਪਹਿਲਾ, ਦਕਸ਼ ਗੁਲਾਟੀ ਦੂਜਾ: ਸਮੀਕਸ਼ਾ-ਤੀਜਾ: ਮਿਸ਼ਟੀ।

# ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ



**ਬੰਗਾ (ਅਵਤਾਰ ਕਲੇਰ)** ਡਾ. ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ (ਰਜਿ.) ਚੈਰੀਟੇਬਲ ਟਰੱਸਟ ਪੰਜਾਬ ਅਤੇ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਅਤੇ ਯੂ.ਕੇ. ਦੀ ਦੇਖ-ਰੇਖ ਹੇਠ ਚੱਲ ਰਹੇ ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ ਸੂੰਢ ਦਾ ਸਾਲਾਨਾ ਇਨਾਮ ਵੰਡ ਸਮਾਗਮ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਅਗਵਾਈ ਹੇਠ ਬੜੀ ਹੀ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਅਤੇ ਮਹਾਂਮਾਨਵ ਤਥਾਗਤ ਬੁੱਧ ਦੀ ਪ੍ਰਤਿਮਾ ਅੱਗੇ ਸ਼ਮਾ ਰੋਸ਼ਨ ਕਰਨ ਦੀ ਰਸਮ ਮੁੱਖ ਮਹਿਮਾਨ ਵਜੋਂ ਪਹੁੰਚੇ ਚਰਨ ਕੌਰ ਸੁਮਨ, ਜਰਨੈਲ ਸੁਮਨ, ਆਪ ਆਗੂ ਹਰਜੋਤ ਲੋਟੀਆ, ਪ੍ਰਵੀਨ ਬੰਗਾ, ਮਾਸਟਰ ਸੁਖਦੇਵ ਸਿੰਘ ਗਰਚਾ, ਲਛਮਣ ਕੌਲ, ਹਰਬਲਾਸ, ਧਰਮਪਾਲ ਬੰਗੜ ਯੂ.ਕੇ.ਆਦਿ ਨੇ ਸਾਂਝੇ ਤੌਰ 'ਤੇ ਕੀਤੀ।ਉਪਰੰਤ ਭੰਤੇ ਵਿਨੇ ਥੈਰੋ ਨੇ ਤਰੀਸ਼ੀਲ ਤੇ ਪੰਚਸ਼ੀਲ ਦਾ ਉਚਾਰਣ ਕਰਕੇ ਹਾਜ਼ਰੀਨ ਨੂੰ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।ਵਿਸ਼ੇਸ਼ ਮਹਿਮਾਨ ਵਜੋਂ ਡਾ.ਕਸ਼ਮੀਰ ਚੰਦ, ਡਾ. ਸੁਖਵਿੰਦਰ ਸਿੰਘ ਹੀਰਾ ਸਾਬਕਾ ਐਸ.ਐਮ.ਓ., ਡਾ. ਨਰੰਜਣ ਸਿੰਘ, ਗੁਰਦਿਆਲ ਸੰਧੀ ਯੂ.ਕੇ., ਚੌਧਰੀ ਗੁਰਨਾਮ ਸਿੰਘ, ਲੇਖ ਰਾਜ ਜਮਾਲਪੁਰ, ਅਸ਼ੋਕ ਸੰਧੂ, ਚਿਰੰਜੀ ਲਾਲ ਕਾਲਾ ਨੇ ਸ਼ਿਰਕਤ ਕੀਤੀ। ਕਮੇਟੀ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਆਪਣੇ ਬੱਚਿਆਂ ਨੂੰ ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਵਿੱਚ ਦਾਖਲਾ ਕਰਵਾਓ। ਭੱਟੀ ਨੇ ਡਾ.ਬੀ.ਆਰ.ਅੰਬੇਡਕਰ ਕਲੱਬ ਯੂ.ਐਸ.ਏ.ਦੀ ਸਮੁੱਚੀ ਟੀਮ ਦਾ ਸਕੂਲ ਵਿੱਚ ਸੋਲਰ ਸਿਸਟਮ ਲਗਵਾਉਣ ਲਈ ਉਚੇਚੇ ਤੌਰ 'ਤੇ ਧੰਨਵਾਦ ਕੀਤਾ।ਸਕੂਲ ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ। ਮੁੱਖ ਮਹਿਮਾਨ ਮੈਡਮ ਹਰਜੋਤ ਕੌਰ ਲੋਟੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਜਿੱਥੇ ਬੱਚਿਆ ਮਿਆਰੀ ਤੇ ਸਸਤੀ ਸਿੱਖਿਆ ਦੇ ਰਹੀ ਹੈ ਉੱਥੇ ਹੀ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਅੰਬੇਡਕਰ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਪਹਿਲੀਆਂ ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸੰਧੀ ਪਰਵਾਰ ਵਲੋਂ 1100-1100 ਰੁਪਏ ਦਾ ਨਗਦ ਇਨਾਮ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਲਛਮਣ ਕੌਲ ਯੂ.ਕੇ.ਅਤੇ ਪ੍ਰਵੀਨ ਬੰਗਾ ਨੇ ਵੀ ਸੰਬੋਧਨ ਕੀਤਾ।

# ਲੰਗੜੋਆ ਦੇ ਸਰਪੰਚ ਬਣੇ ਗੁਰਦੇਵ ਸਿੰਘ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪਿੰਡ ਲੰਗੜੋਆ ਵਿਖੇ ਪੰਚਾਇਤੀ ਚੋਣਾਂ ਦਾ ਅਮਲ ਢੰਗ ਨਾਲ਼ ਨੇਪਰੇ ਚੜ੍ਹ ਗਿਆ।ਪਿੰਡ ਦੀ ਸਰਪੰਚੀ ਦੀ ਚੋਣ ਵਿੱਚ ਗੁਰਦੇਵ ਸਿੰਘ ਨੇ ਜਿੱਤੀ। ਬਿਨ੍ਹਾਂ ਮੁਕਾਬਲਾ ਜਗਦੀਸ਼ ਰਾਏ, ਪਰਮਜੀਤ ਕੌਰ, 2 ਪੰਚ ਚੁਣੇ ਗਏ ਕੁਲਵਿੰਦਰ ਕੌਰ, ਚਰਨ ਕੌਰ, ਸਰਬਜੀਤ ਕੌਰ ਲਾਲ ਚੰਦ ਮਨਜੀਤ ਸਿੰਘ ਫੱਤਾ ਗੁਰਮੁੱਖ ਸਿੰਘ ਕਿਸ਼ਨ ਸਿੰਘ ਜਥੇਦਾਰ ਪਿੰਡ ਲੰਗੜੋਆ ਦੇ ਸਾਰੇ ਪੰਚ ਜੇਤੂ ਰਹੇ। ਜੈਤੂ ਸਰਪੰਚ ਗੁਰਦੇਵ ਸਿੰਘ ਵਾਸੀਆਂ ਦੇ ਸਹਿਯੋਗ ਨਾਲ ਇਹ ਤੈਅ ਕੀਤਾ ਗਿਆ ਕਿ ਇੱਥੇ ਰਹਿ ਕੇ ਪਿੰਡ ਵਾਸੀਆਂ ਦੀ ਸੇਵਾ ਕਰਾਂਗਾ।ਗੁਰਦੇਵ ਸਿੰਘ ਪਿੰਡ ਲੰਗੜੋਆ ਦੀ ਸਰਪੰਚ ਬਣੇ ਜਰਨੈਲ ਸਿੰਘ ਨੂੰ ਹਰਾ ਕੇ ਸਰਪੰਚੀ ਦਾ ਤਾਜ ਪਹਿਨਿਆ ਗੁਰਦੇਵ ਸਿੰਘ ਨੇ ਕਿਹਾ ਕਿ ਉਹ ਪਿੰਡ ਦਾ ਵਿਕਾਸ ਨਿਰਪੱਖ ਹੋ ਕੇ ਕਰਨਗੇ ਅਤੇ ਵੱਡੇ ਪੱਧਰ ਅਤੇ ਉਨੀ ਸੋਚਿਆ ਹੈ ਕਿ ਪਿੰਡ ਦਾ ਵਿਕਾਸ ਨਿਰਪੱਖ ਹੋ ਕੇ ਪਹਿਲ ਦੇ ਅਧਾਰ 'ਤੇ ਵੱਡੇ ਪੱਧਰ 'ਤੇ ਕਰਨਗੇ ਤੇ ਪਿੰਡਾਂ ਵਾਸੀਆਂ ਨੇ ਨਿਯੁਕਤ ਪੰਚਾਇਤ ਨੂੰ ਵਧਾਈਆਂ ਦਿੱਤੀਆਂ ਅਤੇ ਸਾਰਾ ਕੰਮ ਸ਼ਾਂਤੀ ਨਾਲ ਹੋਇਆ ਉਹਨਾਂ ਇਸ ਜਿੱਤ ਦੇ ਲਈ ਸਾਰੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।

# ਸੰਤ ਬਾਬਾ ਬਿਸ਼ਨ ਸਿੰਘ ਦੇ ਬਰਸੀ ਸਮਾਗਮ ਸ਼ਰਧਾਪੂਰਵਕ ਸੰਪੰਨ



**ਅੱਡਾ ਸਰਾਂ (ਜਸਵੀਰ ਕਾਜਲ)** ਸੱਚਖੰਡ ਵਾਸੀ ਬਾਬਾ ਬਿਸ਼ਨ ਸਿੰਘ ਦੀ ਬਰਸੀ ਸਮਾਗਮ ਸਬੰਧ ਵਿੱਚ ਰੱਖੇ 139 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਬਾਬਾ ਰਣਜੀਤ ਸਿੰਘ ਨੇ ਨਗਰ ਕੰਧਾਲਾ ਜੱਟਾਂ ਦੀ ਸੰਗਤ ਐਨਆਰਆਈ ਸੰਗਤ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਦੀ ਅਰਦਾਸ ਉਪਰੰਤ ਕੀਰਤਨ ਦੀਵਾਨ ਦੀ ਆਰੰਭਤਾ ਕੀਤੀ ਜਿਸ ਵਿੱਚ ਪੰਥ ਦੇ ਮਹਾਨ ਕਵੀਸ਼ਰ ਭਾਈ ਮਨਜੀਤ ਸਿੰਘ ਸੋਹੀ, ਭਾਈ ਪ੍ਰਿਤਪਾਲ ਸਿੰਘ ਬਰਗਾੜੀ, ਸੰਤ ਬਾਬਾ ਮੱਖਣ ਸਿੰਘ ਦਰੀਆ ਵਾਲੇ, ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਕਥਾਵਾਚਕ ਗਿਆਨੀ ਪ੍ਰਤਾਪ ਸਿੰਘ ਸਾਬਕਾ ਹੈਡ ਗ੍ਰੰਥੀ ਸ੍ਰੀ ਹਜ਼ੂਰ ਸਾਹਿਬ, ਸਿੱਖ ਪੰਥ ਦੀ ਮਹਾਨ ਕੀਰਤਨ ਜੱਥਾ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲੇ, ਭਾਈ ਸਤਨਾਮ ਸਿੰਘ ਲਾਲੋ ਘੁੰਮਣ ਢਾਡੀ ਜੱਥਾ, ਭਾਈ ਮੇਜਰ ਸਿੰਘ ਖਾਲਸਾ ਢਾਡੀ ਜਥਾ, ਭਾਈ ਬਲਵੀਰ ਸਿੰਘ ਪਾਰਸ ਢਾਡੀ ਜਥਾ, ਭਾਈ ਦਾਤਾਰ ਸਿੰਘ ਦਾਤਾ ਢਾਡੀ ਜਥਾ ਕੰਧਾਲਾ ਜੱਟਾਂ, ਭਾਈ ਗੁਰਮੁੱਖ ਸਿੰਘ ਕੰਧਾਲਾ ਜੱਟਾਂ ਵਾਲੇ ਨਗਰ ਦਾ ਸਿਰਮੌਰ ਕੀਰਤਨੀ ਜਥਾ, ਭਾਈ ਹਰਚਰਨ ਸਿੰਘ ਕੰਧਾਲਾ ਜੱਟਾਂ ਵਾਲੇ ਅਤੇ ਹੋਰ ਬਹੁਤ ਸਾਰੇ ਕੀਰਤਨੀ ਜਥੇ ਪਹੁੰਚ ਕੇ ਆਈਆਂ ਹੋਈਆਂ ਸੰਗਤਾਂ ਨੂੰ ਕੀਰਤਨ ਗੁਰਬਾਣੀ ਕਥਾ ਰਾਹੀਂ ਨਿਹਾਲ ਕੀਤਾ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਅੰਮ੍ਰਿਤਪਾਲ ਸਿੰਘ, ਸੁਰਿੰਦਰ ਸਿੰਘ ਸੀ.ਏ, ਮਨਜੀਤ ਸਿੰਘ ਖਜਾਨਚੀ, ਤਜਿੰਦਰ ਸਿੰਘ ਬਿੱਲਾ ਉਪ ਖਜਾਨਚੀ, ਸੁਖਨਿੰਦਰ ਸਿੰਘ, ਇੰਦਰਜੀਤ ਸਿੰਘ ਰਾਜਾ ,ਸੁਰਿੰਦਰ ਸਿੰਘ ,ਦਰਸ਼ਨ ਸਿੰਘ ,ਅਜੀਤ ਸਿੰਘ ,ਗੁਰਮੇਲ ਸਿੰਘ, ਸਰਪੰਚ ਹਰਪ੍ਰੀਤ ਕੌਰ ,ਸਮੂਹ ਗਰਮ ਪੰਚਾਇਤ ਕੰਧਾਲਾ ਜੱਟਾਂ, ਮਨਦੀਪ ਸਿੰਘ ਮੰਨਾ, ਜਥੇਦਾਰ ਅਵਤਾਰ ਸਿੰਘ, ਅਜੈਬ ਸਿੰਘ, ਗੁਰਮੀਤ ਸਿੰਘ, ਗੁਰਨਾਮ ਸਿੰਘ , ਬਾਬਾ ਅਵਤਾਰ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਸਾਹਿਬ ਚੜਦੀ ਪੱਤੀ ਅਤੇ ਹੋਰ ਬਹੁਤ ਸਾਰੇ ਪਿੰਡਾਂ ਦੀਆਂ ਸੰਗਤਾਂ ਹਾਜ਼ਰ ਸਨ।

# ਜ਼ਮੀਨੀ ਵਿਵਾਦ 'ਚ ਗੋਲੀ ਮਾਰ ਕੇ ਹੱਤਿਆ



**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**- ਝੱਲਠੀਕਰੀ ਵਾਲ ਵਿਖੇ ਖੇਤਾਂ ਵਿੱਚ ਗੇੜਾ ਮਾਰਨ ਆਏ ਇੱਕ ਵਿਅਕਤੀ ਦੀ ਗੱਡੀ ਵਿੱਚ ਹੀ ਸਿਰ 'ਤੇ ਗੋਲੀ ਮਾਰ ਕੇ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਜਾਣਕਾਰੀ ਅਨੁਸਾਰ ਜਸਪਾਲ ਸਿੰਘ ਪੁੱਤਰ ਗੇਜਾ ਸਿੰਘ ਵਾਸੀ ਝੱਲ ਠੀਕਰੀਵਾਲ ਦੁਪਹਿਰ ਸਮੇਂ ਖੇਤੀ ਲਈ ਠੇਕੇ 'ਤੇ ਲਈ ਜ਼ਮੀਨ ਤੇ ਗੇੜਾ ਮਾਰਨ ਆਪਣੇ ਇੱਕ ਸਾਥੀ ਨਾਲ ਆਇਆ ਸੀ ਜਦੋਂ ਉਹ ਗੇੜਾ ਮਾਰਨ ਉਪਰੰਤ ਰਮੀਦੀ ਮੰਡੀ ਵੱਲ ਜਾਣ ਲਈ ਗੱਡੀ ਵਿੱਚ ਬੈਠੇ ਤਾਂ ਇੱਕ ਗੱਡੀ ਥੋੜ੍ਹੀ ਦੂਰੀ 'ਤੇ ਆ ਕੇ ਰੁਕੀ ਜਿਸ ਵਿੱਚੋਂ ਇੱਕ ਵਿਅਕਤੀ ਆਇਆ ਤੇ ਜਸਪਾਲ ਸਿੰਘ ਨੂੰ ਉਸ ਦਾ ਹਾਲ ਚਾਲ ਪੁੱਛਣ ਲੱਗਾ ਤੇ ਜਮੀਨ ਸੰਬੰਧੀ ਚੱਲ ਰਹੇ ਕੇਸ ਬਾਰੇ ਗੱਲ ਕਰਨ ਲੱਗਾ ਜਿਸ 'ਤੇ ਉਸ ਨੇ ਕਿਹਾ ਕਿ ਇਸ ਸੰਬੰਧੀ ਖੇਤ ਮਾਲਕ ਹੀ ਦੱਸ ਸਕਦੇ ਨੇ ਕਥਿਤ ਆਰੋਪੀ ਨੇ ਕਿਹਾ ਕਿ ਸਾਡੇ ਕੋਲ ਫਰਦ ਹੈ ਜਿਸ ਤੇ ਉਸ ਨੇ ਗੱਡੀ ਵਿੱਚ ਬੈਠੇ ਇੱਕ ਹੋਰ ਵਿਅਕਤੀ ਨੂੰ ਫਰਦ ਲਿਆਉਣ ਲਈ ਕਿਹਾ ਜਦੋਂ ਦੂਸਰਾ ਵਿਅਕਤੀ ਗੱਡੀ ਕੋਲ ਆਇਆ ਤਾਂ ਇਹਨਾਂ ਦੋਨਾਂ ਵਿੱਚੋਂ ਇੱਕ ਵਿਅਕਤੀ ਨੇ ਜਸਪਾਲ ਸਿੰਘ ਦੇ ਸਿਰ 'ਤੇ ਗੋਲੀ ਮਾਰ ਦਿੱਤੀ ਤੇ ਦੋਵੇਂ ਮੌਕੇ ਤੋਂ ਗੱਡੀ ਸਮੇਤ ਫਰਾਰ ਹੋ ਗਏ। ਜਿਸ ਤੋਂ ਬਾਅਦ ਉਸ ਦਾ ਸਾਥੀ ਦਲਜੀਤ ਸਿੰਘ ਉਸ ਨੂੰ ਸਿਵਲ ਹਸਪਤਾਲ ਕਪੂਰਥਲਾ ਲੈ ਕੇ ਆਇਆ ਜਿੱਥੇ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਸਿਟੀ ਦੇ ਐਸ ਐਚ ਓ ਸੰਜੀਵਨ ਸਿੰਘ ਥਾਣਾ ਕੋਤਵਾਲੀ ਦੇ ਸਬ ਇੰਸਪੈਕਟਰ ਬਲਬੀਰ ਸਿੰਘ ਮੌਕੇ 'ਤੇ ਪਹੁੰਚੇ। ਉਹਨਾਂ ਕਿਹਾ ਕਿ ਮ੍ਰਿਤਕ ਵਿਅਕਤੀ ਦੇ ਪਰਿਵਾਰਕ ਬਿਆਨ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

# ਡੀ ਸੀ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਆਦਰਸ਼ ਨਗਰ ਦਾ ਦੌਰਾ




**ਜਲੰਧਰ, (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ 'ਚ ਸਰਕਾਰੀ ਕੰਨਿਆ ਸੀਨੀਆਰ ਸਕੈਂਡਰੀ ਸਕੂਲ ਅਦਾਰਸ਼ ਨਗਰ 'ਚ ਹਿਮਾਸ਼ੂ ਅਗਰਵਾਲ ਨੇ ਪੀ ਟੀ ਐਮ ਦੇ ਮੌਕੇ 'ਤੇ ਦੌਰਾਂ ਕੀਤਾਂ। ਪੰਜਾਬ ਸਰਕਾਰ ਵੱਲੋਂ ਸਕੂਲੀ ਸਿੱਖਿਆ ਨੂੰ ਹੋਰ ਬਿਹਤਰ ਬਣਾਉਣ ਦੇ ਮੰਤਵ ਨਾਲ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਜ਼ਿਲ੍ਹੇ ਭਰ ਦੇ ਸਾਰੇ 1389 ਸਕੂਲਾਂ ਵਿੱਚ ਮੈਗਾ ਮਾਪੇ-ਅਧਿਆਪਕ ਮਿਲਣੀਆਂ ਕਰਵਾਈਆਂ ਗਈਆਂ, ਜਿਨ੍ਹਾਂ ਨੂੰ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ।ਇਸ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਆਦਰਸ਼ ਨਗਰ ਵਿਖੇ ਮਾਪੇ-ਅਧਿਆਪਕ ਮਿਲਣੀ ਦਾ ਜਾਇਜ਼ਾ ਲੈਂਦਿਆਂ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਮਾਪਿਆਂ ਨੂੰ ਕਿਹਾ ਕਿ ਉਹ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਉਨ੍ਹਾਂ ਦੇ ਅਧਿਆਪਕਾਂ ਨਾਲ ਹਮੇਸ਼ਾ ਰਾਬਤੇ ਵਿੱਚ ਰਹਿਣ ਤਾਂ ਜੋ ਬੱਚਿਆਂ ਦੀ ਵੱਖ-ਵੱਖ ਵਿਸ਼ਿਆਂ ਵਿੱਚ ਰੁਚੀ ਅਤੇ ਕਮਜ਼ੋਰੀ ਬਾਰੇ ਪਤਾ ਲੱਗ ਸਕੇ ਅਤੇ ਲੋੜ ਮੁਤਾਬਕ ਕਮੀਆਂ ਨੂੰ ਦੂਰ ਕੀਤਾ ਜਾ ਸਕੇ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪੂਰਾ ਸਮਾਂ ਦੇਣ ਦੀ ਅਪੀਲ ਵੀ ਕੀਤੀ।ਵਿਦਿਆਰਥਣਾਂ ਨਾਲ ਗੱਲਬਾਤ ਕਰਦਿਆਂ ਡਾ. ਅਗਰਵਾਲ ਨੇ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਸਫ਼ਲਤਾ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ।

# ਖੁੱਡੀਆਂ ਨੇ ਵਿਦਿਆਰਥੀਆਂ ਨੂੰ ਪੰਜਾਬ 'ਚ ਰਹਿ ਕੇ ਆਪਣਾ ਭਵਿੱਖ ਬਣਾਉਣ ਲਈ ਕੀਤਾ ਉਤਸ਼ਾਹਤ



**ਚੰਡੀਗੜ੍ਹ (ਗੁਰਜੀਤ ਬਿੱਲਾ)** ਸੂਬੇ 'ਚੋਂ ਨੌਜਵਾਨਾਂ ਦੇ ਪਰਵਾਸ ਨੂੰ ਮੋੜਾ ਪਾਉਣ ਦੇ ਉਦੇਸ਼ ਨਾਲ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਨੌਜਵਾਨਾਂ ਨੂੰ ਆਪਣੀ ਸੈਕੰਡਰੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਵਿਦੇਸ਼ ਜਾਣ ਦੀ ਬਜਾਏ ਸੂਬੇ ਵਿੱਚ ਹੀ ਰਹਿ ਕੇ ਆਪਣਾ ਭਵਿੱਖ ਬਣਾਉਣ ਲਈ ਪ੍ਰੇਰਿਤ ਕਰਨ।ਬੀਤੇ ਢਾਈ ਸਾਲਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਨੌਜਵਾਨਾਂ ਨੂੰ ਦਿੱਤੀਆਂ 46,000 ਸਰਕਾਰੀ ਨੌਕਰੀਆਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਕੋਲ ਆਪਣੇ ਨੌਜਵਾਨਾਂ ਨੂੰ ਦੇਣ ਲਈ ਬਹੁਤ ਕੁਝ ਹੈ।ਉਨ੍ਹਾਂ ਨੇ ਨੌਜਵਾਨਾਂ ਨੂੰ ਸੂਬੇ ਵਿੱਚ ਹੀ ਰਹਿ ਕੇ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਮਿਆਰੀ ਸਿੱਖਿਆ ਅਤੇ ਰੋਜ਼ਗਾਰ ਦੇ ਵੱਖ-ਵੱਖ ਮੌਕਿਆਂ ਦਾ ਵੱਧ ਤੋਂ ਵੱਧ ਲਾਹਾ ਲੈਣ ਲਈ ਉਤਸ਼ਾਹਿਤ ਕੀਤਾ।ਇਹ ਗੱਲ ਖੇਤੀਬਾੜੀ ਮੰਤਰੀ ਨੇ ਮੰਗਲਵਾਰ ਨੂੰ ਜ਼ਿਲ੍ਹਾ ਐਸ ਏ ਐਸ ਨਗਰ ਦੇ ਮਜਾਤੜੀ ਵਿਖੇ ਬਲਦੇਵ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਈ ਗਈ ਤੀਜੀ ਮੈਗਾ ਮਾਪੇ-ਅਧਿਆਪਕ ਮਿਲਣੀ (ਪੀ.ਟੀ.ਐਮ.) ਵਿੱਚ ਸ਼ਿਰਕਤ ਕਰਦਿਆਂ ਕਹੀ। ਉਨ੍ਹਾਂ ਨੇ ਪੰਜਾਬ ਵਿੱਚ ਉਪਲਬਧ ਵੱਖ-ਵੱਖ ਮੌਕਿਆਂ ਨੂੰ ਉਜਾਗਰ ਕਰਦਿਆਂ ਵਿਦਿਆਰਥੀਆਂ ਨੂੰ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਸਖ਼ਤ ਮਿਹਨਤ ਕਰਨ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਮੈਗਾ ਪੀ.ਟੀ.ਐਮ. ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਿਲੱਖਣ ਪਹਿਲਕਦਮੀ ਹੈ ਜਿਸਦਾ ਉਦੇਸ਼ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣਾ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਸਕੂਲ ਸਿੱਖਿਆ ਪ੍ਰਣਾਲੀ ਵਿੱਚ ਮਾਪਿਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਵੱਡੇ ਟੀਚਿਆਂ ਦੀ ਪ੍ਰਾਪਤੀ ਵਾਸਤੇ ਤਿਆਰ ਕਰਨ ਲਈ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਹਰਮਿੰਦਰ ਕੌਰ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੀ ਮਿਹਨਤ ਅਤੇ ਲਗਨ ਦੀ ਵੀ ਸ਼ਲਾਘਾ ਕੀਤੀ।

## ਪੰਜਾਬ ਪੈਨਸ਼ਨ ਯੂਨੀਅਨ ਵੱਲੋਂ 13 ਨਵੰਬਰ ਤੋਂ ਰੋਸ ਮਾਰਚ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਪੈਨਸ਼ਨ ਯੂਨੀਅਨ ਦੀ ਮੀਟਿੰਗ ਨਵਾਂਸ਼ਹਿਰ ਵਿਖੇ ਹੋਈ ਜਿਸ ਵਿਚ ਸਕੱਤਰ ਗੁਰਮੇਲ ਚੰਦ ਨੇ ਦੱਸਿਆ ਕਿ 13 ਨੰਵਬਰ ਨੂੰ ਜ਼ਿਮਨੀ ਚੋਣ ਹਲਕਿਆਂ ਵਿਚ ਵੱਖ ਵੱਖ ਤਰੀਕਾਂ ਨੂੰ ਪੰਜਾਬ ਵਿੱਚ ਰੋਸ ਮਾਰਚ ਕੀਤਾ ਜਾਵੇਗਾ 3 ਨੰਵਬਰ ਨੂੰ ਹਲਕਾ ਚੱਬੇਵਾਲ ਵਿਖੇ ਝੰਡਾ ਮਾਰਚ ਕੀਤਾ ਜਾਵੇਗਾ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਸੰਬੰਧੀ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਭਗਵੰਤ ਮਾਨ ਸਰਕਾਰ ਦੀ ਵਾਅਦਾ ਖਿਲਾਫੀ ਅਤੇ ਮੀਟਿੰਗਾਂ ਤੋਂ ਵਾਰ ਵਾਰ ਭੱਜਣ ਕਾਰਨ ਸਾਂਝੇ ਫਰੰਟ ਵੱਲੋਂ ਸਾਰੀਆਂ ਜਥੇਬੰਦੀਆਂ ਇਕੱਠੀਆਂ ਹੋ ਕੇ ਇਸ ਸਰਕਾਰ ਦੀ ਕਾਰਗੁਜ਼ਾਰੀ ਨੂੰ ਹਲਕਾ ਚੱਬੇਵਾਲ ਦੇ ਸਾਰੇ ਵੋਟਰਾਂ ਤੱਕ ਲੈ ਕੇ ਜਾਣਗੀਆਂ। ਸਰਕਾਰ ਤੋਂ ਮੰਗ ਕੀਤੀ ਕਿ ਉਹ ਪੈਨਸ਼ਨਰਜ਼ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕਰ ਕੇ ਉਨ੍ਹਾਂ ਨੂੰ ਇਨਸਾਫ਼ ਦੇਵੇ। ਮੀਟਿੰਗ ਵਿੱਚ ਜਗਤਾਰ ਸਿੰਘ, ਦਸੋਦਾ ਸਿੰਘ, ਸੋਹਣ ਸਿੰਘ, ਦਵਿੰਦਰ ਕੁਮਾਰ, ਪ੍ਰੇਮ ਸਿੰਘ, ਮਹਿੰਦਰ ਸਿੰਘ, ਸ਼ਾਮ ਲਾਲ, ਬਲਵੀਰ ਸਿੰਘ, ਜਸਵਿੰਦਰ ਸਿੰਘ, ਕਸ਼ਮੀਰ ਸਿੰਘ, ਸੁਖਦੇਵ ਸਿੰਘ ਮੌਜੂਦ ਰਹੇ।

# ਜੇਲ੍ਹ 'ਚੋਂ ਸਿਵਲ ਹਸਪਤਾਲ ਆਏ ਕੈਦੀ ਨੂੰ ਭਜਾਉਣ ਆਇਆ ਮੁਲਜ਼ਮ ਕਾਬੂ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਸ੍ਰੀਮਤੀ ਵਤਸਲਾ ਗੁਪਤਾ ਆਈ ਪੀ ਐਸ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਨੇ ਪ੍ਰੈਸ ਕਾਨਫਰੰਸ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕੈਦੀ ਜਸ਼ਨਪ੍ਰੀਤ ਸਿੰਘ ਵਾਸੀ ਨੂਰਦੀ ਥਾਣਾ ਸਿਟੀ ਤਰਨ ਤਾਰਨ ਖਿਲਾਫ਼ ਮੁਕੱਦਮਾ ਥਾਣਾ ਸਿਟੀ ਬਟਾਲਾ ਵਿੱਚ ਸ਼ਿਵ ਸੈਨਾ ਆਗੂ ਰਜੀਵ ਮਹਾਜਨ ਪਰ ਗੋਲੀਆ ਚਲਾਉਣ ਦੇ ਮੁਕੱਦਮਾ ਵਿੱਚ ਕਪੂਰਥਲਾ ਜੇਲ੍ਹ 'ਚ ਬੰਦ ਸੀ, ਜੋ ਦਵਾਈ ਲੈਣ ਦੇ ਬਹਾਨੇ ਸਿਵਲ ਹਸਪਤਾਲ ਕਪੂਰਥਲਾ ਆਇਆ ਸੀ, ਜਿਸਨੇ ਆਪਣੇ ਸੋਰਸ ਰਾਹੀ ਆਪਣੇ ਦੋਸਤ ਅੰਮ੍ਰਿਤਪਾਲ ਸਿੰਘ ਪਿੰਡ ਬੱਚੜੇ ਥਾਣਾ ਸਿਟੀ ਤਰਨ ਤਾਰਨ ਨੂੰ ਆਪਣੇ ਪਾਸ ਸਿਵਲ ਹਸਪਤਾਲ ਕਪੂਰਥਲਾ ਬੁਲਾਇਆ, ਤਾ ਜੋ ਮੌਕਾ ਪਾ ਕਿ ਉਸ ਨਾਲ ਪੁਲਸ ਹਿਰਾਸਤ 'ਚੋਂ ਭੱਜ ਸਕੇ, ਅੰਮ੍ਰਿਤਪਾਲ ਸਿੰਘ ਮੋਟਰਸਾਈਕਲ 'ਤੇ ਸਵਾਰ ਹੋ ਕਿ ਸਮੇਤ ਨਜਾਇਜ਼ ਅਸਲਾ ਸਿਵਲ ਹਸਪਤਾਲ ਕਪੂਰਥਲਾ ਆਇਆ ਸੀ ਅਤੇ ਮੌਕਾ ਪਾ ਕਿ ਜਸ਼ਨਪ੍ਰੀਤ ਸਿੰਘ ਪੁਲਸ ਕਰਮਚਾਰੀ ਨੂੰ ਚੱਕਮਾ ਦੇ ਕਿ ਅੰਮ੍ਰਿਤਪਾਲ ਸਿੰਘ ਦੇ ਮੋਟਰਸਾਈਕਲ ਪਿੱਛੇ ਬੈਠ ਕਿ ਭੱਜ ਗਿਆ, ਜਿਸਦਾ ਪਿੱਛਾ ਕਰਦੇ ਹੋਇਆ ਪੁਲਸ ਗਾਰਦ ਦੇ ਕਰਮਚਾਰੀਆ ਪੀ ਸੀ ਆਰ ਅਤੇ ਪਬਲਿਕ ਦੀ ਸਹਾਇਤਾ ਨਾਲ ਇਹਨਾ ਦੋਵਾਂ ਨੂੰ ਡੀ ਸੀ ਚੌਂਕ ਕਪੂਰਥਲਾ ਤੋਂ ਕਾਬੂ ਕਰ ਲਿਆ ਅਤੇ ਇਹਨਾ ਪਾਸੋਂ ਮੌਕਾ ਵਾਰਦਾਤ 'ਚ ਵਰਤਿਆ ਗਿਆ ਮੋਟਰਸਾਈਕਲ ਸਮੇਤ।ਵਿਦੇਸ਼ੀ ਪਿਸਤੋਲ ਗਲੋਕ ਅਤੇ 10 ਜਿੰਦਾ ਰੌਂਦ ਬਰਾਮਦ ਕੀਤੇ ਗਏ ਹਨ, ਜਿਹਨਾ ਖਿਲਾਫ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਪੰਜਾਬ ਦੇ ਕਿਸਾਨਾਂ ਨਾਲ ਕੇਂਦਰ ਕਰ ਰਿਹੈ ਮਤਰੇਈ ਮਾਂ ਵਾਲਾ ਸਲੂਕ : ਡਾ. ਬਲਜੀਤ ਕੌਰ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਦੇ ਕਿਸਾਨਾਂ ਨਾਲ ਕੇਂਦਰ ਸਰਕਾਰ ਵੱਲੋਂ ਮੰਡੀਆਂ ਦੇ ਵਿੱਚ ਕੀਤਾ ਜਾ ਰਿਹਾ ਮਤਰੇਈ ਮਾਂ ਵਾਲਾ ਸਲੂਕ ਜੱਗ ਜਾਹਿਰ ਹੋ ਚੁੱਕਾ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮੋਹਾਲੀ ਵਿਖੇ ਕੀਤਾ।ਉਹ ਸੋਹਾਣਾ ਸਕੂਲ ਵਿਖੇ ਮੈਗਾ ਪੀ ਟੀ ਐਮ ਮੁਹਿਮ ਦਾ ਜਾਇਜ਼ਾ ਲੈਣ ਆਏ ਸਨ।ਉਹਨਾਂ ਕਿਹਾ ਕਿ ਪੰਜਾਬ ਦੇ ਨਾਲ ਜਿਵੇਂ ਕੇਂਦਰ ਸਰਕਾਰ ਹਮੇਸ਼ਾ ਹੀ ਕਰਦੀ ਆ ਰਹੀ ਹੈ, ਇਸ ਵਾਰ ਵੀ ਉਹੀ ਰੁੱਖ ਅਪਣਾਇਆ ਹੋਇਆ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਐਮ ਐਸ ਪੀ ਦੀ ਮੰਗ ਪੂਰੀ ਨਹੀ ਕੀਤੀ ਸਗੋਂ ਕੇਂਦਰ ਸਰਕਾਰ ਜਾਣਬੁੱਝ ਕੇ ਮਿੱਥੇ ਸਮੇਂ ਤੇ ਫਸਲ ਵੀ ਨਹੀ ਚੁੱਕ ਰਹੀ।ਮੰਤਰੀ ਨੇ ਕਿਹਾ ਕਿ ਸੂਬੇ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਕੇਂਦਰ ਸਰਕਾਰ ਨੇ ਜੋ ਹਾਲਤ ਕੀਤੀ ਹੈ, ਉਹ ਲੋਕਾਂ ਦੇ ਸਾਹਮਣੇ ਹੈ।ਉਹਨਾਂ ਕਿਹਾ ਕਿ ਸੂਬੇ ਦੇ ਲੋਕ ਸਾਰਾ ਕੁੱਝ ਸਮਝਦੇ ਹਨ ਇਸ ਗੱਲ ਦਾ ਜਵਾਬ ਵੀ ਉਹ ਕੇਂਦਰ ਸਰਕਾਰ ਨੂੰ ਬਹੁਤ ਜਲਦੀ ਦੇਣਗੇ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਜੋ ਹਾਲਾਤ ਬਣਾਏ ਗਏ ਹਨ, ਉਨ੍ਹਾਂ ਲਈ ਪੰਜਾਬ ਸਰਕਾਰ ਨੂੰ ਜਿੰਮੇਵਾਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਖਪੁਰ ਵਿਖੇ ਕਰਵਾਈ ਅਧਿਆਪਕ-ਮਾਪੇ ਮਿਲਣੀ



**ਫਗਵਾੜਾ (ਡਾ. ਰਮਨ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਲੱਖਪੁਰ ਵਿਖੇ ਸਕੂਲ ਇੰਚਾਰਜ ਇੰਦਰਜੀਤ ਕੌਰ ਦੀ ਅਗਵਾਈ ਹੇਠ ਅਧਿਆਪਕ-ਮਾਪੇ ਮਿਲਣੀ ਕਰਵਾਈ ਗਈ। ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਨੇ ਅਧਿਆਪਕਾਂ ਤੋਂ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਦੀ ਜਾਣਕਾਰੀ ਲਈ। ਅਧਿਆਪਕਾਂ ਨੇ ਤਿਮਾਹੀ ਪ੍ਰੀਖਿਆ 'ਚ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਹਨਾਂ ਕਿਹਾ ਕਿ ਵਿਦਿਆਰਥੀਆਂ ਦੀ ਭਲਾਈ ਲਈ ਮਾਪਿਆਂ ਦੇ ਨਾਲ ਤਾਲਮੇਲ ਬਣਿਆ ਰਹਿਣਾ ਚਾਹੀਦਾ ਹੈ ਤਾਂ ਜੋ ਉਹਨਾਂ ਦੀਆਂ ਕਮੀਆਂ ਨੂੰ ਸੁਧਾਰਿਆ ਜਾ ਸਕੇ। ਮਾਪਿਆਂ ਵੱਲੋਂ ਅਧਿਆਪਕਾਂ ਵਲੋਂ ਕੀਤੀ ਜਾ ਰਹੀ ਮਿਹਨਤ ਪ੍ਰਤੀ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸਕੂਲ ਦੀ ਨਵੀਂ ਇਮਾਰਤ ਸਮੇਤ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਲੈਕਚਰਾਰ ਜਸਬੀਰ ਸਿੰਘ, ਮੈਡਮ ਸੁਰਿੰਦਰ ਕੌਰ, ਸਤਵਿੰਦਰ ਸਿੰਘ, ਹਰੀ ਚੰਦਰ, ਸੁਖਜਿੰਦਰ ਸਿੰਘ, ਹਰਪ੍ਰੀਤ ਕੌਰ, ਨਜਮਾ, ਦਿਲਪ੍ਰੀਤ ਕੌਰ, ਸਤਵੰਤ ਸਿੰਘ ਕਲਰਕ, ਸ਼ਰੂਤੀ ਪਾਠਕ, ਜਗਦੇਵ ਸਿੰਘ ਚੀਮਾ, ਮੇਹਰ ਚੰਦ ਆਦਿ ਹਾਜਰ ਸਨ।

## ਜਸਵੀਰ ਸਿੰਘ ਟੋਨੀ ਮਨਸੂਰਪੁਰ ਦੇ ਬਣੇ ਸਰਪੰਚ



**ਆਦਮਪੁਰ (ਪਰਮਜੀਤ ਸਿੰਘ)**:-ਬਲਾਕ ਆਦਮਪੁਰ ਅਧੀਨ ਆਉਂਦੇ ਪਿੰਡ ਮਨਸੂਰਪੁਰ ਜ਼ਿਲ੍ਹਾ ਜਲੰਧਰ ਦੇ ਪੜ੍ਹੇ ਲਿਖੇ ਸੂਝਵਾਨ ਵਿਆਕਤੀ ਛੋਟੀ ਉਮਰ ਦੇ ਨੌਜਵਾਨ ਜਸਵੀਰ ਸਿੰਘ ਟੋਨੀ ਉਹ ਆਪਣੇ ਦੋ ਵਿਰੋਧੀਆਂ ਉਮੀਦਵਾਰਾਂ ਦੇ ਤਿਕੋਣੇ ਮੁਕਾਬਲੇ 'ਚੋਂ ਸਭ ਤੋਂ ਵੱਧ ਵੋਟਾਂ ਲੈ ਕੇ ਜਿੱਤ ਪ੍ਰਾਪਤ ਕਰ ਕੇ ਪਿੰਡ ਮਨਸੂਰਪੁਰ ਦੇ ਨਵੇਂ ਸਰਪੰਚ ਬਣ ਗਏ।ਉਨ੍ਹਾਂ ਨੇ 290 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ। ਉਨ੍ਹਾਂ ਵਲੋਂ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿੱਤਾ ਕਿ ਉਹ ਬਿਨ੍ਹਾਂ ਭੇਦਭਾਵ ਅਤੇ ਵਧੀਆ ਢੰਗ ਨਾਲ ਪਿੰਡ ਦਾ ਵਿਕਾਸ ਕੀਤਾ ਜਾਵੇਗਾ।ਨਵੀਂ ਪੰਚਾਇਤ ਦੇ ਚੁਣੇ ਗਏ ਮੈਂਬਰ ਪੰਚ ਜਗਦੀਸ਼ ਕੌਰ ਸੰਘਾ, ਜਸਵੰਤ ਸਿੰਘ (ਮੰਗਾ) ਢਿੱਲੋਂ, ਪੰਚ ਜਸਪ੍ਰੀਤ ਸਿੰਘ ਜੱਸੀ, ਪੰਚ ਸਮਿਤਰੀ ਦੇਵੀ ਅਤੇ ਪੰਚ ਮਨਜੀਤ ਸਿੰਘ ਬਿੱਟਾ ਚੁਣੇ ਗਏ।ਇਸ ਮੌਕੇ ਪਿੰਡ ਦੇ ਨਵੇਂ ਬਣੇ ਸਰਪੰਚ ਸਾਹਿਬ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

## ਸਰਕਾਰੀ ਸਪੋਰਟਸ ਕਾਲਜ ਵਿਖੇ ਅਗਨੀਵੀਰ ਭਰਤੀ ਰੈਲੀ 6 ਤੋਂ 13 ਨਵੰਬਰ ਤੱਕ



**ਜਲੰਧਰ, (ਰਾਜੇਸ਼ ਥਾਪਾ, ਇਕਬਾਲ ਸਿੰਘ ਉਭੀ)** ਭਾਰਤੀ ਫੌਜ ਵਿੱਚ ਬਤੌਰ ਅਗਨੀਵੀਰ ਭਰਤੀ ਲਈ ਸਰਕਾਰੀ ਸਪੋਰਟਸ ਕਾਲਜ ਜਲੰਧਰ ਵਿਖੇ 6 ਤੋਂ 13 ਨਵੰਬਰ 2024 ਤੱਕ ਭਰਤੀ ਰੈਲੀ ਹੋਣ ਜਾ ਰਹੀ ਹੈ, ਜਿਸ ਵਿੱਚ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਉਮੀਦਵਾਰ ਹਿੱਸਾ ਲੈਣਗੇ।ਇਸ ਸਬੰਧੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਐਸ ਡੀ ਐਮ ਜਲੰਧਰ-1 ਰਣਦੀਪ ਸਿੰਘ ਵੱਲੋਂ ਭਰਤੀ ਵਾਲੇ ਸਥਾਨ 'ਤੇ ਫੌਜ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਅਧਿਕਾਰੀਆਂ ਨੂੰ ਭਰਤੀ ਰੈਲੀ ਦੌਰਾਨ ਉਮੀਦਵਾਰਾਂ ਦੇ ਰਹਿਣ, ਖਾਣ-ਪੀਣ, ਭਰਤੀ ਦੇ ਸਥਾਨ 'ਤੇ ਟੈਂਟ, ਬਿਜਲੀ ਬੈਕਅਪ, ਇੰਟਰਨੈੱਟ, ਸੀ ਸੀ ਟੀ ਵੀ, ਟ੍ਰੈਫਿਕ ਕੰਟਰੋਲ, ਬੈਰੀਕੇਟਿੰਗ, ਪਖਾਨੇ, ਫਾਇਰ ਬ੍ਰਿਗੇਡ, ਐਂਬੂਲੈਂਸ ਸਮੇਤ ਹੋਰ ਲੋੜੀਂਦੇ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਉਣ ਦੇ ਦਿਸ਼ਾ-ਨਿਰਦੇਸ਼ ਦਿੱਤੇ।

## ਇੰਟਰਨੈਸ਼ਨਲ ਡੇ ਆਫ ਸਾਈਨ ਲੈਂਗੂਏਜ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)** ਡਿਪਟੀ ਕਮਿਸ਼ਨਰ ਐਸ ਏ ਐਸ ਨਗਰ ਦੀ ਪ੍ਰਧਾਨਗੀ ਹੇਠ ਇੰਟਰਨੈਸ਼ਨਲ ਡੇ ਆਫ ਸਾਈਨ ਲੈਂਗੂਏਜ਼ ਪ੍ਰੋਗਰਾਮ ਸ੍ਰੀਮਤੀ ਅਮਰਿਤ ਬਾਲਾ ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਐਸ.ਏ.ਨਗਰ ਵੱਲੋਂ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ ਸਾਈਨ ਲੈਂਗੁਏਜ਼ ਟੀਚਰ ਵੱਲੋਂ ਸਾਈਨ ਲੈਂਗੂਏਜ਼ ਦੀ ਸਿਖਲਾਈ ਦਿੱਤੀ ਗਈ ਅਤੇ ਬੱਚਿਆ ਵੱਲੋਂ ਸ਼ਬਦ ਕੀਰਤਨ ਅਤੇ ਹੋਰ ਗਤੀਵਿਧੀਆ ਕੀਤੀਆਂ ਗਈਆਂ।ਇਸ ਪ੍ਰੋਗਰਾਮ ਦੌਰਾਨ ਸ੍ਰੀਮਤੀ ਸੋਨਮ ਚੌਧਰੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵੱਲੋਂ ਇਸ ਪ੍ਰੋਗਰਾਮ ਵਿੱਚ ਜਿਹਨਾਂ ਬੱਚਿਆਂ ਇੰਟਰਨੈਸ਼ਨਲ ਲੈਵਲ ਅਤੇ ਨੈਸ਼ਨਲ ਲੈਵਲ ਤੇ ਕੀਤੀਆਂ ਗਈਆਂ ਉਪਲੱਬਧੀਆਂ ਸਬੰਧੀ ਸਨਮਾਨਿਤ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਸਟਾਫ ਮੈਬਰਾਂ ਵੱਲੋਂ ਵੀ ਭਾਗ ਲਿਆ ਗਿਆ।

# ਸਰਸ ਮੇਲੇ 'ਚ ਵੱਖ-ਵੱਖ ਰਾਜਾਂ ਦੇ ਰਵਾਇਤੀ ਨਾਚਾਂ ਨੇ ਮੰਤਰ-ਮੁਗਧ ਕੀਤੇ ਦਰਸ਼ਕ



**ਮੋਹਾਲੀ (ਗੁਰਜੀਤ ਬਿੱਲਾ)** ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ 18 ਅਕਤੂਬਰ ਤੋਂ ਚੱਲ ਰਹੇ ਖੇਤਰੀ ਸਰਸ ਮੇਲੇ 'ਚ ਵੱਖ-ਵੱਖ ਸੂਬਿਆਂ ਤੋਂ ਆਏ ਕਲਾਕਾਰ ਆਪੋ-ਆਪਣੇ ਰਾਜਾਂ ਦੇ ਰਵਾਇਤੀ ਨਾਚ ਪੇਸ਼ ਕਰਕੇ ਲਗਾਤਾਰ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਰਹੇ ਹਨ।ਸਰਸ ਮੇਲੇ ਦੇ ਮੰਚ ਤੋਂ ਜੁਗਨੀ ਭੰਗੜਾ ਕਲੱਬ ਦੇ ਕਲਾਕਾਰਾਂ ਵੱਲੋਂ ਸ਼ਹੀਦਾਂ ਨੂੰ, ਜਿਨ੍ਹਾਂ ਦੇ ਨਾਂ 'ਤੇ ਅੱਜ ਵੀ ਮੇਲੇ ਲੱਗਦੇ ਹਨ, ਨੂੰ ਦਵਿੰਦਰ ਜੁਗਨੀ ਪ੍ਰਧਾਨ ਵੱਲੋਂ ਬੋਲੀਆਂ ਦੁਆਰਾ ਯਾਦ ਕੀਤਾ ਗਿਆ। ਉਹਨਾਂ ਦੇ ਗਰੁੱਪ ਵੱਲੋਂ ਅੱਜ ਦੇ ਸਮੇਂ ਦੌਰਾਨ ਭੁੱਲ ਚੁੱਕੇ ਵਿਰਸੇ ਨੂੰ ਦੁਬਾਰਾ ਮੁੜ ਯਾਦ ਕਰਵਾਉਂਦਿਆਂ ਰਵਾਇਤੀ ਬੋਲੀਆਂ ਪਾ ਕੇ ਦਰਸ਼ਕਾਂ ਦਾ ਮਨ ਮੋਹਿਆ ਗਿਆ।ਇਸ ਤੋਂ ਇਲਾਵਾ ਯਮਲਾ ਜੱਟ ਦਾ ਗੀਤ 'ਚਰਖਾ ਰੋਂਦਾ ਦੇਖਿਆ ਮੈਂ ਮੁਟਿਆਰ ਬਿਨਾਂ' ਚਰਖਾ ਕੋਰੀਓਗ੍ਰਾਫੀ ਪੇਸ਼ ਕੀਤੀ ਗਈ, ਜੋ ਕਿ ਦਰਸ਼ਕਾਂ ਵੱਲੋਂ ਖੂਬ ਪਸੰਦ ਕੀਤੀ ਗਈ।ਦਵਿੰਦਰ ਜੁਗਨੀ ਜੇ ਨੇ ਦੱਸਿਆ ਕਿ ਅੱਜ ਦੀ ਨੌਜਵਾਨ ਪੀੜ੍ਹੀ ਪੁਰਾਣੀਆਂ ਵਿਰਾਸਤੀ ਚੀਜ਼ਾਂ ਨੂੰ ਜਿਵੇਂ ਕਿ ਚਰਖਾ, ਮਧਾਣੀ, ਪੀੜੀ, ਦਰੀਆਂ, ਪੱਖੀਆਂ ਆਦਿ ਨੂੰ ਭੁੱਲਦੇ ਜਾ ਰਹੀ ਹੈ। ਇਸ ਮੇਲੇ ਵਿੱਚ ਲੱਗੇ ਪੁਰਾਣੇ ਵਿਰਾਸਤੀ ਸਮਾਨ ਦੇ ਸਟਾਲਾਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਪੁਰਾਣਾ ਵਿਰਾਸਤੀ ਸਮਾਨ ਸੰਭਾਲਣ ਦਾ ਸੁਨੇਹਾ ਵੀ ਦਿੱਤਾ ਗਿਆ ਹੈ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿੰਦੀਪੁਰ 'ਚ ਮਾਪੇ-ਅਧਿਆਪਕ ਮਿਲਣੀ



**ਬਲਾਚੌਰ (ਜਸਵਿੰਦਰ ਬੈਂਸ)** ਸੀਨੀਅਰ ਸੈਕੰਡਰੀ ਸਕੂਲ ਮਹਿੰਦੀਪੁਰ ਬਲਾਚੌਰ ਵਿਖੇ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਤੇ ਮੈਗਾ ਮਾਪੇ ਅਧਿਆਪਕ ਮਿਲਣੀ ਆਯੋਜਨ ਕੀਤਾ ਗਿਆ। ਇਸ ਮੌਕੇ ਸਮੂਹ ਵਿਦਿਆਰਥੀਆ ਦੇ ਮਾਪਿਆਂ ਨਾਲ ਰਾਬਤਾ ਕਾਇਮ ਕੀਤਾ। ਗਿਆ ਇਸ ਮੌਕੇ ਜਿਲ੍ਹਾ ਸਿੱਖਿਆ ਅਫਸਰ ਸੁਰੇਸ਼ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆ ਦੀ ਵਿੱਦਿਅਕ ਅਤੇ ਸਹਿ ਵਿੱਦਿਅਕ ਖੇਤਰ 'ਚ ਕਾਰਗੁਜਾਰੀ ਬਾਰੇ ਚਰਚਾ ਕੀਤੀ ਗਈ। ਸਤੰਬਰ ਟਰਮ ਦੀ ਪ੍ਰੀਖਿਆ 'ਚ ਬੱਚਿਆ ਦੀ ਕਾਰਗੁਜਾਰੀ ਮਾਪਿਆਂ ਨਾਲ ਸਾਂਝੀ ਕੀਤੀ ਗਈ। ਮਾਪਿਆਂ ਨੂੰ ਘਰ 'ਚ ਬੱਚਿਆਂ ਨਾਲ ਸਮਾਂ ਬਿਤਾਉਣ ਅਤੇ ਪੜ੍ਹਾਈ ਲਈ ਸਮ੍ਹਾਂ ਤੈਅ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਮਾਪਿਆਂ ਵੱਲੋਂ ਸਕੂਲ ਸਟਾਫ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਲਾਲਿਤ ਰਾਣੀ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਵਿੰਦਰ ਪਾਲ ਬੈਂਸ, ਬਲਵੰਤ ਸਿੰਘ ਜਗਮੋਹਣ ਸਿੰਘ ਗੁਰਪ੍ਰੀਤ ਮੈਡਮ ਵਿਜੇ ਚੌਧਰੀ ਹਾਜ਼ਰ ਸਨ।

# ਪੇਂਡੂ ਯੂਥ ਕਲੱਬਾਂ ਨੂੰ ਯੁਵਕ ਸੇਵਾਵਾਂ ਵਿਭਾਗ ਵੱਲੋਂ ਦਿੱਤੀ ਜਾਵੇਗੀ ਸਹਾਇਤਾ ਰਾਸ਼ੀ : ਰਵੀ ਪਾਲ



**ਨਵਾਂਸ਼ਹਿਰ (ਮਨੋਜ ਲਾਡੀ)** ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਆਪਣੇ ਨਾਲ ਐਫੀਲੀਏਟਿਡ ਕਲੱਬਾਂ ਤੋਂ ਪਿਛਲੇ 2 ਸਾਲਾਂ ਦੌਰਾਨ ਆਪਣੇ ਪਿੰਡਾਂ/ਵਾਰਡਾਂ ਵਿਚ ਕੀਤੇ ਸਮਾਜ ਸੇਵੀ ਕੰਮਾਂ, ਨਸ਼ਿਆਂ ਅਤੇ ਸਮਾਜਿਕ ਅਲਾਮਤਾਂ ਤੋਂ ਨੌਜਵਾਨਾਂ ਨੂੰ ਦੂਰ ਰੱਖਣ ਦੇ ਕਾਰਜਾਂ, ਖੇਡਾਂ ਪ੍ਰਤੀ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੀਆਂ ਗਤੀਵਿਧੀਆਂ ਅਤੇ ਹੋਰ ਸਾਹਸੀ ਗਤੀਵਿਧੀਆਂ ਦੇ ਆਧਾਰ 'ਤੇ ਉਨ੍ਹਾਂ ਨੂੰ ਸਹਾਇਤਾ ਗ੍ਰਾਂਟ ਦੇਣ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚੋਂ 7 ਨਵੰਬਰ 2024 ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਰਵੀ ਪਾਲ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਨੇ ਦੱਸਿਆ ਕਿ ਯੁਵਕ ਸੇਵਾਵਾਂ ਕਲੱਬ ਆਪਣੀਆਂ ਅਰਜ਼ੀਆਂ ਦੇ ਨਾਲ ਕੀਤੀਆਂ ਗਈਆਂ ਗਤੀਵਿਧੀਆਂ ਦੀਆਂ ਫੋਟੋਆਂ, ਅਖ਼ਬਾਰਾਂ ਦੀਆਂ ਕਟਿੰਗਾਂ ਅਤੇ ਹੋਰ ਪ੍ਰਮਾਣ ਪੱਤਰ ਸਹਿਤ ਫਾਈਲ ਤਿਆਰ ਕਰਕੇ ਦਫ਼ਤਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ, ਨੇੜੇ ਸਰਕਾਰੀ ਆਈ ਟੀ ਆਈ (ਲੜਕੀਆਂ) ਨਵਾਂਸ਼ਹਿਰ ਵਿਖੇ ਨਿਸਚਿਤ ਮਿਤੀ ਤੱਕ ਜਮ੍ਹਾਂ ਕਰਵਾ ਸਕਦੇ ਹਨ। ਵਿਭਾਗ ਵੱਲੋਂ ਜਾਰੀ ਸਹਾਇਤਾ ਗ੍ਰਾਂਟ ਲਈ ਕਲੱਬ ਦੀ ਚੋਣ ਜ਼ਿਲ੍ਹਾ ਪੱਧਰੀ ਕਮੇਟੀ ਦੁਆਰਾ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪਹਿਲਾਂ ਲਾਭ ਪ੍ਰਾਪਤ ਕਰ ਚੁੱਕੇ ਕਲੱਬਾਂ ਨੂੰ ਨਹੀਂ ਵਿਚਾਰਿਆ ਜਾਵੇਗਾ ਅਤੇ ਸਿਰਫ ਇਸ ਲਾਭ ਤੋਂ ਵਾਂਝੇ ਰਹਿ ਚੁੱਕੇ ਕਲੱਬਾਂ ਨੂੰ ਹੀ ਸਹਾਇਤਾ ਗ੍ਰਾਂਟ ਲਈ ਵਿਚਾਰਿਆ ਜਾਵੇਗਾ।

# ਸਰਕਾਰੀ ਮਿਡਲ ਸਕੂਲ ਚੰਡੇਸਰ ਵਿਖੇ ਹੋਈ ਮੈਗਾ ਪੀ ਟੀ ਐੱਮ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਮਿਡਲ ਸਕੂਲ ਚੰਡੇਸਰ ਵਿਖੇ ਮੈਗਾ ਪੀ ਟੀ ਐਮ ਦਾ ਆਯੋਜਨ ਕੀਤਾ ਗਿਆ।

ਪੀ ਟੀ ਐਮ ਦੌਰਾਨ ਪਿੰਡ ਦੇ ਪਤਵੰਤੇ ਸੱਜਣਾਂ ਦੇ ਨਾਲ ਨਾਲ ਨਵੀਂ ਚੁਣੀ ਪੰਚਾਇਤ ਦੇ ਨੁਮਾਇੰਦੇ, ਐਸ ਐਮ ਸੀ ਕਮੇਟੀ ਦੇ ਮੈਂਬਰਾਂ ਅਤੇ ਬੱਚਿਆਂ ਦੇ ਮਾਪਿਆਂ ਨੇ ਹਿੱਸਾ ਲਿਆ।ਬੱਚਿਆਂ ਦੇ ਮਾਪਿਆਂ ਨਾਲ ਜਿੱਥੇ ਬੱਚਿਆਂ ਦੀ ਕਾਰਗੁਜ਼ਾਰੀ ਅਤੇ ਪ੍ਰੀਖਿਆ ਪ੍ਰਣਾਮ ਸਾਂਝਾ ਕੀਤਾ ਗਿਆ ਉੱਥੇ ਹੀ ਬੱਚਿਆਂ ਦੇ ਭਵਿੱਖ ਬਾਰੇ ਵੀ ਗੱਲਬਾਤ ਕੀਤੀ ਗਈ ਅਤੇ ਆਉਣ ਵਾਲੇ ਸਮੇਂ ਵਿੱਚ ਸਕੂਲ ਵੱਲੋਂ ਕੀਤੇ ਜਾਣ ਵਾਲੇ ਵੱਖ ਵੱਖ ਪ੍ਰੋਗਰਾਮਾਂ ਅਤੇ ਬੱਚਿਆਂ ਦੀ ਪੜ੍ਹਾਈ ਦੇ ਸੰਬੰਧ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ।ਪਿੰਡ ਚੰਡੇਸਰ ਦੇ ਨਵੇਂ ਚੁਣੇ ਸਰਪੰਚ ਹਰਦੀਪ ਕੌਰ ਵੱਲੋਂ ਵੀ ਪਹੁੰਚੇ ਪਤਵੰਤੇ ਸੱਜਣਾਂ ਨੂੰ ਸਰਕਾਰ ਦੀਆਂ ਸਰਕਾਰੀ ਸਕੂਲਾਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵਿਸਥਾਰ ਨਾਲ ਦੱਸਿਆ। ਇਸ ਮੌਕੇ ਹੈੱਡ ਟੀਚਰ ਗਗਨਦੀਪ ਕੌਰ ਨੇ ਵੀ ਆਏ ਹੋਏ ਮਾਪਿਆਂ ਨਾਲ ਬੱਚਿਆਂ ਦੀ ਕਾਰਗੁਜ਼ਾਰੀ ਸਾਂਝੀ ਕੀਤੀ ਅਤੇ ਸਰਕਾਰ ਵੱਲੋਂ ਪ੍ਰਾਪਤ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪੀਟੀਐਮ ਨੂੰ ਸੰਪਨ ਕਰਵਾਇਆ।

## ਮੰਡੀਆਂ 'ਚ ਆਏ ਝੋਨੇ 'ਚੋਂ 99 ਫੀਸਦੀ ਦੀ ਖਰੀਦ : ਅਮਿਤ ਕੁਮਾਰ

**ਫਗਵਾੜਾ (ਡਾ. ਰਮਨ)** ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਵੱਲੋਂ ਫਗਵਾੜਾ ਦਾਣਾ ਮੰਡੀ ਵਿਖੇ ਝੋਨੇ ਦੀ ਖਰੀਦ ਦਾ ਜਾਇਜ਼ਾ ਲੈਂਦਿਆਂ ਕਿਹਾ ਗਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦੀ ਫਸਲ ਦਾ ਇਕ-ਇਕ ਖਰੀਦਣ ਲਈ ਵਚਨਬੱਧ ਹੈ। ਉਨ੍ਹਾਂ ਐਸ ਐਸ ਪੀ ਕਪੂਰਥਲਾ ਵਤਸਲਾ ਗੁਪਤਾ, ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ, ਮੰਡੀ ਬੋਰਡ ਦੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਦਾਣਾ ਮੰਡੀ ਵਿਖੇ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ 78 ਮੰਡੀਆਂ ਵਿਚ ਆਏ 229892 ਮੀਟਰ ਟਨ ਝੋਨੇ ਵਿਚੋਂ 227420 ਮੀਟਰਕ ਟਨ ਝੋਨਾ ਖਰੀਦਿਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿਚ ਆਏ ਝੋਨੇ ਵਿਚੋਂ 99 ਫੀਸਦੀ ਦੀ ਖਰੀਦ ਹੋ ਚੁੱਕੀ ਹੈ। ਦੱਸਣਯੋਗ ਹੈ ਕਿ ਜ਼ਿਲ੍ਹਾ ਕਪੂਰਥਲਾ ਵਿਚ 760983 ਮੀਟਰਕ ਟਨ ਝੋਨੇ ਦੀ ਖਰੀਦ ਦਾ ਟੀਚਾ ਹੈ, ਜਿਸ ਵਿਚੋਂ 30 ਫੀਸਦੀ ਤੋਂ ਵੱਧ ਖਰੀਦ ਹੋ ਚੁੱਕੀ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀਮਤੀ ਨਵਨੀਤ ਕੌਰ ਬੱਲ, ਐਸ.ਡੀ.ਐਮ. ਜਸ਼ਨਜੀਤ ਸਿੰਘ, ਜ਼ਿਲ੍ਹਾ ਖੁਰਾਕ ਤੇ ਸਪਲਾਈ ਅਫਸਰ ਸੰਯੋਗਤਾ, ਜ਼ਿਲ੍ਹਾ ਮੰਡੀ ਅਫਸਰ ਅਰਵਿੰਦਰ ਸਿੰਘ ਤੇ ਖਰੀਦ ਏਜੰਸੀਆਂ ਦੇ ਅਧਿਕਾਰੀ ਹਾਜ਼ਰ ਸਨ

# ਕੈਬਨਿਟ ਮੰਤਰੀ ਨੇ ਮੈਗਾ ਅਧਿਆਪਕ-ਮਾਪੇ ਮਿਲਣੀ 'ਚ ਕੀਤੀ ਸ਼ਿਰਕਤ




**ਜਲੰਧਰ (ਇਕਬਾਲ ਸਿੰਘ ਉਭੀ, ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਭਲਾਈ ਮੰਤਰੀ ਮਹਿੰਦਰ ਭਗਤ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਨਹਿਰੂ ਗਾਰਡਨ ਵਿਖੇ ਕਰਵਾਈ ਮੈਗਾ ਅਧਿਆਪਕ-ਮਾਪੇ ਮਿਲਣੀ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਗਈ।

ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਵਲੋਂ ਪੰਜਾਬ ਸਰਕਾਰ ਦੁਆਰਾ ਸੂਬੇ ਦੀ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਲਈ ਕੀਤੇ ਜਾ ਰਹੇ ਸੰਜੀਦਾ ਯਤਨਾਂ ਦੀ ਸ਼ਲਾਘਾ ਕੀਤੀ ਗਈ।ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਦੱਸਿਆ ਕਿ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਕਾਨਵੈਂਟ ਸਕੂਲਾਂ ਦੀ ਤਰਜ 'ਤੇ ਸਹੂਲਤਾਂ ਦਾ ਆਨੰਦ ਮਾਣ ਸਕਣ। ਉਨ੍ਹਾਂ ਸਿੱਖਿਆ ਵਿਭਾਗ ਨੂੰ ਜ਼ਿਲ੍ਹੇ ਭਰ ਵਿੱਚ 1389 ਸਕੂਲਾਂ ਵਿੱਚ ਮੈਗਾ ਅਧਿਆਪਕ-ਮਾਪੇ ਮਿਲਣੀ ਪ੍ਰੋਗਰਾਮ ਕਰਵਾਉਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਇਸ ਨਾਲ ਮਾਪੇ ਅਤੇ ਅਧਿਆਪਕ ਵਿਦਿਆਰਥੀਆਂ ਦੀ ਅਕਾਦਮਿਕ ਸਫ਼ਲਤਾ ਲਈ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕਰ ਸਕਣਗੇ।ਇਸ ਮੌਕੇ ਭਗਤ ਵਲੋਂ ਵਿਦਿਆਰਥੀਆਂ ਵਲੋਂ ਵੱਖ-ਵੱਖ ਚੀਜਾਂ ਰਾਹੀਂ ਲਗਾਏ ਗਏ ਸਟਾਲਾਂ ਦੀ ਪ੍ਰਦਰਸ਼ਨੀ ਨੂੰ ਦੇਖਦਿਆਂ ਉਨ੍ਹਾਂ ਦੇ ਹੁਨਰ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਤੇ ਭਗਤ ਵਲੋਂ ਸਕੂਲ ਵਿਖੇ ਖੇਡ ਮੁਕਾਬਲੇ ਦਾ ਵੀ ਉਦਘਾਟਨ ਕਰਦਿਆਂ ਵਿਦਿਆਰਥੀਆਂ ਨੂੰ ਸਰੀਰਿਕ ਅਤੇ ਮਾਨਸਿਕ ਤੰਦਰੁਸਤੀ ਲਈ ਖੇਡ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਧਾਰਮਿਕ ਸਮਾਗਮ



**ਕਪੂਰਥਲਾ (ਹਨੀ)** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਸੰਬੰਧੀ ਸਮਾਗਮ ਕਰਵਾਇਆ ਗਿਆ।ਇਸ ਦੌਰਾਨ ਸਕੂਲ ਵਿੱਚ ਸਪੈਸ਼ਲ ਅਸੈਂਬਲੀ ਕਰਵਾਈ ਗਈ।ਜਿਸ ਵਿੱਚ ਵਿਦਿਆਰਥੀਆਂ ਨੇ ਗੁਰੂ ਰਾਮਦਾਸ ਜੀ ਦੀ ਉਸਤਤ ਵਿੱਚ ਸ਼ਬਦ ਗਾਇਨ ਕੀਤੇ। ਨੌਵੀਂ ਜਮਾਤ ਦੀ ਵਿਦਿਆਰਥਣ ਕਰਨਜੋਤ ਕੌਰ ਨੇ ਆਪਣੀ ਸਪੀਚ ਰਾਹੀਂ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਸਤਵੀਂ ਜਮਾਤ ਦੀ ਵਿਦਿਆਰਥਣ ਹਰਲੀਨ ਕੌਰ ਨੇ ਕਵਿਤਾ ਰਾਹੀਂ ਗੁਰੂ ਰਾਮਦਾਸ ਜੀ ਦੀ ਵਡਿਆਈ ਕੀਤੀ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਗੁਰੂ ਜੀ ਦੇ ਗੁਰਪੁਰਬ ਦੀ ਵਧਾਈ ਦਿੱਤੀ ।

## ਮੁੱਖ ਮੰਤਰੀ ਵੱਲੋਂ ਮੰਡੀਆਂ 'ਚੋਂ ਝੋਨੇ ਦੀ ਲਿਫਟਿੰਗ ਜੰਗੀ ਪੱਧਰ 'ਤੇ ਕਰਨ ਦੇ ਹੁਕਮ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਸੂਬੇ ਭਰ ਦੀਆਂ ਮੰਡੀਆਂ ਵਿੱਚ ਖਰੀਦੇ ਜਾ ਰਹੇ ਝੋਨੇ ਦੀ ਤੇਜ਼ੀ ਨਾਲ ਲਿਫਟਿੰਗ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ ਹਨ।ਸੂਬੇ ਵਿੱਚ ਖਰੀਦ ਕਾਰਜਾਂ ਦਾ ਜਾਇਜ਼ਾ ਲੈਣ ਲਈ ਹੋਈ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਝੋਨੇ ਦੀ ਚੁਕਾਈ ਛੇਤੀ ਤੋਂ ਛੇਤੀ ਕੀਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਕਿਸਾਨਾਂ ਨੇ ਦੇਸ਼ ਨੂੰ ਅੰਨ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੀ ਅਨਾਜ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਡੇ ਅੰਨ ਦਾਤਿਆਂ ਨੇ ਆਪਣੇ ਬੇਸ਼ਕੀਮਤੀ ਕੁਦਰਤੀ ਵਸੀਲੇ ਪਾਣੀ ਅਤੇ ਜਰਖੇਜ਼ ਮਿੱਟੀ ਨੂੰ ਦਾਅ ਉੱਤੇ ਲਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸਾਲ ਵੀ ਸੂਬੇ ਦੇ ਕਿਸਾਨਾਂ ਵੱਲੋਂ 185 ਲੱਖ ਮੀਟ੍ਰਿਕ ਟਨ ਝੋਨੇ ਦਾ ਯੋਗਦਾਨ ਕੌਮੀ ਭੰਡਾਰ ਵਿੱਚ ਪਾਉਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਦਿੱਕਤ ਨਾ ਆਉਣ ਦਿੱਤੀ ਜਾਵੇ।

# ਇਫਟੂ ਨੇ ਡਾਕਟਰਾਂ ਦੇ ਸੰਘਰਸ਼ ਨਾਲ ਇਕਜੁੱਟਤਾ ਦਿਵਸ ਮਨਾਇਆ




**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਦੁਰਗਾਪੁਰੀਆ)**-ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ (ਇਫਟੂ) ਦੀ ਰਾਸ਼ਟਰੀ ਕਮੇਟੀ ਵੱਲੋਂ ਪੱਛਮੀ ਬੰਗਾਲ ਦੇ ਡਾਕਟਰਾਂ ਵੱਲੋਂ ਇਨਸਾਫ਼ ਲਈ ਕੀਤੇ ਜਾ ਰਹੇ ਸੰਘਰਸ਼ ਨਾਲ ਨਵਾਂਸ਼ਹਿਰ ਵਿਖੇ ਇਕਜੁੱਟਤਾ ਦਿਵਸ ਮਨਾਇਆ ਹੈ।

ਇਸ ਮੌਕੇ ਇਫਟੂ ਪੰਜਾਬ ਦੇ ਸਹਾਇਕ ਸਕੱਤਰ ਅਵਤਾਰ ਸਿੰਘ ਤਾਰੀ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਅਤੇ ਜਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ ਨੇ ਕਿਹਾ ਹੈ ਕਿ ਡਬਲਯੂ ਬੀ ਜੇ ਡੀ ਐਫ (ਪੱਛਮੀ ਬੰਗਾਲ ਜੂਨੀਅਰ ਡਾਕਟਰ ਫੈਡਰੇਸ਼ਨ) ਇਨਸਾਫ਼ ਲਈ ਲਗਾਤਾਰ ਸੰਘਰਸ਼ ਕਰ ਰਹੀ ਹੈ। ਉਹਨਾਂ ਕਿਹਾ ਕਿ 9 ਅਗਸਤ ਨੂੰ ਆਰਜੀ ਕਾਰ ਹਸਪਤਾਲ ਕੋਲਕਾਤਾ ਦੀ ਇੱਕ ਮਹਿਲਾ ਡਾਕਟਰ ਦੀ ਕੰਮ ਵਾਲੀ ਥਾਂ 'ਤੇ ਜਿਨਸੀ ਹਿੰਸਾ ਅਤੇ ਕਤਲ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਬੜੀ ਹੀ ਧੀਮੀ ਗਤੀ ਨਾਲ ਚੱਲ ਰਹੀ ਹੈ। ਉਹਨਾਂ ਕਿਹਾ ਕਿ ਜੂਨੀਅਰ ਡਾਕਟਰ ਦੇ ਬਲਾਤਕਾਰ ਅਤੇ ਕਤਲ ਦੀ ਜਾਂਚ ਸੀ ਬੀ ਆਈ ਨੂੰ ਸੌਂਪੇ ਦੋ ਮਹੀਨੇ ਬੀਤ ਚੁੱਕੇ ਹਨ। ਇਫਟੂ ਦੀ ਕੌਮੀ ਕਮੇਟੀ ਸੁਪਰੀਮ ਕੋਰਟ ਤੋਂ ਮੰਗ ਕਰ ਰਹੀ ਹੈ ਕਿ ਸੀ ਬੀ ਆਈ ਦੁਆਰਾ ਇਸ ਜਾਂਚ ਨੂੰ ਤੁਰੰਤ, ਸਮਾਂਬੱਧ ਤਰੀਕੇ ਨਾਲ ਪੂਰਾ ਕਰਨ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਬਲਾਤਕਾਰ/ਗੈਂਗਰੇਪ ਅਤੇ ਕਤਲ ਵਿਚ ਸਾਮਲ ਵਿਅਕਤੀਆਂ ਜਾਂ ਪਰਦੇ ਵਿਚ ਸਾਮਲ ਹੋਣ ਅਤੇ ਸਾਜਿਸ਼ 'ਚ ਸ਼ਾਮਲ ਹੋਣ ਵਾਲਿਆਂ ਦੀ ਪਛਾਣ ਕਰਕੇ ਉਹਨਾਂ ਨੂੰ ਫੌਰੀ ਗ੍ਰਿਫਤਾਰ ਕੀਤਾ ਜਾਵੇ। ਇਸ ਮੌਕੇ ਤਰਨਜੀਤ, ਗੋਪੀ, ਹਰੇ ਰਾਮ, ਹਰੀ ਲਾਲ,ਸਰਵੇਸ਼ ਗੁਪਤਾ, ਕਿਸ਼ੋਰ, ਰਾਜੂ,ਕਪਿਲ ਇਫਟੂ ਦੇ ਆਗੂ ਵੀ ਮੌਜੂਦ ਸਨ।

# ਸਰਪੰਚ ਦਾ ਮੋਬਾਇਲ ਫੋਨ ਚੋਰੀ ਕਰਕੇ ਹੋਏ ਰਫੂ-ਚੱਕਰ



**ਬਲਾਚੌਰ (ਜਸਵਿੰਦਰ ਬੈਂਸ)** ਸਬ ਡਵੀਜਨ ਬਲਾਚੌਰ 'ਚ ਪੈਂਦੇ ਪਿੰਡ ਸੁੱਜੋਵਾਲ ਦੇ ਸਰਪੰਚ ਨੂੰ ਸਰਪੰਚੀ ਦੀ ਸ਼ੁਰੂਆਤ 'ਚ ਉਸ ਵੇਲੇ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਜਦ ਉਸ ਨੂੰ ਵਧਾਈ ਦੇਣ ਆਇਆ ਬਹਿਰੂਪੀਏ ਕਿਸਮ ਦੇ ਨੌਜਵਾਨ ਮੋਬਾਇਲ ਫੋਨ ਚੋਰੀ ਕਰਕੇ ਫਰਾਰ ਹੋ ਗਿਆ। ਇਹ ਸਾਰੀ ਘਟਨਾਂ ਘਰ ਅੰਦਰ ਲੱਗੇ ਸੀ ਸੀ ਟੀ ਵੀ 'ਚ ਵੀ ਕੈਦ ਹੋ ਗਈ। ਪੁਲਸ ਪਾਸ ਕੀਤੀ ਗਈ ਸ਼ਿਕਾਇਤ ਸੰਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਸੁੱਜੋਵਾਲ ਦੇ ਨਵਨਿਯੁਕਤ ਸਰਪੰਚ ਜਸਵਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਬਾਅਦ ਦੁਪਿਹਰ ਜਦ ਉਹ ਆਪਣੇ ਘਰ ਪਰ ਸੀ ਤਾਂ ਇੱਕ ਅਗਿਆਤ ਬਹਿਰੂਪੀਏ ਮਹੰਤ ਟਾਇਪ ਵਿਅਕਤੀ ਉਨ੍ਹਾਂ ਨੂੰ ਸਰਪੰਚੀ ਦੀ ਵਧਾਈ ਦਿੰਦਾ ਹੋਇਆ ਘਰ ਅੰਦਰ ਦਾਖਲ ਹੋ ਗਿਆ ਜਦ ਕਿ ਉਸ ਦਾ ਇੱਕ ਹੋਰ ਸਾਥੀ ਘਰ ਦੇ ਬਾਹਰ ਮੋਟਰਸਾਇਕਲ ਉਪਰ ਹੀ ਰਿਹਾ। ਇਸ ਤਰ੍ਹਾਂ ਘਰ 'ਚ ਸਰਪੰਚੀ ਸੰਬੰਧੀ ਵਧਾਈ ਦੇ ਚੱਲ ਰਹੇ ਇਸ ਦੌਰ 'ਚ ਉਹ ਰੋਲੇ ਰੱਪੇ 'ਚ ਸੀ ਕਿ ਇਹ ਵਿਅਕਤੀ ਜਿਸ ਵਲੋਂ ਜਨਾਨਾ ਕੱਪੜੇ ਪਾਏ ਹੋਏ ਸਨ ਘਰ ਅੰਦਰ ਮੰਜੇ ਉਪਰ ਪਏ ਉਸਦੇ ਸੈਮਸੰਗ ਕੰਪਨੀ ਦੇ ਫੋਨ ਨੂੰ ਚੋਰੀ ਕਰਕੇ ਫਰਾਰ ਹੋ ਗਏ। ਇਸ ਦੀ ਪੁਲਸ ਕੋਲ ਸ਼ਿਕਾਇਤ ਕਰ ਦਿੱਤੀ ਹੈ। ਪੁਲਸ ਵੱਲੋਂ ਸੀ ਸੀ ਟੀ ਵੀ ਕੈਮਰਿਆ ਦੇ ਆਧਾਰ 'ਤੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ।

## ਸਰਪੰਚਣੀਆਂ ਨੇ ਕੀਤੀ ਵਿਧਾਇਕ ਜੌੜਾਮਾਜਰਾ ਨਾਲ ਮੁਲਾਕਾਤ



**ਸਮਾਣਾ (ਇਕਬਾਲ ਸਿੰਘ ਬੱਲ)**-ਪੰਚਾਇਤੀ ਚੋਣਾਂ ਦੌਰਾਨ ਬਲਾਕ ਸਮਾਣਾ ਦੇ ਪਿੰਡ ਲਾਲਗੜ੍ਹ ਉਰਫ ਬਹਾਦਰਗੜ ਦੀ ਸੁਖਵਿੰਦਰ ਕੌਰ ਪਤਨੀ ਨਿਸ਼ਾਨ ਸਿੰਘ ਚੱਠਾ ਸਰਬਸੰਮਤੀ ਨਾਲ ਸਰਪੰਚ ਚੁਣੀ ਗਈ।ਇਸੇ ਤਰ੍ਹਾਂ ਬਲਜਿੰਦਰ ਕੌਰ, ਮੋਤੀ ਮਸੀਹ, ਹਰਵਿੰਦਰ ਕੌਰ, ਰਮਨਦੀਪ ਕੌਰ, ਮਨਦੀਪ ਕੌਰ ਸਰਬਸੰਮਤੀ ਨਾਲ ਪੰਚ ਚੁਣੇ ਗਏ।ਨਵੀਂ ਬਣੀ ਸਰਪੰਚ ਸੁਖਵਿੰਦਰ ਕੌਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਦੀ ਪੰਚਾਇਤ ਦੀ ਸਰਬਸੰਮਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਬਖ਼ਸ਼ਿਸ਼ ਸਦਕਾ ਹੋਈ ਹੈ, ਇਸ ਲਈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਰੇ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ।ਨਵੀਂ ਬਣੀ ਸਰਪੰਚ ਸੁਖਵਿੰਦਰ ਕੌਰ ਨੇ ਕਿਹਾ ਕਿ ਪਿੰਡ ਦੇ ਰਹਿੰਦੇ ਵਿਕਾਸ ਕਾਰਜਾਂ ਨੂੰ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਜਲਦੀ ਪੂਰਾ ਕਰਨਗੇ।ਸਰਪੰਚ ਸੁਖਵਿੰਦਰ ਕੌਰ ਨੇ ਪੂਰੀ ਪੰਚਾਇਤ ਨਾਲ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨਾਲ ਮੁਲਾਕਾਤ ਕੀਤੀ ਅਤੇ ਪਿੰਡ ਦੇ ਵਿਕਾਸ ਲਈ ਸਹਿਯੋਗ ਦੇਣ ਲਈ ਕਿਹਾ।

## ਸਰਪੰਚੀ ਚੋਣ ਜਿੱਤਣ 'ਤੇ ਸ਼ੁਕਰਾਨੇ ਵਜੋਂ ਪਾਠ ਦੇ ਭੋਗ ਪਾਏ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪਿੰਡ ਬੁਗਰਾ ਦੇ ਨਵੇਂ ਬਣੇ ਸਰਪੰਚ ਹਰਜੀਤ ਸਿੰਘ ਬੁਗਰਾ ਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਧਰਮਸ਼ਾਲਾ ਬਾਬਾ ਸੁਤੇ ਪ੍ਰਕਾਸ਼ ਬੁਗਰਾ ਵਿਖੇ ਪਾਏ ਗਏ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਉਣ ਉਪਰੰਤ ਲੰਗਰ ਅਤੁੱਟ ਵਰਤਾਏ ਗਏ।ਪਿੰਡ ਬੁਗਰਾ ਦੀ ਸਰਪੰਚੀ ਦੀ ਚੋਣ ਜਿੱਤ ਕੇ ਭਾਰੀ ਬਹੁਮਤ ਨਾਲ ਨਵੇਂ ਬਣੇ ਸਰਪੰਚ ਹਰਜੀਤ ਸਿੰਘ ਬੁਗਰਾ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਸਮੂਹ ਨਗਰ ਬੁਗਰਾ ਦੇ ਲੋਕਾਂ ਦਾ ਭਾਰੀ ਬਹੁਮਤ ਨਾਲ ਜਿਤਾਉਣ ਲਈ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਆਪਣੀ ਸਰਪੰਚੀ ਦੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਉਹ ਸਮੂਹ ਪੰਚਾਇਤ ਮੈਂਬਰਾਂ ਨੂੰ ਨਾਲ ਲੈ ਕੇ ਪਿੰਡ ਦੇ ਸਰਬਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ ਅਤੇ ਪਿੰਡ ਦੀ ਵਿਕਾਸ ਪੱਖੋਂ ਨੁਹਾਰ ਬਦਲ ਦੇਣਗੇ।

## ਸਰਪੰਚ ਪਰਮਜੀਤ ਸਿੰਘ ਭੇਡਪੁਰੀ ਤੇ ਪੰਚਾਇਤ ਮੈਂਬਰਾਂ ਵੱਲੋਂ ਵਿਧਾਇਕ ਨਾਲ ਮੁਲਾਕਾਤ



**ਸਮਾਣਾ (ਇਕਬਾਲ ਸਿੰਘ ਬੱਲ)**-ਪਿੰਡ ਭੇਡਪੁਰੀ ਤੋਂ ਨਵੇਂ ਬਣੇ ਸਰਪੰਚ ਪਰਮਜੀਤ ਸਿੰਘ ਭੇਡਪੁਰੀ ਤੇ ਪੰਚਾਇਤ ਮੈਂਬਰ ਸਰਪੰਚ ਦੀਪ ਕੌਰ, ਅਮਨਦੀਪ ਸਿੰਘ, ਬਲਵਿੰਦਰ ਕੌਰ, ਪਵਨਪਰੀਤ ਕੌਰ, ਰਾਜਵਿੰਦਰ ਕੌਰ, ਹਰਬੰਸ ਸਿੰਘ, ਗੁਰਜੰਟ ਸਿੰਘ ਤੇ ਪਰਗਟ ਸਿੰਘ ਨੇ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕੀਤੀ ਅਤੇ ਆਸ਼ੀਰਵਾਦ ਲਿਆ।ਹਲਕਾ ਵਿਧਾਇਕ ਕੁਲਵੰਤ ਸਿੰਘ ਨੇ ਨਵੀਂ ਚੁਣੀ ਪੰਚਾਇਤ ਦੇ ਨੁਮਾਇੰਦਿਆਂ ਦਾ ਸਨਮਾਨ ਕੀਤਾ ਤੇ ਕਿਹਾ ਕਿ ਹਲਕਾ ਸ਼ੁਤਰਾਣਾ ਅਧੀਨ ਆਉਂਦੇ ਪਿੰਡਾਂ ਵਿਚ ਵਿਕਾਸ ਕਾਰਜਾਂ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## ਮਾਤਾ ਪਰਮਾਤਮਾ ਦੇਵੀ ਗਰਗ ਦੀ ਯਾਦ 'ਚ ਖ਼ੂਨਦਾਨ ਕੈਂਪ ਲਾਇਆ




**ਧੂਰੀ (ਸੁਖਦੇਵ ਧੂਰੀ)**-ਰੋਟਰੀ ਕਲੱਬ ਵੱਲੋਂ ਉੱਘੇ ਸਮਾਜ ਸੇਵੀ ਮੱਖਣ ਲਾਲ ਗਰਗ ਦੇ ਮਾਤਾ ਪਰਮਾਤਮਾ ਦੇਵੀ ਗਰਗ ਦੀ ਮਿੱਠੀ ਯਾਦ ਵਿੱਚ ਐੱਚ ਡੀ ਐਫ ਸੀ ਬੈਂਕ ਦੇ ਸਹਿਯੋਗ ਨਾਲ ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਰੋਟਰੀ ਕਲੱਬ ਧੂਰੀ ਦੇ ਪ੍ਰਧਾਨ ਸੀਨੀਅਰ ਐਡਵੋਕੇਟ ਬਲਜੀਤ ਸਿੰਘ ਸਿੱਧੂ ਦੀ ਅਗਵਾਈ ਵਿੱਚ ਵਿਸ਼ਾਲ ਖੂਨਦਾਨ ਕੈਂਪ ਲਾਇਆ ਗਿਆ।ਇਸ ਖੂਨਦਾਨ ਕੈਂਪ ਦਾ ਉਦਘਾਟਨ ਡਾ. ਏ ਆਰ ਸ਼ਰਮਾ ਸੀ ਐਮ ਡੀ ਰਾਇਸੀਲਾ ਹੈਲਥ ਤੇ ਮੱਖਣ ਲਾਲ ਗਰਗ ਚੇਅਰਮੈਨ ਕੈਂਬਰਿਜ ਗਰੁੱਪ ਨੇ ਕੀਤਾ।ਇਸ ਮੌਕੇ ਰਾਈਸੀਲਾ ਹੈਲਥ ਦੇ ਸੀ.ਐਮ.ਡੀ ਡਾ. ਏ.ਆਰ.ਸ਼ਰਮਾ ਤੇ ਮੱਖਣ ਲਾਲ ਗਰਗ ਚੇਅਰਮੈਨ ਕੈਂਬਰਿਜ ਗਰੁੱਪ ਨੇ ਕਿਹਾ ਕਿ ਖੂਨਦਾਨ ਕਰਨਾ ਉੱਤਮ ਮਹਾਂਦਾਨ ਹੈ ਅਤੇ ਖੂਨਦਾਨ ਕਰਨ ਨਾਲ ਸਰੀਰ ਵਿੱਚ ਕਿਸੇ ਵੀ ਤਰ੍ਹਾਂ ਕੋਈ ਵੀ ਕਮਜ਼ੋਰੀ ਨਹੀਂ ਆਉਂਦੀ ਅਤੇ ਉਨ੍ਹਾਂ ਕਿਹਾ ਕਿ ਖੂਨਦਾਨ ਕਰਨ ਨਾਲ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਰੋਟਰੀ ਕਲੱਬ ਦੇ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਸਿੱਧੂ ਨੇ ਕਿਹਾ ਕਿ ਰੋਟਰੀ ਕਲੱਬ ਧੂਰੀ ਵੱਲੋਂ ਭਵਿੱਖ ਵਿੱਚ ਵੀ ਅਜਿਹੇ ਖੂਨਦਾਨ ਕੈਂਪ ਤੇ ਹੋਰ ਵੀ ਸਮਾਜ ਭਲਾਈ ਦੇ ਕਾਰਜ ਜਾਰੀ ਰਹਿਣਗੇ।ਇਸ ਮੌਕੇ ਬਲੱਡ ਬੈਂਕ ਸੰਗਰੂਰ ਦੀ ਟੀਮ ਵੱਲੋਂ ਖੂਨ ਦੇ ਯੂਨਿਟ ਇਕੱਤਰ ਕੀਤੇ ਗਏ।ਇਸ ਮੌਕੇ ਖੂਨਦਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਪੰਜਾਬ ਸਰਕਾਰ ਨੇ ਹਰ ਵਰਗ ਦੇ ਮੁਲਾਜ਼ਮਾਂ ਨਾਲ ਕੀਤਾ ਧੋਖਾ : ਚਿੰਡਾਲਿਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਹਾਲੀ ਮਿੱਡ ਡੇਅ ਮੀਲ ਕੁੱਕ ਯੂਨੀਅਨ ਬੀ.ਐਮ.ਐਸ. ਨੇ ਦਰਜਾ ਚਾਰ ਮਿਡ ਡੇ ਮੀਲ ਆਊਟ ਸੋਰਸ ਸਫ਼ਾਈ ਸੇਵਕ ਚੌਕੀਦਾਰਾਂ ਦੀ ਹੱਕੀ ਮੰਗਾ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਹਮਣੇ ਇੱਕ ਬਹੁਤ ਵੱਡੀ ਰੈਲੀ ਕਰਕੇ ਨਾਅਰੇਬਾਜ਼ੀ ਕੀਤੀ ਅਤੇ ਪੰਜਾਬ ਸਰਕਾਰ ਨੂੰ ਕੋਸਿਆ ਅਤੇ ਮੁਜ਼ਾਹਰਾ ਕੀਤਾ। ਇਸ ਮੌਕੇ ਸੂਬਾ ਪ੍ਰਧਾਨ ਕਰਮ ਚੰਦ ਚਿੰਡਾਲਿਆ ਨੇ ਦੱਸਿਆ ਕਿ ਹਰ ਵਰਗ ਦੇ ਮੁਲਾਜ਼ਮਾਂ ਦੇ ਨਾਲ ਇਸ ਸਰਕਾਰ ਨੇ ਟੇਬਲ ਟਾਕ ਮੀਟਿੰਗਾ ਦਾ ਸਮਾਂ ਦੇ ਕੇ ਪੋਸਟਪੋਨ ਕਰਦੀ ਰਹੀ ਹੈ, ਪਰ ਇਹ ਸਰਕਾਰ ਨੇ ਮੁਲਾਜ਼ਮਾਂ ਦੀ ਅੱਜ ਤੱਕ ਵੱਡੇ-ਵੱਡੇ ਬਿਆਨ ਸਟੇਜਾਂ 'ਤੇ ਦਿੱਤੇ। ਵਿਧਾਨ ਸਭਾ ਤੇ ਲੋਕ ਸਭਾ ਦੀ ਚੋਣਾ ਵਿੱਚ ਮੰਗਾ ਮੰਨਣ ਤੇ ਵੀ ਬਿਆਨ ਦਿੱਤੇ। ਇਹ ਵੀ ਕਿਹਾ ਕਿ ਨੋਟਿਫਿਕੇਸ਼ਨ ਵੀ ਜਾਰੀ ਕਰ ਦਿੱਤੇ ਗਏ। ਮਾਨਯੋਗ ਹਾਈ ਕੋਰਟ ਦੇ ਫੈਸਲਿਆਂ ਨੂੰ ਵੀ ਅੱਜ ਤੱਕ ਲਾਗੂ ਨਹੀਂ ਕੀਤਾ। ਜੇਕਰ ਇਸੇ ਤਰ੍ਹਾਂ ਹੀ ਇਸ ਸਰਕਾਰ ਦਾ ਰਵੱਈਆ ਚੱਲਦਾ ਰਿਹਾ ਤਾਂ ਇਹ ਜਥੇਬੰਦੀ ਅਣਮਿੱਥੇ ਸਮੇਂ ਲਈ ਮੀਡ ਡੇ ਮੀਲ ਬਣਾਉਣ ਲਈ ਹੜਤਾਲ ਕਰੇਗੀ।

## ਪੰਜਾਬ ਪਬਲਿਕ ਸਕੂਲ ਨੂੰ ਮਿਲਿਆ ਭਾਰਤ 'ਚੋਂ ਪੰਜਵਾਂ ਤੇ ਪੰਜਾਬ 'ਚੋਂ ਪਹਿਲਾ ਸਥਾਨ




**ਨਾਭਾ (ਵਰਿੰਦਰ ਵਰਮਾ)**-ਪੰਜਾਬ ਪਬਲਿਕ ਸਕੂਲ ਨੂੰ ਐਜੂਕੇਸ਼ਨ ਵਰਲਡ ਇੰਡੀਆ ਸਕੂਲ ਰੈਂਕਿੰਗਜ 2024-25 ਵਿੱਚ ਕੋ-ਐਡ ਬੋਰਡਿੰਗ ਸਕੂਲਾਂ ਦੀ ਸ਼੍ਰੇਣੀ ਵਿੱਚ ਪੂਰੇ ਭਾਰਤ ਵਿੱਚੋਂ 5ਵਾਂ ਤੇ ਪੰਜਾਬ ਵਿੱਚ ਨੰਬਰ ਇੱਕ ਦਾ ਦਰਜਾ ਦਿੱਤਾ ਗਿਆ ਹੈ। ਐਜੂਕੇਸ਼ਨ ਵਰਲਡ ਦੀ ਇਹ ਰੈਂਕਿੰਗ ਦੇਸ ਭਰ ਵਿੱਚ ਸਕੂਲੀ ਸਿੱਖਿਆ ਵਿੱਚ 8500 ਤੋਂ ਵੱਧ ਜਾਣਕਾਰ ਸਟਾਕ ਹੋਲਡਰਾਂ ਦੇ ਨਾਲ ਫੀਲਡ ਇੰਟਰਵਿਊ ਦੇ ਅਧਾਰ ਤੇ ਦੁਨੀਆ ਦਾ ਸਭ ਤੋਂ ਵੱਡਾ ਤੇ ਸਭ ਤੋਂ ਡੂੰਘਾਈ ਵਾਲਾ ਸਕੂਲ ਰੇਟਿੰਗ ਤੇ ਦਰਜਾਬੰਦੀ ਸਰਵੇਖਣ ਹੈ। ਐਜੂਕੇਸ਼ਨ ਵਰਲਡ ਦੀ ਰੈਂਕਿੰਗ ਦੇ ਮਾਪਦੰਡ ਸਨ। ਅਧਿਆਪਕ ਭਲਾਈ ਤੇ ਵਿਕਾਸ, ਅਧਿਆਪਕਾਂ ਦੀ ਯੋਗਤਾ, ਪਾਠਕ੍ਰਮ ਤੇ ਸਿੱਖਿਆ ਸ਼ਾਸ਼ਤਰ (ਹਾਈਬ੍ਰਿਡ ਸਿੱਖਣ ਦੀ ਤਿਆਰੀ), ਵਿਦਿਆਰਥੀਆਂ ਵੱਲ ਵਿਅਕਤੀਗਤ ਧਿਆਨ, ਅਕਾਦਮਿਕ ਪ੍ਰਤਿਸਠਾ, ਖੇਡ ਸਿੱਖਿਆ, ਸਹਿ-ਪਾਠਕ੍ਰਮ ਸਿੱਖਿਆ ਅਤੇ ਅੰਤਰ ਰਾਸ਼ਟਰੀਵਾਦ, ਲੀਡਰਸ਼ਿਪ/ਪ੍ਰਬੰਧਨ ਗੁਣਵੱਤਾ, ਮਾਪਿਆਂ ਦੀ ਸ਼ਮੂਲੀਅਤ, ਬੁਨਿਆਦੀ ਢਾਂਚਾ ਪ੍ਰਬੰਧ, ਵਿਸ਼ੇਸ਼ ਲੋੜਾਂ ਦੀ ਸਿੱਖਿਆ, ਪੈਸੇ ਦੀ ਕੀਮਤ, ਮਾਨਸਿਕ ਤੇ ਭਾਵਨਾਤਮਕ ਤੰਦਰੁਸਤੀ ਸੇਵਾਵਾਂ ਅਤੇ ਭਾਈਚਾਰਕ ਸੇਵਾ। ਹੈੱਡਮਾਸਟਰ ਡਾ. ਡੀਸੀ ਸ਼ਰਮਾ ਨੇ 18 ਅਕਤੂਬਰ ਨੂੰ ਗੁਰੂਗ੍ਰਾਮ ਦੇ ਲੀਲਾ ਐਂਬੀਏਂਸ ਵਿੱਚ ਹੋਏ ਇੱਕ ਸ਼ਾਨਦਾਰ ਸਮਾਗਮ ਵਿੱਚ ਇਹ ਪੁਰਸਕਾਰ ਪ੍ਰਾਪਤ ਕੀਤਾ। ਉਨ੍ਹਾਂ ਇਸ ਸ਼ਾਨਦਾਰ ਪ੍ਰਾਪਤੀ ਦਾ ਸਿਹਰਾ ਵਿਦਿਆਰਥੀਆਂ, ਮਾਪਿਆਂ, ਸਟਾਫ ਦੀ ਅਣਥੱਕ ਮਿਹਨਤ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਦਿੱਤੇ ਸਹਿਯੋਗ ਤੇ ਮਾਰਗ ਦਰਸ਼ਨ ਦੇ ਸਿਰ ਬੰਨ੍ਹਿਆ।

# ਵਿੱਛੜੇ ਸਾਥੀਆਂ ਦੀ ਯਾਦ 'ਚ ਸਮਾਗਮ ਕਰਵਾਇਆ





**ਰਾਜਪੁਰਾ (ਰਮੇਸ਼ ਕਟਾਰੀਆ)**

ਪੀ ਐਸ ਈ ਬੀ ਪੈਨਸ਼ਨਰ ਯੂਨੀਅਨ ਤੇ ਪੀ.ਐਸ.ਈ.ਬੀ. ਇੰਪਲਾਇਜ ਫੈਡਰੇਸ਼ਨ ਏਟਕ ਪੰਜਾਬ ਸਰਕਲ ਪਟਿਆਲਾ ਤੇ ਡਵੀਜ਼ਨ ਰਾਜਪੁਰਾ ਵੱਲੋਂ ਵਿੱਛੜੇ ਹੋਏ ਸਾਥੀਆਂ ਦੇ ਪਰਵਾਰਾਂ ਨੂੰ ਯਾਦ ਕਰਨ ਅਤੇ ਸਨਮਾਨ ਦੇਣ ਲਈ ਸਾਥੀ ਸਤਿਨਾਮ ਸਿੰਘ ਛਲੇੜੀ ਸਾਬਕਾ ਸੂਬਾ ਪ੍ਰਧਾਨ ਪੀ.ਐਸ.ਈ.ਬੀ. ਇੰਪਲਾਇਜ ਫੈਡਰੇਸ਼ਨ ਏਟਕ ਪੰਜਾਬ ਤੇ ਸਾਬਕਾ ਐਫੀ ਆਗੂ ਦੀ ਯਾਦ ਵਿੱਚ ਚੌਥਾ ਜਾਗ੍ਰਿਤੀ ਟਰੇਡ ਯੂਨੀਅਨ ਸਕੂਲ ਡਵੀਜ਼ਨ ਰਾਜਪੁਰਾ ਵਿੱਚ ਜਥੇਬੰਦੀ ਦੇ ਦਫਤਰ ਵਿਖੇ ਲਾਇਆ ਗਿਆ, ਇਸ ਸਕੂਲ ਨੂੰ ਸਫਲ ਬਣਾਉਣ ਲਈ ਸਾਥੀਆਂ ਵੱਲੋਂ ਅਣਥੱਕ ਮਿਹਨਤ ਕੀਤੀ ਗਈ।

ਸਕੂਲ ਦੀ ਕਾਰਵਾਈ ਸ਼ੁਰੂ ਕਰਦਿਆਂ ਜਥੇਬੰਦੀ ਦੇ ਆਗੂ ਸਾਥੀਆਂ ਵੱਲੋਂ ਝੰਡਾ ਲਹਿਰਾਇਆ ਗਿਆ ਤੇ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਰਾਜ ਗਾਇਕ ਸਾਥੀ ਰਾਮ ਰਤਨ ਵੱਲੋਂ ਇੱਕ ਧਾਰਮਿਕ ਗੀਤ ਗਾਇਆ ਗਿਆ।ਸਕੂਲ ਵਿੱਚ ਪਿਛਲੇ ਸਮੇਂ ਦੌਰਾਨ ਜਿਹੜੇ ਸਾਥੀ ਸਾਨੂੰ ਵਿਛੋੜਾ ਦੇ ਗਏ ਹਨ, ਉਨ੍ਹਾਂ ਦੇ ਪਰਵਾਰਾਂ ਨੂੰ ਬੁਲਾਇਆ ਗਿਆ ਤੇ ਜਥੇਬੰਦੀ ਦੇ ਆਗੂਆਂ ਵੱਲੋਂ ਵਿਛੜੇ ਆਗੂਆਂ ਸਾਥੀ ਜੀਤ ਸਿੰਘ ਸਮਾਣਾ, ਸਾਥੀ ਜੀਵਾ ਸਿੰਘ, ਸਾਥੀ ਪ੍ਰੇਮ ਸਿੰਘ, ਸਾਥੀ ਗੁਰਮੇਲ ਸਿੰਘ, ਸਾਥੀ ਸੁਭਾਸ਼ ਚੰਦ, ਸਾਥੀ ਸਤਨਾਮ ਸਿੰਘ ਦੇ ਪਰਿਵਾਰਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ।

ਪੀ.ਐਸ.ਈ.ਬੀ. ਇੰਪਲਾਇਜ ਫੈਡਰੇਸ਼ਨ ਏਟਕ ਦੇ ਆਗੂਆਂ ਵੱਲੋਂ ਮਹਿਕਮੇ ਵਿੱਚ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਵੱਲੋਂ ਵੱਖ-ਵੱਖ ਸੰਘਰਸ਼ਾਂ ਵਿੱਚ ਮੰਗੀਆਂ ਮੰਗਾਂ ਨੂੰ ਮੰਨ ਕੇ ਵੀ ਲਾਗੂ ਨਾ ਕਰਨ ਕਾਰਨ ਮੁਲਾਜ਼ਮਾਂ ਨੂੰ ਪੈ ਰਹੇ ਤਨਖਾਹ ਤੇ ਪੈਨਸ਼ਨਾਂ ਵਿੱਚ ਘਾਟੇ ਕਾਰਨ ਸੰਘਰਸ਼ ਨੂੰ ਇਸ ਸਕੂਲ ਵਿੱਚ ਦਿੱਤੀ ਸਿੱਖਿਆ ਅਨੁਸਾਰ ਲੜਕੇ ਜਿੱਤ ਪ੍ਰਾਪਤ ਕਰਨ ਬਾਰੇ ਕਿਹਾ ਗਿਆ।ਇਸ ਚੌਥੇ ਜਾਗ੍ਰਿਤੀ ਟਰੇਡ ਯੂਨੀਅਨ ਸਕੂਲ ਵਿੱਚ ਵਿੱਛੜੇ ਸਾਥੀਆਂ ਦੇ ਪਰਿਵਾਰਾਂ ਨੂੰ ਆਗੂਆਂ ਵੱਲੋਂ ਵਿਸ਼ੇਸ਼ ਸਨਮਾਨ ਦਿੰਦੇ ਹੋਏ ਸਾਥੀਆਂ ਵੱਲੋਂ ਆਪਣੇ ਜੀਵਨ ਵਿੱਚ ਕੀਤੀ ਸੇਵਾ ਨੂੰ ਯਾਦ ਕਰਕੇ ਬੀਤੇ ਪਲਾਂ ਨੂੰ ਯਾਦ ਕੀਤਾ ਗਿਆ।ਵਿੱਛੜੇ ਸਾਥੀਆਂ ਦੇ ਪਰਵਾਰਾਂ ਵੱਲੋਂ ਭਾਵੁਕ ਹੁੰਦੇ ਹੋਏ ਆਗੂਆਂ ਨੂੰ ਭਵਿੱਖ ਵਿੱਚ ਵੀ ਅਜਿਹੇ ਸਕੂਲ ਲਾਉਣਾ ਜਾਰੀ ਰੱਖਣ ਲਈ ਬੇਨਤੀ ਕੀਤੀ ਗਈ, ਕਿਉਂਕਿ ਅਜਿਹੇ ਉਪਰਾਲਿਆਂ ਸਦਕਾ ਹੀ ਪਰਵਾਰਾਂ ਨੇ ਮਹਿਸੂਸ ਕੀਤਾ ਕਿ ਹਾਲੇ ਵੀ ਜਥੇਬੰਦੀ ਉਨ੍ਹਾਂ ਦੇ ਆਪਣੇ ਵਿੱਛੜਨ ਤੋਂ ਬਾਅਦ ਵੀ ਜਥੇਬੰਦੀ ਉਨ੍ਹਾਂ ਨੂੰ ਨਹੀਂ ਭੁੱਲੀ ਹੈ ਅਤੇ ਹਮੇਸ਼ਾ ਜਥੇਬੰਦੀ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਨਾਲ ਖੜੀ ਰਹੀ ਹੈ।ਸਾਥੀ ਹਰਭਜਨ ਸਿੰਘ ਪਿਲਖਣੀ, ਸਾਥੀ ਨਰਿੰਦਰ ਸੈਣੀ ਏਟਕ ਆਗੂ, ਸਾਥੀ ਗੁਰਪ੍ਰੀਤ ਸਿੰਘ ਗੰਡੀਵਿੰਡ ਸੂਬਾ ਪ੍ਰਧਾਨ, ਸਾਥੀ ਸੁਰਿੰਦਰਪਾਲ ਲਹੌਰੀਆ ਜਨਰਲ ਸਕੱਤਰ ਪੰਜਾਬ, ਸਾਥੀ ਮਨਜੀਤ ਸਿੰਘ ਬਾਸਕੇ ਮੀਤ ਪ੍ਰਧਾਨ ਪੰਜਾਬ, ਸਾਥੀ ਰਛਪਾਲ ਸਿੰਘ ਪਾਲੀ ਡਿਪਟੀ ਜਨਰਲ ਸਕੱਤਰ ਪੰਜਾਬ, ਗੁਰਧਿਆਨ ਸਿੰਘ ਸਕੱਤਰ ਪੰਜਾਬ ਤੇ ਸਾਥੀ ਬਲਜੀਤ ਕੁਮਾਰ ਵਿੱਤ ਸਕੱਤਰ ਪੰਜਾਬ ਵੱਲੋਂ ਦੱਸਿਆ ਗਿਆ ਹੈ ਕਿ ਪੰਜਾਬ ਅਤੇ ਕੇਂਦਰ ਦੀ ਮਜ਼ਦੂਰ ਮੁਲਾਜ਼ਮ ਵਿਰੋਧੀ ਸਰਕਾਰਾਂ ਹਰ ਰੋਜ਼ ਨਵੇਂ ਨਵੇਂ ਕਾਲੇ ਕਾਨੂੰਨ ਲਿਆ ਕੇ ਆਮ ਲੋਕਾਂ ਤੇ ਬੇਲੋੜਾ ਬੋਝ ਪਾ ਕੇ ਉਨ੍ਹਾਂ ਦਾ ਸੋਸ਼ਣ ਕਰ ਰਹੀਆਂ ਹਨ, ਜਿਸ ਕਾਰਨ ਬੇਰੁਜ਼ਗਾਰੀ 'ਚ ਵਾਧਾ ਹੋ ਰਿਹਾ ਹੈ, ਇਨ੍ਹਾਂ ਮਾਰੂ ਨੀਤੀਆਂ ਦਾ ਵਿਰੋਧ ਕਰਨ ਦੀ ਲੋੜ ਹੈ, ਜਿਸ ਦਾ ਟਾਕਰਾ ਅਸੀਂ ਮਜ਼ਦੂਰ ਮੁਲਾਜ਼ਮ ਇਕੱਠੇ ਹੋ ਸਕੂਲ ਵਿੱਚ ਦਿੱਤੀ ਸੁਚੱਜੀ ਸਿੱਖਿਆ ਅਨੁਸਾਰ ਤਿੱਖਾ ਸੰਘਰਸ਼ ਕਰਕੇ ਆਪਣੀ ਜਾਇਜ਼ ਤੇ ਹੱਕੀ ਮੰਗਾਂ ਨੂੰ ਮੰਨਵਾ ਕੇ ਲਾਗੂ ਕਰਾਉਣ ਉਪਰੰਤ ਹੀ ਕਰ ਸਕਦੇ ਹਾਂ ਤੇ ਮਜ਼ਦੂਰ ਮੁਲਾਜ਼ਮਾਂ ਦੀ ਹੋਂਦ ਨੂੰ ਬਚਾ ਸਕਦੇ ਹਾਂ।

## ਮੈਂ ਸਰਗਰਮੀ ਨਾਲ ਕਿਸੇ ਵੀ ਸਿਆਸੀ ਪਾਰਟੀ ਦਾ 'ਹਿੱਸਾ' ਨਹੀਂ : ਗੋਲਡੀ ਖੰਗੂੜਾ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਧੂਰੀ ਦੀ ਸਿਆਸਤ ਵਿੱਚ ਅਕਸਰ ਹੀ ਸਰਗਰਮੀ ਨਾਲ ਕੰਮ ਕਰਨ ਵਾਲੇ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਨੇ ਟੀ.ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਬਰਨਾਲਾ ਜ਼ਿਮਨੀ ਚੋਣ 'ਚ ਉਨ੍ਹਾਂ ਦੀ ਉਮੀਦਵਾਰੀ ਨੂੰ ਮਹਿਜ਼ ਵਿਰੋਧੀਆਂ ਦੇ ਸ਼ਗੂਫ਼ੇ ਦੱਸਦਿਆਂ ਕਿਹਾ ਕਿ ਉਹ ਕਾਂਗਰਸ ਪਾਰਟੀ ਦੇ ਆਗੂਆਂ ਨਾਲ ਪੈਦਾ ਹੋਈ ਨਰਾਜ਼ਗੀ ਤੋਂ ਬਾਅਦ ਹੀ 'ਆਪ' ਵਿੱਚ ਸ਼ਾਮਲ ਹੋਏ ਸਨ ਤੇ 'ਆਪ' ਵਿੱਚ ਸ਼ਾਮਲ ਹੋਣ ਵੇਲੇ ਉਨ੍ਹਾਂ ਦੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਕੋਈ ਵੀ ਸੌਦੇਬਾਜ਼ੀ ਨਹੀਂ ਹੋਈ, ਕਿਉਂਕਿ ਉਹ ਵਿਦਿਆਰਥੀ ਰਾਜਨੀਤੀ ਦੀ ਉਪਜ ਹਨ ਤੇ ਵਿਦਿਆਰਥੀ ਰਾਜਨੀਤੀ ਤੋਂ ਹੀ ਸਿਆਸੀ ਗੁੜ੍ਹਤੀ ਲੈ ਕੇ ਧੂਰੀ ਦੇ ਲੋਕਾਂ ਦੀ ਸੇਵਾ ਵਿੱਚ ਜੁਟੇ ਹੋਏ ਹਨ।ਦੱਸਣਯੋਗ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਤੋਂ ਲੋਕ ਸਭਾ ਹਲਕਾ ਸੰਗਰੂਰ ਤੋਂ ਟਿਕਟ ਨਾ ਮਿਲਣ ਤੋਂ ਨਰਾਜ਼ ਹੋਏ ਗੋਲਡੀ ਖੰਗੂੜਾ ਨੇ ਕਾਂਗਰਸ ਪਾਰਟੀ ਨੂੰ ਸਿਆਸੀ ਤਲਾਕ ਦੇ ਕੇ ਆਪਣੇ ਮੁਕਾਬਲੇ ਚੋਣ ਲੜਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਬਰਨਾਲਾ ਜ਼ਿਮਨੀ ਚੋਣ ਲਈ 'ਆਪ' ਤੋਂ ਕਦੇ ਵੀ ਕੋਈ ਟਿਕਟ ਨਹੀਂ ਮੰਗੀ ਤੇ ਨਾ ਹੀ ਆਪਣੀ ਉਮੀਦਵਾਰੀ ਪੇਸ਼ ਕੀਤੀ ਹੈ, ਕਿਉਂਕਿ ਬਰਨਾਲਾ ਤੋਂ ਟਿਕਟਾਂ ਦੇ ਇਛੁੱਕ ਨੌਜਵਾਨਾਂ ਦਾ ਹੱਕ ਬਣਦਾ ਹੈ ਤੇ ਉਹ ਕਿਸੇ ਦਾ ਹੱਕ ਮਾਰ ਕੇ ਕੁੱਝ ਲੈਣਾ ਨਹੀਂ ਚਾਹੁੰਦੇ।ਉਨ੍ਹਾਂ ਕਿਹਾ ਕਿ ਉਹ ਲੋਕ ਸਭਾ ਚੋਣਾਂ ਤੋਂ ਬਾਅਦ ਕਿਸੇ ਵੀ ਸਿਆਸੀ ਸਰਗਰਮੀ ਵਿੱਚ ਹਿੱਸਾ ਨਹੀਂ ਲੈ ਰਹੇ, ਸਗੋਂ 6 ਮਹੀਨਿਆਂ ਤੋਂ ਆਪਣੇ ਘਰ ਹੀ ਬੈਠੇ ਹਨ।ਉਨ੍ਹਾਂ ਸਰਗਰਮੀ ਨਾਲ ਕਿਸੇ ਵੀ ਸਿਆਸੀ ਪਾਰਟੀ ਦਾ 'ਹਿੱਸਾ' ਨਾ ਹੋਣ ਦਾ ਐਲਾਨ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ ਲੋਕ ਜਿੱਥੇ ਉਹ ਜੰਮੇ ਤੇ ਜਿੱਥੇ ਉਨ੍ਹਾਂ ਨੇ ਮਰਨਾ ਹੈ, ਨੇ ਉਨ੍ਹਾਂ ਨੂੰ ਸਾਲ 2017 ਵਿੱਚ ਉਨ੍ਹਾਂ ਦਾ ਤਾਬੇਦਾਰ ਬਣਾ ਕੇ ਵਿਧਾਨ ਸਭਾ ਭੇਜਿਆ ਸੀ, ਦੀ ਸਲਾਹ ਨਾਲ ਵੀ ਚੱਲਣਗੇ ਅਤੇ ਹਲਕੇ ਦੇ ਲੋਕਾਂ ਦੇ ਮੁਤਾਬਕ ਹੀ 2027 ਦੀ ਜਿਮਨੀ ਚੋਣ ਲੜਣਗੇ।

## ਪੰਜਾਬ ਸਰਕਾਰ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਪੂਰੀ ਤਰ੍ਹਾਂ ਵਚਨਬੱਧ : ਅਮਨ ਅਰੋੜਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਸਿੰਘ)**-ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਸੁਨਾਮ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਲੌਂਗੋਵਾਲ ਵਿਖੇ ਮੈਗਾ ਪੀ.ਟੀ.ਐਮ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਬੱਚੇ ਕਿਸੇ ਵੀ ਦੇਸ਼ ਤੇ ਸਮਾਜ ਦਾ ਸਭ ਤੋਂ ਕੀਮਤੀ ਸਰਮਾਇਆ ਹੁੰਦੇ ਹਨ, ਜਿਨ੍ਹਾਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਾਉਣਾ ਸਾਡਾ ਫ਼ਰਜ਼ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਸਦਕਾ ਸੂਬੇ ਵਿੱਚ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਆਈਆਂ ਹਨ ਤੇ ਅਸੀਂ ਇਹਨਾਂ ਦੋਵਾਂ ਹੀ ਖੇਤਰਾਂ ਵਿੱਚ ਵਿਆਪਕ ਲੋਕ ਹਿੱਤਾਂ ਨੂੰ ਪੂਰਾ ਕਰਨ ਲਈ ਪਿਛਲੇ ਢਾਈ ਸਾਲਾਂ ਤੋਂ ਅਣਥੱਕ ਉਪਰਾਲੇ ਕਰਨ ਵਿੱਚ ਜੁਟੇ ਹੋਏ ਹਾਂ।ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮਾਪਿਆਂ ਤੇ ਅਧਿਆਪਕਾਂ ਦੀ ਇਹ ਨਿਯਮਤ ਮਿਲਣੀ ਪ੍ਰਕਿਰਿਆ ਸਿੱਖਿਆ ਦੇ ਸਿਸਟਮ ਵਿੱਚ ਹੋਰ ਸੁਧਾਰ ਲਿਆਉਣ 'ਚ ਲਾਹੇਵੰਦ ਸਾਬਤ ਹੋ ਰਹੀ ਹੈ।ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਪੱਧਰ ਨੂੰ ਵਿਸ਼ਵ ਪੱਧਰ ਦੀਆਂ ਵਿਦਿਅਕ ਸੁਵਿਧਾਵਾਂ ਦੇ ਹਾਣ ਦਾ ਬਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿਛਲੇ ਸਮਿਆਂ ਦੀਆਂ ਸਰਕਾਰਾਂ ਨੇ ਲੋਕ ਹਿੱਤਾਂ ਨਾਲ ਜੁੜੇ ਹੋਏ ਮਸਲਿਆਂ ਨੂੰ ਅਣਗੌਲਿਆ ਕੀਤਾ, ਜਦਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਆਰੰਭ ਤੋਂ ਹੀ ਅਜਿਹੇ ਲੋਕ ਪੱਖੀ ਉਪਰਾਲਿਆਂ ਨੂੰ ਸਫ਼ਲਤਾ ਨਾਲ ਲਾਗੂ ਕਰ ਦਿਖਾਇਆ ਹੈ, ਜਿਸ ਨਾਲ ਹਰ ਵਰਗ ਨੂੰ ਲਾਭ ਪਹੁੰਚ ਰਿਹਾ ਹੈ।

## ਮਾਧੋ ਸਿੰਘਾਣਾ 'ਚ ਲੱਗਾ ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਕੈਂਪ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਡਿਪਟੀ ਕਮਿਸ਼ਨਰ ਸ਼ਾਂਤਨੂੰ ਸ਼ਰਮਾ ਦੀਆਂ ਹਦਾਇਤਾਂ ਤੇ ਤਹਿਸੀਲਦਾਰ ਭਵਨੇਸ਼ ਕੁਮਾਰ ਨੇ ਪਿੰਡ ਮਾਧੋ ਸਿੰਘਾਣਾ ਅਤੇ ਮੰਗਲਾ ਵਿਖੇ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਕੈਂਪ ਲਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦੀ ਬਜਾਏ ਇਸ ਦਾ ਪ੍ਰਬੰਧਨ ਕਰਕੇ ਕਿਸਾਨ ਨਾ ਸਿਰਫ਼ ਆਮਦਨ ਵਿਚ ਵਾਧਾ ਕਰ ਸਕਦੇ ਹਨ, ਸਗੋਂ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਵਧਾ ਸਕਦੇ ਹਨ।ਇਸ ਦੇ ਲਈ ਸੂਬਾ ਸਰਕਾਰ ਵੱਲੋਂ ਵੀ ਗਰਾਂਟ ਦੇ ਰੂਪ ਵਿੱਚ ਸਹਿਯੋਗ ਦਿੱਤਾ ਜਾ ਰਿਹਾ ਹੈ।ਤਹਿਸੀਲਦਾਰ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਨਾ ਸਿਰਫ਼ ਵਾਤਾਵਰਨ ਨੂੰ ਨੁਕਸਾਨ ਹੁੰਦਾ ਹੈ, ਸਗੋਂ ਕਈ ਮਿੱਤਰ ਕੀੜੇ ਵੀ ਪ੍ਰਭਾਵਤ ਹੁੰਦੇ ਹਨ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ।ਇਸ ਤੋਂ ਇਲਾਵਾ ਪਰਾਲੀ ਸਾੜਨ ਤੋਂ ਨਿਕਲਣ ਵਾਲਾ ਧੂੰਆਂ ਸਿਹਤ ਲਈ ਬਹੁਤ ਖਤਰਨਾਕ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਰਾਲੀ ਦੇ ਪ੍ਰਬੰਧਨ ਲਈ ਕਈ ਸਕੀਮਾਂ ਚਲਾਈਆਂ ਗਈਆਂ ਹਨ, ਜਿਸ ਦਾ ਲਾਭ ਲੈ ਕੇ ਕਿਸਾਨ ਆਪਣੀ ਪਰਾਲੀ ਦਾ ਪ੍ਰਬੰਧਨ ਕਰ ਸਕਦੇ ਹਨ।ਇਸ ਮੌਕੇ ਬਲਾਕ ਖੇਤੀਬਾੜੀ ਅਫ਼ਸਰ ਅਤੇ ਖੇਤੀਬਾੜੀ ਸੁਪਰਵਾਈਜ਼ਰ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਹਾਜ਼ਰ ਸਨ।

## ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੀ ਮੀਟਿੰਗ ਹੋਈ



**ਬਾਘਾਪੁਰਾਣਾ (ਮਨੀ ਸਿੰਗਲਾ)**

ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਬਲਾਕ ਪੱਧਰੀ ਹੰਗਾਮੀ ਮੀਟਿੰਗ ਮੇਜਰ ਸਿੰਘ ਘੋਲੀਆ ਖੁਰਦ ਕਾਰਜਕਾਰੀ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਹਰਗੋਬਿੰਦਸਰ ਸਾਹਿਬ ਪਾਤਸ਼ਾਹੀ ਛੇਵੀਂ (ਸੰਤ ਗੁਰਮੇਲ ਸਿੰਘ ਲੋਪੋ ਵਾਲੇ) ਵਿਖੇ ਹੋਈ।ਮੀਟਿੰਗ ਦੀ ਪ੍ਰਧਾਨਗੀ ਚਰਨਪ੍ਰੀਤ ਸਿੰਘ ਬਾਘਾ ਪੁਰਾਣਾ, ਨਿਰਮਲ ਸਿੰਘ ਘੋਲੀਆ ਤੇ ਰਾਜਾ ਸਿੰਘ ਮਾਣੂੰਕੇ ਨੇ ਕੀਤੀ।

ਮੀਟਿੰਗ ਦਾ ਵਿਸ਼ਾ ਨਿਹਾਲ ਸਿੰਘ ਵਾਲਾ ਮੰਡੀ ਵਿੱਚ ਬੀਜਾਂ ਵਾਲੀ ਦੁਕਾਨ +ਤੇ ਭਲੂਰ ਦੇ ਕੁਝ ਵਿਅਕਤੀਆਂ ਸਮੇਤ ਜੋ ਹੰਗਾਮਾ ਕੀਤਾ ਗਿਆ, ਉਸ ਦੀ ਘੋਰ ਨਿੰਦਿਆ ਕੀਤੀ ਗਈ, ਕਿਉਂਕਿ ਕੁੱਝ ਵਿਅਕਤੀਆਂ ਨੇ ਸ਼ਹਿਰ ਦੇ ਮੋਹਤਬਰ ਵਿਅਕਤੀਆਂ ਉੱਪਰ ਹਮਲਾ ਕਰ ਦਿੱਤਾ।ਪ੍ਰਧਾਨ ਮੇਜਰ ਸਿੰਘ ਨੇ ਦੱਸਿਆ ਕਿ ਕੁਝ ਆਪ ਬਣੇ ਪ੍ਰਧਾਨ ਤੇ ਆਪਣੇ ਆਪ ਨੂੰ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਅਹੁਦੇਦਾਰ ਦੱਸ ਕੇ ਪ੍ਰੈਸ ਤੇ ਹੋਰ ਪਬਲਿਕ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ।

ਕੁੱਝ ਵਿਅਕਤੀ ਜਥੇਬੰਦੀ ਦਾ ਨਾਂਅ ਲੈ ਕੇ ਯੂਨੀਅਨ ਦਾ ਅਕਸ ਖਰਾਬ ਕਰ ਰਹੇ ਹਨ, ਜਿਸ ਕਰਕੇ ਜਥੇਬੰਦੀ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ, ਜੋ ਅਤਿ ਨਿੰਦਣਯੋਗ ਹੈ।

## ਝੋਨੇ ਦੀ ਖਰੀਦ ਨਾ ਹੋਣ ਕਾਰਨ ਮੰਡੀਆਂ 'ਚ ਹਾਹਾਕਾਰ : ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸੂਬੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਫ਼ਸਲ ਦੀ ਖਰੀਦ 1 ਅਕਤੂਬਰ ਤੋਂ ਸ਼ੁਰੂ ਹੋ ਚੁੱਕੀ ਹੈ, ਪ੍ਰੰਤੂ ਸੂਬੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਨਾ ਹੋਣ ਕਰਕੇ ਮੰਡੀਆਂ ਵਿੱਚ ਹਾਹਾਕਾਰ ਹੋਈ ਪਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪਿੰਡ ਖੱਪਿਆਂਵਾਲ਼ੀ ਦੇ ਫੋਕਲ ਪੁਆਇੰਟ ਵਿਖੇ ਕਿਸਾਨਾਂ ਨਾਲ ਮਿਲ ਕੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਸਮੇਂ ਕੀਤਾ।

ਉਨ੍ਹਾਂ ਕਿਹਾ ਕਿ 1 ਅਕਤੂਬਰ ਦੀ ਸਰਕਾਰ ਦੇ ਕਾਗ਼ਜ਼ਾਂ ਵਿੱਚ ਖਰੀਦ ਸ਼ੁਰੂ ਹੋ ਚੁੱਕੀ ਹੈ, ਪਰ ਖਰੀਦ ਸੁਚੱਜੇ ਢੰਗ ਨਾਲ ਸ਼ੁਰੂ ਨਹੀਂ ਕੀਤੀ ਗਈ ਤੇ ਮੰਡੀਆਂ ਵਿੱਚ ਝੋਨਾ ਰੱਖਣ ਨੂੰ ਜਗ੍ਹਾ ਹੀ ਨਹੀਂ ਹੈ।ਹਨੀ ਫੱਤਣਵਾਲਾ ਨੇ ਮੌਕੇ ਦੇ ਸਰਕਾਰੀ ਅਧਿਕਾਰੀ ਜਗਤਾਰ ਸਿੰਘ ਇੰਸਪੈਕਟਰ ਮਾਰਕਫੈੱਡ ਨੂੰ ਪੁੱਛਿਆ ਕਿ ਹੁਣ ਤੱਕ ਖੱਪਿਆਂਵਾਲ਼ੀ ਮੰਡੀ 'ਚ ਕਿੰਨੀ ਖਰੀਦ ਹੋ ਚੁੱਕੀ ਹੈ ਤਾਂ ਉਨ੍ਹਾਂ ਦੱਸਿਆ ਕਿ ਤਕਰੀਬਨ 10000 ਗੱਟੇ ਦੀ 20 ਦਿਨ 'ਚ ਖਰੀਦ ਹੋਈ ਹੈ ਤੇ ਲਿਫਟਿੰਗ ਹਲੇ ਤੱਕ ਹੋਈ ਨਹੀਂ ਹੈ।ਹਨੀ ਫੱਤਣਵਾਲਾ ਨੇ ਕਿਹਾ ਕਿ ਇਹ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ, ਜਿਸਦੇ ਚੱਲਦਿਆਂ ਪੰਜਾਬ ਦੀਆਂ ਮੰਡੀਆਂ ਝੋਨੇ ਦੀ ਫ਼ਸਲ ਨਾਲ ਭਰੀਆ ਪਈਆਂ ਹਨ ਤੇ ਇਨ੍ਹਾਂ ਕੋਲ ਰੱਖਣ ਲਈ ਜਗ੍ਹਾ ਹੈ ਨਹੀਂ, ਜਿਸ ਕਰਕੇ ਜੋ ਝੋਨਾ ਮੰਡੀਆਂ ਵਿੱਚ ਗੱਟਿਆਂ ਵਿੱਚ ਭਰਿਆ ਜਾ ਚੁੱਕਿਆ ਹੈ, ਉਸ ਨੂੰ ਰੱਖਣ ਲਈ ਸਰਕਾਰ ਕੋਲ ਜਗ੍ਹਾ ਨਹੀਂ ਹੈ।ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ 10 ਦਿਨ ਤੋਂ ਵੀ ਜ਼ਿਆਦਾ ਦਿਨ ਮੰਡੀ ਵਿੱਚ ਆਪਣੀ ਫ਼ਸਲ ਲੈ ਕੇ ਬੈਠਿਆਂ ਨੂੰ ਹੋ ਗਏ ਹਨ, ਪਰ ਕੋਈ ਸੁਣਵਾਈ ਨਹੀਂ ਹੋ ਰਹੀ।

## ਕਿਸਾਨ, ਗੱਲਾ ਮਜ਼ਦੂਰ, ਆੜ੍ਹਤੀਏ ਤੇ ਸ਼ੈਲਰ ਮਾਲਕ ਚਾਰਪਾਈ ਦੇ ਚਾਰ ਪਾਵੇ : ਬਾਂਕਾ



**ਜਗਰਾਉਂ (ਅਮਿਤ ਖੰਨਾ)**

ਪੰਜਾਬ ਸਰਕਾਰ ਦੇ ਭਰੋਸੇ ਦੇ ਬਾਵਜੂਦ ਤਿੰਨ ਦਿਨ ਬੀਤਣ 'ਤੇ ਵੀ ਅਨਾਜ ਮੰਡੀਆਂ ਚ ਝੋਨੇ ਦੀ ਖਰੀਦ ਤੇ ਮਾਲ ਦੀ ਚੁਕਾਈ 'ਚ ਕੋਈ ਫ਼ਰਕ ਨਹੀਂ ਪਿਆ। ਖਰੀਦ ਏਜੰਸੀਆਂ ਵੱਲੋਂ ਤੀਜੇ ਦਿਨ ਵੀ ਭਾਅ ਨਾ ਲੱਗਣ ਕਾਰਨ ਤੇ ਲਿਫਟਿੰਗ ਨਾ ਹੋਣ ਕਾਰਨ ਅੱਕੇ ਗੱਲਾਂ ਮਜ਼ਦੂਰਾਂ ਨੇ ਮੰਡੀ 'ਚ ਸਮੁੱਚਾ ਕੰਮਕਾਜ ਠੱਪ ਕਰਕੇ ਮਾਰਕੀਟ ਕਮੇਟੀ ਦਫਤਰ ਮੂਹਰੇ ਵਿਸ਼ਾਲ ਧਰਨਾ ਦਿੱਤਾ। ਧਰਨੇ ਦੀ ਹਮਾਇਤ 'ਚ ਪਹੁੰਚੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਵਰਕਰਾਂ ਨੇ ਵੀ ਇਸ ਰੋਸ ਪ੍ਰਗਟਾਵੇ ਵਿੱਚ ਭਾਗ ਲਿਆ। ਇਲਾਕੇ ਦੀਆਂ ਵੱਖ-ਵੱਖ ਮੰਡੀਆਂ ਦਾ ਦੌਰਾ ਕਰਦਿਆਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਬੇਹੱਦ ਨਾਲਾਇਕ ਤੇ ਕੱਚੀ ਸਾਬਤ ਹੋਈ ਭਗਵੰਤ ਮਾਨ ਸਰਕਾਰ ਨੂੰ ਦੋ ਦਿਨ ਮੰਗਣ ਤੇ ਝੋਨੇ ਦੀ ਖਰੀਦ ਤੇ ਲਿਫਟਿੰਗ ਚਾਲੂ ਕਰਾਉਣ ਲਈ ਚਾਰ ਦਿਨ ਦਿੱਤੇ ਸਨ, ਪਰ ਤਿੰਨ ਦਿਨ ਲੰਘਣ ਤੇ ਵੀ ਕੋਈ ਸਿਫ਼ਤੀ ਫ਼ਰਕ ਨਹੀਂ ਪਿਆ, ਸਗੋਂ ਹਾਲਤ ਹੋਰ ਮਾੜੀ ਬਣੀ ਹੈ। ਬ੍ਰਾਂਚ ਮੰਡੀਆਂ 'ਚ ਤਾਂ ਖਰੀਦ ਦਾ ਨਾਂਅ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ 23 ਅਕਤੂਬਰ ਸ਼ਾਮ ਤੱਕ ਲਿਫਟਿੰਗ ਦਾ ਕੰਮ ਸ਼ੁਰੂ ਨਾ ਹੋਣ 'ਤੇ 24 ਅਕਤੂਬਰ ਨੂੰ ਪੰਜਾਬ ਭਰ 'ਚ ਇੱਕ ਵੇਰ ਫਿਰ ਸੜਕਾਂ ਜਾਮ ਕੀਤੀਆਂ ਜਾਣਗੀਆਂ। ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਘਨਈਆ ਗੁਪਤਾ ਬਾਂਕਾ ਨੇ ਕਿਹਾ ਕਿ ਝੋਨੇ ਦੀ ਖੇਤੀ ਕਰਨ ਵਾਲੇ ਕਿਸਾਨ, ਮੰਡੀਆਂ ਵਿੱਚ ਝੋਨੇ ਦੀ ਆਮਦ ਵੇਲੇ ਹੱਡ ਤੋੜ ਮਿਹਨਤ ਕਰਨ ਵਾਲੇ ਗੱਲਾਂ ਮਜ਼ਦੂਰਾਂ ਤੋਂ ਇਲਾਵਾ ਆੜ੍ਹਤੀਏ ਤੇ ਸ਼ੈਲਰ ਮਾਲਕ ਮੰਜੇ ਦੇ ਚਾਰ ਪਾਵਿਆਂ ਵਾਂਗ ਹਨ। ਜੇਕਰ ਇੱਕ ਪਾਵੇ ਨੂੰ ਸਿਉਂਕ ਲੱਗ ਜਾਵੇ ਤਾਂ ਮੰਜਾ ਹੇਠਾਂ ਡਿੱਗ ਪਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਸ਼ੈਲਰ ਮਾਲਕਾਂ ਨੂੰ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਕਾਫੀ ਘਾਟਾ ਚੁੱਕਣਾ ਪਿਆ ਹੈ। ਇਸ ਸਾਲ ਵੀ ਸਰਕਾਰ ਵੱਲੋਂ ਸ਼ੈਲਰਾਂ 'ਚ ਰੱਖਿਆ ਚਾਵਲ ਚੁੱਕੇ ਨਾ ਜਾਣ ਕਾਰਨ ਸ਼ੈਲਰ ਮਾਲਕਾਂ ਕੋਲ ਸਟੋਰੇਜ ਦੀ ਕਮੀ ਹੈ, ਜਿਸ ਕਾਰਨ ਉਨ੍ਹਾਂ ਵੱਲੋਂ ਝੋਨਾ ਸਟੋਰ ਕਰਨ ਤੋਂ ਇਨਕਾਰ ਕੀਤੀ ਜਾ ਰਹੀ ਹੈ।

## ਸਰਕਾਰੀ ਪ੍ਰਾਇਮਰੀ ਸਕੂਲ ਲਾਲਚੀਆਂ ਦੀ ਮੈਗਾ ਮਾਪੇ-ਅਧਿਆਪਕ ਮੀਟਿੰਗ 'ਚ ਇਕੱਤਰਤਾ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**

ਸਿੱਖਿਆ ਵਿਭਾਗ ਦੇ ਸੱਦੇ 'ਤੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਲਾਲਚੀਆਂ, ਬਲਾਕ ਗੁਰੂਹਰਸਹਾਏ-2, ਫ਼ਿਰੋਜ਼ਪੁਰ, ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਤੇ ਅਕਾਦਮਿਕ ਵਾਧੇ 'ਤੇ ਧਿਆਨ ਕੇਂਦਰਿਤ ਕਰਦੀ ਬਹੁਤ ਹੀ ਸਫ਼ਲ ਮੈਗਾ ਪੇਰੈਂਟਸ-ਟੀਚਰ ਮੀਟਿੰਗ ਆਯੋਜਤ ਕੀਤੀ ਗਈ।ਸਮਾਗਮ ਦਾ ਆਯੋਜਨ ਡੀਈਓ ਪ੍ਰਾਇਮਰੀ ਮੈਡਮ ਸੁਨੀਤਾ ਅਰੋੜਾ, ਡਿਪਟੀ ਡੀਈਓ ਕੋਮਲ ਅਰੋੜਾ, ਬੀਪੀਈਓ ਸੁਰਿੰਦਰਪਾਲ ਸਿੰਘ, ਸੀਐਚਟੀ ਮੈਡਮ ਮਨਪ੍ਰੀਤ ਕੌਰ ਦੀ ਅਗਵਾਈ ਵਿੱਚ ਸਕੂਲ ਹੈੱਡ ਮੈਡਮ ਮਨਜੀਤ ਕੌਰ ਸੋਢੀ ਤੇ ਸਮਰਪਿਤ ਅਧਿਆਪਕ ਦੇ ਉਤਸ਼ਾਹੀ ਸਕੂਲ ਵਿੱਚ ਆਯੋਜਨ ਕੀਤਾ ਗਿਆ। ਮਾਪਿਆਂ ਨੂੰ ਆਪਣੇ ਬੱਚਿਆਂ ਦੀ ਅਕਾਦਮਿਕ ਤਰੱਕੀ, ਪ੍ਰਾਪਤੀਆਂ ਤੇ ਹੋਰ ਸੁਧਾਰ ਲਈ ਖੇਤਰਾਂ ਬਾਰੇ ਅਧਿਆਪਕਾਂ ਨਾਲ ਸਾਰਥਕ ਚਰਚਾ ਕਰਨ ਦਾ ਇੱਕ ਵਧੀਆ ਮੌਕਾ ਪ੍ਰਦਾਨ ਕੀਤਾ।ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਪਰਸਨ, ਮੈਡਮ ਲਵਪ੍ਰੀਤ ਕੌਰ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ, ਵਿਦਿਅਕ ਤਜਰਬੇ ਨੂੰ ਵਧਾਉਣ ਲਈ ਕਮਿਊਨਿਟੀ ਦੀ ਸ਼ਮੂਲੀਅਤ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ।

ਅਧਿਆਪਕ ਸਾਹਿਲ ਅਰੋੜਾ ਤੇ ਮੈਡਮ ਸਵਿੰਦਰ ਕੌਰ ਸਮੇਤ ਸਕੂਲ ਸਟਾਫ਼ ਦੇ ਵਚਨਬੱਧ ਯਤਨਾਂ ਦੀ ਇਸ ਸਮਾਗਮ ਨੂੰ ਸੁਚਾਰੂ ਤੇ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਲਈ ਬਹੁਤ ਸ਼ਲਾਘਾ ਕੀਤੀ ਗਈ।ਹਰੇਕ ਵਿਦਿਆਰਥੀ ਦੀ ਅਕਾਦਮਿਕ ਕਾਰਗੁਜ਼ਾਰੀ ਬਾਰੇ ਵਿਸਤ੍ਰਿਤ ਰਿਪੋਰਟਾਂ ਮਾਪਿਆਂ ਨਾਲ ਸਾਂਝੀਆਂ ਕੀਤੀਆਂ ਗਈਆਂ ਸਨ। ਉਨ੍ਹਾਂ ਦੇ ਚੱਲ ਰਹੇ ਸੁਧਾਰ ਤੇ ਵਿਕਾਸ ਲਈ ਵਿਅਕਤੀਗਤ ਯੋਜਨਾਵਾਂ ਵੀ ਸਾਂਝੀਆਂ ਕੀਤੀਆਂ।ਮੈਗਾ ਮਾਤਾ-ਪਿਤਾ-ਅਧਿਆਪਕ ਮੀਟਿੰਗ ਇੱਕ ਸਕਾਰਾਤਮਕ ਨੋਟ 'ਤੇ ਸਮਾਪਤ ਹੋਈ, ਜਿਸ ਵਿੱਚ ਮਾਪਿਆਂ ਤੇ ਅਧਿਆਪਕਾਂ ਦੋਵਾਂ ਨੇ ਵਿਦਿਆਰਥੀਆਂ ਦੇ ਵਧੀਆ ਵਿਕਾਸ ਲਈ ਨੇੜਿਓਂ ਕੰਮ ਕਰਨ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

## ਕਿਸਾਨਾਂ ਲਈ ਪ੍ਰੇਰਣਾਸ੍ਰੋਤ ਬਣੇ ਸਹਿਜੜਾ ਦੇ ਕਿਸਾਨ

### ਪਰਾਲੀ ਦੀਆਂ ਗੰਢਾਂ ਬਣਾ ਕੇ ਕਰਦੇ ਹਨ ਨਿਬੇੜਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਸਹਿਜੜਾ (ਬਰਨਾਲਾ) ਦੇ ਕਿਸਾਨ ਮੱਘਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਸਹਿਜੜਾ ਨੇ ਦੱਸਿਆ ਕਿ ਉਹ ਕਰੀਬ 40 ਏਕੜ ਦੀ ਖੇਤੀ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ 25 ਏਕੜ ਉਨ੍ਹਾਂ ਦੀ ਆਪਣੀ ਮਲਕੀਅਤ ਵਾਲੀ ਤੇ 15 ਏਕੜ ਠੇਕੇ 'ਤੇ ਲੈਂਦੇ ਹਨ।ਉਹ ਕਣਕ, ਝੋਨੇ ਤੋਂ ਇਲਾਵਾ ਆਲੂ ਤੇ ਮੱਕੀ ਲਾਉਂਦੇ ਹਨ।ਕਿਸਾਨ ਮੱਘਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ 2 ਸਾਲਾਂ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਾਈ ਤੇ ਉਹ ਪਰਾਲੀ ਦੀਆਂ ਗੱਠਾਂ ਬਣਾ ਕੇ ਇਸ ਦਾ ਨਿਬੇੜਾ ਕਰਦੇ ਆ ਰਹੇ ਹਨ, ਉਹ ਸੁਪਰ ਸੀਡਰ ਦੀ ਵਰਤੋਂ ਨਾਲ ਕਣਕ ਦੀ ਸਿੱਧੀ ਬਿਜਾਈ ਕਰਦੇ ਹਨ।ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ ਸੁਪਰ ਸੀਡਰ ਤੇ ਰੋਟਾਵੇਟਰ ਸਬਸਿਡੀ ਵਾਲੇ ਸੰਦ ਹਨ, ਜਿਨ੍ਹਾਂ ਦੀ ਵਰਤੋਂ ਉਹ ਪਰਾਲੀ ਪ੍ਰਬੰਧਨ ਲਈ ਕਰਦੇ ਹਨ।

ਉਨ੍ਹਾਂ ਸਮੂਹ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਨਾ ਲਾਉਣ, ਕਿਉਂਕਿ ਇਸ ਨਾਲ ਜਿੱਥੇ ਵਾਤਾਵਰਨ ਦੂਸ਼ਿਤ ਹੁੰਦਾ ਹੈ, ਉਥੇ ਮਨੁੱਖੀ ਸਿਹਤ, ਪਸ਼ੂ-ਪੰਛੀਆਂ, ਜ਼ਮੀਨ ਦੇ ਮਿੱਤਰ ਕੀੜਿਆਂ ਦਾ ਵੀ ਨੁਕਸਾਨ ਹੁੰਦਾ ਹੈ।ਇਸੇ ਤਰ੍ਹਾਂ ਸਹਿਜੜਾ ਦੇ ਹੋਰ ਕਿਸਾਨ ਯਾਦਵਿੰਦਰ ਸਿੰਘ ਪੁੱਤਰ ਮੇਘ ਸਿੰਘ ਨੇ ਦੱਸਿਆ ਕਿ ਉਹ 30 ਏਕੜ ਦੀ ਖੇਤੀ ਕਰਦੇ ਹਨ ਤੇ ਪਿਛਲੇ 5 ਸਾਲਾਂ ਤੋਂ ਪਰਾਲੀ ਨੂੰ ਅੱਗ ਨਹੀਂ ਲਾਈ।ਉਨ੍ਹਾਂ ਦੱਸਿਆ ਕਿ ਉਹ ਪਰਾਲੀ ਦੀਆਂ ਗੰਢਾਂ ਬਣਾ ਕੇ ਇਸ ਦਾ ਨਿਬੇੜਾ ਕਰਦੇ ਹਨ।ਉਨ੍ਹਾਂ ਦੇ ਚਚੇਰੇ ਭਰਾ ਸੁਖਬੀਰ ਸਿੰਘ ਵੀ ਕਰੀਬ 30 ਏਕੜ ਵਿਚ ਪਰਾਲੀ ਦਾ ਇਸੇ ਤਰ੍ਹਾਂ ਨਿਬੇੜਾ ਕਰਦੇ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿੰਡ ਵਿੱਚ ਵੱਡੀ ਗਿਣਤੀ ਅਗਾਂਹਵਧੂ ਕਿਸਾਨ ਹਨ, ਜੋ ਪਰਾਲੀ ਨੂੰ ਅੱਗ ਨਹੀਂ ਲਾਉਂਦੇ।ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਪਿੰਡ ਸਹਿਜੜਾ ਦੇ ਕਿਸਾਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵਿਆਪਕ ਪੱਧਰ 'ਤੇ ਪਰਾਲੀ ਪ੍ਰਬੰਧਨ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਵੱਖ-ਵੱਖ ਅਧਿਕਾਰੀਆਂ ਵਲੋਂ ਪਿੰਡਾਂ ਵਿਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

## ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ ਲਾਈਫ਼ ਸਕਿੱਲ ਤੇ ਮੁੱਢਲੀ ਸਹਾਇਤਾ ਦੀ ਸਿਖਲਾਈ : ਡਾ. ਬਲਬੀਰ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਲਾਈਫ਼ ਸਕਿੱਲ, ਫ਼ਸਟ ਏਡ ਤੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ (ਵੈਕਟਰ ਬੋਰਨ ਬਿਮਾਰੀਆਂ) ਤੋਂ ਬਚਾਅ ਲਈ ਟ੍ਰੇਨਿੰਗ ਦਿੱਤੀ ਜਾਵੇਗੀ ਅਤੇ ਇਸ ਪ੍ਰੋਜੈਕਟ ਦੀ ਸ਼ੁਰੂਆਤ ਪਟਿਆਲਾ ਤੋਂ ਹੋਵੇਗੀ। ਇਹ ਪ੍ਰਗਟਾਵਾ ਸਿਹਤ ਮੰਤਰੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨਜ਼ ਵਿਖੇ ਮਾਪੇ-ਅਧਿਆਪਕ ਮਿਲਣੀ ਦੌਰਾਨ ਵਿਦਿਆਰਥੀਆਂ ਤੇ ਮਾਪਿਆਂ ਨਾਲ ਮੁਲਾਕਾਤ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਫ਼ਸਟ ਏਡ ਤੇ ਲਾਈਫ਼ ਸਕਿੱਲ ਦੀ ਟ੍ਰੇਨਿੰਗ ਦੇਣ ਦਾ ਮਕਸਦ ਹੈ ਕਿ ਵਿਦਿਆਰਥੀ ਕਿਸੇ ਵੀ ਦੁਰਘਟਨਾ ਸਮੇਂ ਡਾਕਟਰੀ ਸਹਾਇਤਾ ਮਿਲਣ ਤੋਂ ਪਹਿਲਾਂ ਪੀੜਤ ਨੂੰ ਮੁੱਢਲੀ ਸਹਾਇਤਾ ਪ੍ਰਦਾਨ ਕਰਕੇ ਕੀਮਤੀ ਜਾਨਾਂ ਬਚਾਅ ਸਕਣ। ਉਨ੍ਹਾਂ ਕਿਹਾ ਕਿ ਪਹਿਲਾਂ ਇਹ ਟ੍ਰੇਨਿੰਗ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ ਤੇ ਇਸ ਦੇ ਵੱਖਰੇ ਤੌਰ 'ਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਜਾਣਗੇ। ਇਸ ਦੇ ਨਾਲ ਹੀ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਵੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇਗਾ ਤਾਂ ਕਿ ਡੇਂਗੂ, ਮਲੇਰੀਆਂ ਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਨੂੰ ਕੰਟਰੋਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਵਾਟਰ ਬੋਰਨ ਡਜ਼ੀਜ਼ ਕੇਸਾਂ ਦੇ ਘੱਟ ਹੋਣ ਦਾ ਕਾਰਨ ਜਾਗਰੂਕਤਾ ਹੀ ਹੈ ਤੇ ਵਿਦਿਆਰਥੀ ਇਸ ਜਾਗਰੂਕਤਾ ਮੁਹਿੰਮ ਦੇ ਬ੍ਰਾਂਡ ਅੰਬੈਸਡਰ ਹੋਣਗੇ।

ਡਾ. ਬਲਬੀਰ ਸਿੰਘ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨਜ਼ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਵਿਖੇ ਮਾਪਿਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਸਿੱਖਿਆ ਸੁਧਾਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਥੇ ਅਧਿਆਪਕਾਂ ਦੀ ਟ੍ਰੇਨਿੰਗ ਕੌਮਾਂਤਰੀ ਪੱਧਰ 'ਤੇ ਕਰਾਈ ਜਾ ਰਹੀ ਹੈ, ਉਥੇ ਹੀ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਕੋਰਸਾਂ ਨਾਲ ਜੋੜਨ ਲਈ ਸਕੂਲ ਆਫ਼ ਐਮੀਨੈਂਸ ਬਣਾਏ ਗਏ ਹਨ, ਜਿਥੇ ਵਿਦਿਆਰਥੀ ਦੀ ਰੁਚੀ ਅਨੁਸਾਰ ਉਸ ਨੂੰ ਆਪਣੇ ਕਿੱਤੇ ਦੀ ਚੋਣ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੀ ਇਹ ਲਗਾਤਾਰ ਤੀਜੀ ਮਾਪੇ-ਅਧਿਆਪਕ ਮਿਲਣੀ ਹੈ ਤੇ ਇਨ੍ਹਾਂ ਢਾਈ ਸਾਲਾਂ ਵਿੱਚ ਸਿੱਖਿਆ ਦੇ ਮਿਆਰ ਵਿੱਚ ਜੋ ਸੁਧਾਰ ਹੋਇਆ ਹੈ ਉਹ ਸਕੂਲਾਂ ਵਿੱਚ ਵਧੇ ਦਾਖਲਿਆਂ ਤੋਂ ਵੀ ਪਤਾ ਲੱਗਦਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਪੰਜਾਬ ਸਰਕਾਰ ਵੱਲੋਂ 12 ਹਜ਼ਾਰ ਅਧਿਆਪਕਾਂ ਨੂੰ ਪੱਕੇ ਕੀਤਾ ਗਿਆ ਹੈ ਤੇ 10 ਹਜ਼ਾਰ ਤੋਂ ਵੱਧ ਨਵੇਂ ਅਧਿਆਪਕ ਵੀ ਭਰਤੀ ਕੀਤੇ ਗਏ ਹਨ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ ਤੇ ਸ੍ਰੀ ਮੁਨੀਸ਼ ਸਿਸੋਦੀਆਂ ਵੱਲੋਂ ਜੋ ਸਿੱਖਿਆ ਮਾਡਲ ਦਿੱਲੀ ਵਿੱਚ ਬਣਾਇਆ ਗਿਆ ਹੈ, ਉਸੇ ਤਰ੍ਹਾਂ ਦਾ ਸਿੱਖਿਆ ਮਾਡਲ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਪੰਜਾਬ ਅੰਦਰ ਵੀ ਵਿਕਸਤ ਕੀਤਾ ਗਿਆ ਹੈ, ਜਿਸ ਨਾਲ ਪਿਛਲੇ ਢਾਈ ਸਾਲਾਂ ਅੰਦਰ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਹੋਏ ਹਨ।

## ਸਰਪੰਚ ਚਰਨਜੀਤ ਸੰਧੂ ਨੂੰ ਵਿਧਾਇਕ ਨੇ ਦਿੱਤਾ ਥਾਪੜਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਬਲਾਕ ਪਾਤੜਾਂ ਅਧੀਨ ਆਉਂਦੀ ਗ੍ਰਾਮ ਪੰਚਾਇਤ ਦਸ਼ਮੇਸ਼ ਨਗਰ ਮੌਲਵੀਵਾਲਾ ਦੇ ਸਰਪੰਚ ਚੁਣੇ ਗਏ ਚਰਨਜੀਤ ਸਿੰਘ ਸੰਧੂ ਦੀ ਅਗਵਾਈ ਵਿੱਚ ਸਮੁੱਚੀ ਪੰਚਾਇਤ ਨੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨਾਲ ਮੁਲਾਕਾਤ ਕੀਤੀ।

ਇਸ ਦੌਰਾਨ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਸਰਪੰਚ ਚਰਨਜੀਤ ਸੰਧੂ ਨੂੰ ਥਾਪੜਾ ਦਿੰਦਿਆਂ ਸਮੂਹ ਪੰਚਾਇਤ ਨੂੰ ਮੁਬਾਰਕਬਾਦ ਦਿੱਤੀ।ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਰਵਾਇਤੀ ਪਾਰਟੀਆਂ ਤੋਂ ਉਲਟ ਰਾਜਨੀਤੀ ਦੇ ਖੇਤਰ ਵਿੱਚ ਨੌਜਵਾਨਾਂ ਨੂੰ ਕਮਾਂਡ ਦੇ ਕੇ ਨਵੀਂ ਪਿਰਤ ਪਾਈ ਹੈ, ਇਸੇ ਦਾ ਸਿੱਟਾ ਹੈ ਕਿ ਇਸ ਵਾਰ ਹੋਈਆ ਪੰਚਾਇਤੀ ਚੋਣਾਂ ਦੌਰਾਨ ਵੱਡੇ ਪੱਧਰ ਉੱਤੇ ਨੌਜਵਾਨ ਚਿਹਰੇ ਪਿੰਡਾਂ ਦੇ ਸਰਪੰਚ ਮੈਂਬਰ ਬਣੇ ਹਨ।ਉਨ੍ਹਾਂ ਚਰਨਜੀਤ ਸਿੰਘ ਸੰਧੂ ਨੂੰ ਪਿੰਡ ਦੇ ਸਰਬਪੱਖੀ ਵਿਕਾਸ ਲਈ ਧੜੇਬੰਦੀ ਤੋਂ ਉੱਪਰ ਉੱਠ ਕੇ ਕੰਮ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ ਰਵਾਇਤੀ ਪਾਰਟੀਆਂ ਨੇ ਪਿੰਡਾਂ ਵਿੱਚ ਧੜੇਬੰਦੀ ਨੂੰ ਉਤਸ਼ਾਹਤ ਕੀਤਾ ਸੀ, ਜਦੋਂ ਕਿ ਇਸ ਵਾਰ ਪਾਰਟੀ ਚੋਣ ਨਿਸ਼ਾਨ ਉੱਤੇ ਪੰਚਾਇਤੀ ਚੋਣਾਂ ਨਾ ਕਰਾਉਣ ਦਾ ਫੈਸਲਾ ਲੈ ਕੇ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੇ ਅਗਵਾਈ ਵਾਲੀ ਸਰਕਾਰ ਨੇ ਪਿੰਡਾਂ ਵਿੱਚ ਧੜੇਬੰਦੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆਏ ਹਨ, ਕਿਉਂਕਿ ਇਸ ਵਾਰ ਸੂਬੇ ਵਿੱਚ ਵੱਡੇ ਪੱਧਰ ਉੱਤੇ ਪੰਚਾਇਤਾਂ ਦੇ ਨੁਮਾਇੰਦੇ ਸਰਬਸੰਮਤੀ ਨਾਲ ਚੁਣੇ ਗਏ ਹਨ।

## ਡੀ ਸੀ ਵੱਲੋਂ ਮਨਜ਼ੂਰਸ਼ੁਦਾ ਮੋਇਸਚਰ ਮੀਟਰ ਹੀ ਵਰਤੇ ਜਾਣ ਦੀ ਹਦਾਇਤ

ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਨੇ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਕਿਸਾਨਾਂ ਵਲੋਂ ਜੋ ਵੀ ਝੋਨੇ ਦੀ ਫਸਲ ਵੱਢ ਕੇ ਮੰਡੀਆਂ ਵਿੱਚ ਲਿਆਂਦੀ ਜਾਂਦੀ ਹੈ ਤਾਂ ਮਾਰਕਿਟ ਕਮੇਟੀ ਵਲੋਂ ਆਪਣੇ ਮੋਇਸਚਰ ਮੀਟਰ (ਫਸਲ ਦੀ ਨਮੀ ਮਾਪਣ ਵਾਲਾ ਯੰਤਰ) ਨਾਲ ਝੋਨੇ ਦਾ ਮੋਇਸਚਰ ਚੈਕ ਕੀਤਾ ਜਾਂਦਾ ਹੈ। ਮਾਰਕਿਟ ਕਮੇਟੀ ਵਲੋਂ ਵਰਤੇ ਜਾਣ ਵਾਲੇ ਮੋਇਸਚਰ ਮੀਟਰ ਰਾਹੀਂ ਹੀ ਨਮੀ ਚੈਕ ਕਰਨ ਉਪਰੰਤ ਹਰ ਢੇਰੀ 'ਤੇ ਸਲਿੱਪ ਲਗਾਈ ਜਾਵੇ ਅਤੇ ਉਸ ਮੁਤਾਬਕ ਹੀ ਝੋਨੇ ਦੀ ਖਰੀਦ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਮੰਡੀ ਅਫਸਰ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਪੱਧਰ 'ਤੇ ਮੰਡੀ ਵਿੱਚ ਸਾਰੇ ਮੰਡੀ ਸਕੱਤਰਾਂ ਅਤੇ ਸੁਪਰਵਾਈਜਰਾਂ ਰਾਹੀਂ ਸੁਨਿਸਚਿਤ ਕਰਵਾਉਣਗੇ ਕਿ ਉਨ੍ਹਾਂ ਵਲੋਂ ਸਰਕਾਰ ਦੁਆਰਾ ਮਨਜ਼ੂਰਸ਼ੁਦਾ ਮੋਇਸਚਰ ਮੀਟਰ ਹੀ ਵਰਤੇ ਜਾਣ ਅਤੇ ਮੋਇਸਚਰ ਲੈਵਲ ਚੈੱਕ ਕਰਨ ਉਪਰੰਤ ਮੋਇਸਚਰ ਲੈਵਲ ਦੀ ਸਲਿਪ ਲਗਾਈ ਜਾਵੇ ਤਾਂ ਜੋ ਕਿਸਾਨਾਂ ਦੀ ਕਿਸੇ ਤਰ੍ਹਾਂ ਦੀ ਖੱਜਲ ਖੁਆਰੀ ਨਾ ਹੋ ਸਕੇ। ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਇਸ ਕੰਮ ਸਬੰਧੀ ਜੇਕਰ ਕਿਸੇ ਅਧਿਕਾਰੀ ਵਲੋਂ ਕੁਤਾਹੀ ਵਰਤੀ ਗਈ ਤਾਂ ਉਸ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਮੰਡੀਆਂ 'ਚ ਹੋ ਰਹੀ ਕਿਸਾਨਾਂ ਦੀ ਸ਼ਰੇਆਮ ਲੁੱਟ : ਛੋਟੇਪੁਰ



ਕਲਾਨੌਰ (ਮਨਦੀਪ ਕੋਹਲੀ)-ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਪੰਜਾਬ ਸੁੱਚਾ ਸਿੰਘ ਛੋਟੇਪੁਰ ਵੱਲੋਂ ਅੱਜ ਅਨਾਜ ਮੰਡੀ ਕਲਾਨੌਰ ਵਿੱਚ ਪਿਛਲੇ ਦਿਨਾਂ ਤੋਂ ਝੋਨਾ ਵੇਚਣ ਲਈ ਬੈਠੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਮੰਡੀਆਂ ਵਿੱਚ ਦੇਸ਼ ਦੇ ਅੰਨਦਾਤਾ ਕਿਸਾਨ ਦੀ ਸ਼ਰੇਆਮ ਲੁੱਟ ਹੋ ਰਹੀ ਹੈ। ਛੋਟੇਪੁਰ ਨੇ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ ਵੇਖਣ ਨੂੰ ਮਿਲਿਆ ਹੈ ਕਿ ਜਦੋਂ ਕਿਸਾਨਾਂ ਨੂੰ ਉਹਨਾਂ ਦੀ ਫਸਲ ਦਾ ਸਰਕਾਰੀ ਰੇਟ ਨਿਰਧਾਰਤ ਹੋਣ ਦੇ ਬਾਵਜੂਦ ਸ਼ਰੇਆਮ 400-500 ਰੁਪਏ ਪ੍ਰਤੀ ਕੁਇੰਟਲ ਘੱਟ ਦਿੱਤਾ ਜਾ ਰਿਹਾ ਹੈ ਅਤੇ ਨਮੀ ਦੇ ਨਾਂ 'ਤੇ ਕੱਟ ਲਾਏ ਜਾ ਰਹੇ ਹਨ। ਛੋਟੇਪੁਰ ਨੇ ਕਿਹਾ ਕਿ ਭ੍ਰਿਸ਼ਟਾਚਾਰ ਖਤਮ ਕਰਨ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਖੂਨ ਪਸੀਨੇ ਦੀ ਕਮਾਈ ਕਰਨ ਵਾਲੇ ਕਿਸਾਨ ਦੀ ਫਸਲ ਨੂੰ ਸਰਕਾਰੀ ਸ਼ਹਿ ਤੇ ਘੱਟ ਰੇਟ 'ਤੇ ਖਰੀਦ ਕੇ ਕਿਸਾਨਾਂ ਦੀ ਲੁੱਟ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਸ ਵਾਰ ਕਿਸਾਨਾਂ ਦੀ ਫਸਲ ਖੇਤਾਂ ਵਿੱਚ ਲੰਮੇ ਪੈਣ ਕਾਰਨ ਝੋਨੇ ਦੀ ਫਸਲ ਦਾ ਝਾੜ ਘੱਟ ਹੈ ਉਥੇ ਕਿਸਾਨਾਂ ਦੀ ਪ੍ਰਤੀ ਕੁਇੰਟਲ 400 ਤੋਂ 500 ਰੁਪਏ ਤੱਕ ਘੱਟ ਖਰੀਦ ਕੇ ਕਿਸਾਨ ਦਾ ਪ੍ਰਤੀ ਏਕੜ 14 ਹਜ਼ਾਰ ਰੁਪਏ ਦਾ ਨੁਕਸਾਨ ਕੀਤਾ ਜਾ ਰਿਹਾ। ਉਹਨਾਂ ਕਿਹਾ ਕਿ ਮੰਡੀਆਂ ਵਿੱਚ ਸਰਕਾਰ ਦੀਆਂ ਨਲਾਇਕੀਆਂ ਕਾਰਨ ਕਿਸਾਨ ਅਤੇ ਆੜ੍ਹਤੀ ਦਰਮਿਆਨ ਰਿਸ਼ਤੇ ਵਿੱਚ ਵੀ ਫਿੱਕ ਪਾਈ ਜਾ ਰਹੀ ਹੈ। ਇਸ ਤੋਂ ਇਲਾਵਾ ਸਰਕਾਰ ਗੁੰਡਾਗਰਦੀ, ਨਸ਼ੇਖੋਰੀ, ਭ੍ਰਿਸ਼ਟਾਚਾਰੀ ਨੂੰ ਨੱਥ ਪਾਉਣ ਵਿੱਚ ਵੀ ਫੇਲ੍ਹ ਸਾਬਤ ਹੋਈ ਹੈ। ਇਸ ਮੌਕੇ ਹਲਕਾ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਸਬੰਧੀ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਛੋਟੇਪੁਰ ਨੇ ਕਿਹਾ ਕਿ ਇਹ ਚੋਣ ਤਾਂ ਧਨਾਢ ਲੋਕਾਂ ਦੀ ਹੈ ਜੋ ਪੈਸੇ ਤੇ ਜ਼ੋਰ 'ਤੇ ਇਲੈਕਸ਼ਨ ਲੜ ਰਹੇ ਹਨ। ਇਸ ਮੌਕੇ ਆੜ੍ਹਤੀ ਭੁਪਿੰਦਰ ਸਿੰਘ ਧਰਮੀ ਫੌਜੀ, ਸਾਬਕਾ ਸਰਪੰਚ ਹਰਕੀਰਤ ਸਿੰਘ ਪੱਡਾ, ਆੜ੍ਹਤੀ ਅੰਮ੍ਰਿਤਪਾਲ ਸਿੰਘ ਅਲਾਵਲਪੁਰ, ਆੜ੍ਹਤੀ ਗੁਰਦੀਪ ਸਿੰਘ ਕਾਹਲੋਂ, ਗੁਲਜ਼ਾਰ ਸਿੰਘ, ਬਲਕਾਰ ਸਿੰਘ ਸਹੂਰ ਦਾ, ਕੁਲਜੀਤ ਸਿੰਘ, ਕੁਲਵਿੰਦਰ ਸਿੰਘ, ਦਲਜੀਤ ਸਿੰਘ ਆਦਿ ਆੜ੍ਹਤੀ ਤੇ ਕਿਸਾਨ ਵੀ ਹਾਜ਼ਰ ਸਨ।

## ਸਾਬਕਾ ਸਰਪੰਚ ਦੇ ਪਤੀ ਗੁਰਦੀਪ ਸਿੰਘ ਗੋਖਾ ਦਾ ਗੋਲੀਆਂ ਮਾਰ ਕੇ ਕਤਲ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਨਜ਼ਦੀਕੀ ਪਿੰਡ ਸਠਿਆਲਾ ਦੇ ਸਾਬਕਾ ਸਰਪੰਚ ਨਵਜੋਤ ਕੌਰ ਦੇ ਪਤੀ ਗੁਰਦੀਪ ਸਿੰਘ ਗੋਖਾ ਆੜ੍ਹਤੀ ਦੀ ਤਿੰਨ ਮੋਟਰਸਾਈਕਲ ਸਵਾਰਾਂ ਵੱਲੋਂ ਉਸ ਦੀ ਆੜ੍ਹਤ ਦੀ ਦੁਕਾਨ ਵਿੱਚ ਸ਼ਰੇਆਮ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦੀਪ ਸਿੰਘ ਗੋਖਾ (45) ਪੁੱਤਰ ਸਰਬਜੀਤ ਸਿੰਘ ਆੜ੍ਹਤੀ ਆਪਣੀ ਦਾਣਾ ਮੰਡੀ ਸਠਿਆਲਾ ਵਿਖੇ ਆੜ੍ਹਤ ਦੀ ਦੁਕਾਨ 'ਤੇ ਬੈਠਾ ਸੀ ਤਾਂ ਤਿੰਨ ਮੋਟਰਸਾਈਕਲ ਸਵਾਰ ਹਥਿਆਰਬੰਦ ਨੌਜਵਾਨ, ਜਿਨ੍ਹਾਂ ਵਿਚੋਂ ਇਕ ਨੇ ਮੋਟਰਸਾਈਕਲ ਸਟਾਰਟ ਰੱਖਿਆ, ਦੂਸਰੇ ਦੋ ਨੌਜਵਾਨਾਂ ਨੇ ਮੋਟਰਸਾਈਕਲ ਤੋਂ ਉਤਰ ਕੇ ਗੁਰਦੀਪ ਸਿੰਘ ਗੋਖੇ ਆੜ੍ਹਤੀ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੂੰ ਤੁਰੰਤ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਆਪਣੇ ਪਿੱਛੇ ਪਤਨੀ ਨਵਜੋਤ ਕੌਰ ਅਤੇ ਦੋ ਲੜਕੇ ਛੱਡ ਗਿਆ ਹੈ । ਇਸ ਮੌਕੇ ਡੀ.ਐਸ.ਪੀ. ਬਾਬਾ ਬਕਾਲਾ ਸਾਹਿਬ ਅਸ਼ਵਨੀ ਕੁਮਾਰ, ਐਸ.ਐਚ.ਓ. ਗਗਨਦੀਪ ਸਿੰਘ ਬਿਆਸ ਅਤੇ ਚੌਕੀ ਇੰਚਾਰਜ ਬਲਵਿੰਦਰ ਸਿੰਘ ਸਠਿਆਲਾ ਨੇ ਪੁੱਜ ਕੇ ਸਾਰੀ ਕਾਰਵਾਈ ਅਮਲ 'ਚ ਲਿਆਂਦੀ। ਮ੍ਰਿਤਕ ਦੇ ਪਰਵਾਰ ਦੇ ਬਿਆਨਾਂ ਤੇ ਪੁਲਸ ਨੇ ਕੇਸ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ ।

## ਮੱਕੜ ਨੇ ਸ੍ਰੀਨਗਰ 'ਚ ਨੈਸ਼ਨਲ ਕਾਨਫਰੰਸ 'ਚ ਕੀਤੀ ਸ਼ਿਰਕਤ

ਅੰਮ੍ਰਿਤਸਰ : ਅੰਮ੍ਰਿਤਸਰ ਦੇ ਮਨੋਵਿਗਿਆਨੀ ਡਾਕਟਰ ਹਰਜੋਤ ਸਿੰਘ ਮੱਕੜ ਨੇ ਐਡਿਕਸ਼ਨ ਸਾਈਕਾਇਟ੍ਰੀ ਸੋਸਾਇਟੀ ਆਫ ਇੰਡੀਆ (ਏ.ਪੀ.ਐਸ ਆਈ) ਵੱਲੋਂ ਸ਼ੇਰ-ਏ-ਕਸ਼ਮੀਰ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਸ੍ਰੀਨਗਰ ਵਿਖੇ ਕਰਵਾਈ ਗਈ ਸਾਲਾਨਾ ਕੌਮੀ ਕਾਨਫਰੰਸ ਵਿੱਚ ਸ਼ਿਰਕਤ ਕੀਤੀ। ਕਾਨਫਰੰਸ ਵਿੱਚ ਦੇਸ਼ ਭਰ ਦੇ ਮਾਨਸਿਕ ਸਿਹਤ ਮਾਹਰਾਂ ਨੇ ਭਾਗ ਲਿਆ। ਇਸ ਦੌਰਾਨ ਮਾਹਰਾਂ ਨੇ ਗਿਆਨ, ਹੁਨਰ ਅਤੇ ਦ੍ਰਿਸ਼ਟੀਕੋਣ ਸਾਂਝੇ ਕੀਤੇ। ਮਾਹਰਾਂ ਨੇ ਚਿੰਤਾ ਪ੍ਰਗਟਾਈ ਕਿ ਵਿਸ਼ਵ ਭਰ ਵਿੱਚ ਨਸ਼ਿਆਂ ਦਾ ਰੁਝਾਨ ਵਧ ਰਿਹਾ ਹੈ। ਖਾਸ ਕਰਕੇ ਭਾਰਤ ਵਿੱਚ ਇਹ ਇੱਕ ਵੱਡੀ ਜਨਤਕ ਚੁਣੌਤੀ ਬਣ ਗਈ ਹੈ। ਨਸ਼ਾਖੋਰੀ ਮਨੋਵਿਗਿਆਨ ਦਾ ਖੇਤਰ ਵੀ ਨਿਰੰਤਰ ਵਿਕਸਤ ਹੋ ਰਿਹਾ ਹੈ। ਨਸ਼ੇ ਨਾਲ ਸਬੰਧਤ ਮਨੋਵਿਗਿਆਨ ਦੇ ਗਿਆਨ ਅਤੇ ਹੁਨਰ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਇਸ ਕਾਨਫਰੰਸ ਵਿੱਚ ਲੈਕਚਰ, ਸੈਮੀਨਾਰ ਅਤੇ ਵਰਕਸ਼ਾਪਾਂ ਦਾ ਆਯੋਜਨ ਕੀਤਾ ਗਿਆ। ਮਾਹਰਾਂ ਨੇ ਖੋਜ ਪੱਤਰ ਪੜ੍ਹੇ। ਨੌਜਵਾਨ ਮਾਹਰਾਂ ਲਈ ਕੁਇਜ਼ ਅਤੇ ਥੀਸਿਸ ਅਵਾਰਡ ਪੇਪਰ ਸੈਸ਼ਨ ਦਾ ਆਯੋਜਨ ਕੀਤਾ ਗਿਆ। ਡਾ. ਮੱਕੜ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਮਨੋਵਿਗਿਆਨੀ ਮਾਹਰਾਂ ਨੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਅਤੇ ਨਸ਼ਿਆਂ ਦੇ ਆਦੀ ਨੌਜਵਾਨਾਂ ਨੂੰ ਇਸ ਟੋਏ ਵਿੱਚੋਂ ਬਾਹਰ ਕੱਢਣ ਲਈ ਕਾਰਗਰ ਯੋਜਨਾਵਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

## ਸਿੱਧ ਕੰਪਿਊਟਰ ਦੀ ਦੁਕਾਨ 'ਤੇ ਚੋਰਾਂ ਨੇ ਲਾਈ ਸੰਨ੍ਹ



ਦੀਨਾਨਗਰ (ਸੰਜੀਵ) -ਦੀਨਾਨਗਰ ਦੇ ਕੰਨਿਆ ਸਕੂਲ ਦੇ ਬਿਲਕੁਲ ਸਾਹਮਣੇ ਸਿੱਧ ਕੰਪਿਊਟਰ ਦੀ ਦੁਕਾਨ ਨੂੰ ਚੋਰਾਂ ਨੇ ਸੰਨ੍ਹ ਲਾਈ ਤੇ ਆਏ ਦਿਨਾਂ ਵਿੱਚ ਚੋਰੀ ਦੀਆਂ ਘਟਨਾਵਾਂ ਦਿਨੋਂ ਦਿਨ ਵਧ ਰਹੀਆਂ ਹਨ ਅਤੇ ਚੋਰ ਬੇਖੌਫ ਹੋ ਕੇ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ। ਚੋਰਾਂ 'ਚ ਪੁਲਸ ਦਾ ਡਰ ਬਿਲਕੁਲ ਖਤਮ ਹੋ ਚੁੱਕਿਆ ਹੈ । ਸਿੱਧ ਕੰਪਿਊਟਰ ਦੇ ਮਾਲਿਕ ਸੰਨੀ ਨੇ ਦੱਸਿਆ ਕਿ ਉਸ ਦੀ ਦੁਕਾਨ ਪੁਲਸ ਥਾਣੇ ਤੋਂ ਮਾਤਰ 100 ਮੀਟਰ ਦੀ ਦੂਰੀ 'ਤੇ ਅਤੇ ਸਰਕਾਰੀ ਕੰਨਿਆ ਸਕੂਲ ਦੇ ਬਿਲਕੁਲ ਸਾਹਮਣੇ ਹੈ। ਸੰਨੀ ਨੇ ਦੱਸਿਆ ਕਿ ਉਹ ਪਠਾਨਕੋਟ ਦਾ ਰਹਿਣ ਵਾਲਾ ਹੈ ਤੇ ਰੋਜ਼ ਦੀ ਤਰ੍ਹਾਂ ਸਵੇਰੇ 9 ਵਜੇ ਦੇ ਕਰੀਬ ਉਹ ਦੀਨਾਨਗਰ ਪਹੁੰਚ ਕੇ ਆਪਣੀ ਦੁਕਾਨ ਖੋਲ੍ਹਣ ਲੱਗਾ ਤਾਂ ਦੁਕਾਨ ਦੇ ਸ਼ਟਰ ਦਾ ਤਾਲਾ ਟੁੱਟਿਆ ਹੋਇਆ ਸੀ। ਚੋਰਾਂ ਨੇ ਉਸਦਾ ਨਵਾਂ ਬੈਟਰਾ ਅਤੇ ਗੱਲੇ ਚੋਂ ਸੱਤ ਹਜ਼ਾਰ ਰੁਪਏ ਚੋਰੀ ਕੀਤੇ ਹੋਏ ਸਨ। ਸੰਨੀ ਨੇ ਪ੍ਰਸ਼ਾਸ਼ਨ ਅੱਗੇ ਮੰਗ ਕੀਤੀ ਕਿ ਚੋਰ ਨੂੰ ਟਰੇਸ ਕਰਕੇ ਗ੍ਰਿਫਤਾਰ ਕੀਤਾ ਜਾਵੇ ਅਤੇ ਮੈਨੂੰ ਮੇਰਾ ਸਮਾਨ ਦਿਵਾਇਆ ਜਾਵੇ ।

## ਫੂਡ ਸੇਫਟੀ ਵਿੰਗ ਵੱਲੋਂ 10 ਕੁਇੰਟਲ ਖੋਆ ਬਰਾਮਦ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਵੱਲੋਂ ਸਾਫ ਸੁਥਰਾ ਵਾਤਾਵਰਣ ਅਤੇ ਸਿਹਤਮੰਦ ਪਕਵਾਨ ਨੂੰ ਉਤਸ਼ਾਹਤ ਕਰਨ ਲਈ ਜੋ ਨਵੀਂ ਪਹਿਲ ਸ਼ੁਰੂ ਕੀਤੀ ਗਈ ਹੈ, ਦੇ ਸਬੰਧ ਵਿੱਚ ਫੂਡ ਸੇਫਟੀ ਵੱਲੋਂ ਬੁੱਧਵਾਰ ਸਵੇਰੇ ਗੋਲਡਨ ਗੇਟ ਵਿਖੇ ਮਿਲਾਵਟਖੋਰਾਂ ਨੂੰ ਫੜਨ ਲਈ ਇਕ ਸਪੈਸ਼ਲ ਨਾਕਾ ਲਗਾਇਆ ਗਿਆ ਸੀ, ਜਿਸ ਦੀ ਅਗਵਾਈ ਸਹਾਇਕ ਕਮਿਸ਼ਨਰ ਫੂਡ ਰਜਿੰਦਰ ਪਾਲ ਸਿੰਘ, ਐਫ ਐਸ ਓ ਅਮਨਦੀਪ ਸਿੰਘ ਅਤੇ ਸਤਨਾਮ ਸਿੰਘ ਸਮੇਤ ਗੋਲਡਨ ਗੇਟ ਦੀ ਟੀਮ ਨੇ ਬੱਸ ਨੰ. ਆਰ.ਜੇ.07 ਪੀ.ਬੀ 3427 ਦਾ ਪਿੱਛਾ ਕਰਨ ਉਪਰੰਤ ਅਤੇ ਉਕਤ ਬੱਸ ਨੂੰ ਸਿਟੀ ਸੈਂਟਰ ਨੇੜੇ ਬੱਸ ਸਟੈਂਡ ਕੋਲ ਰੋਕ ਕੇ ਬੱਸ ਦੀ ਤਲਾਸ਼ੀ ਲੈਣ 'ਤੇ ਉਸ 'ਚੋਂ 20 ਬੋਰੀਆਂ ਖੋਆ ਬਰਾਮਦ ਹੋਇਆ, ਜਿਸ 'ਚ 50 ਕਿਲੋ ਕੁੱਲ ਮਾਤਰਾ 1000 ਕਿਲੋਗ੍ਰਾਮ ਹੈ ਅਤੇ ਜਾਂਚ ਕਰਨ 'ਤੇ ਖੋਆ ਦਾ ਮਾਲਕ ਸ਼ੰਕਰ ਲਾਲ ਪੁੱਤਰ ਮੰਗੀ ਲਾਲ ਪਿੰਡ ਬੰਬਲੂ ਬੀਕਾਨੇਰ ਰਾਜਸਥਾਨ ਤੋਂ ਆ ਰਹੇ ਸਨ ਅਤੇ ਅੰਮ੍ਰਿਤਸਰ ਦੀਆਂ ਸਥਾਨਕ ਦੁਕਾਨਾਂ ਨੂੰ ਸਪਲਾਈ ਕਰਨ ਜਾ ਰਹੇ ਸਨ।ਇਸ ਸਬੰਧੀ ਸਹਾਇਕ ਕਮਿਸ਼ਨਰ ਫੂਡ ਰਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਕਤ ਖੋਏ ਨੂੰ ਜ਼ਬਤ ਕਰਕੇ ਲੈਬਾਰਟਰੀ ਵਿੱਚ ਜਾਂਚ ਲਈ ਭੇਜਿਆ ਗਿਆ ਹੈ ਅਤੇ ਰਿਪੋਰਟ ਪ੍ਰਾਪਤ ਹੋਣ 'ਤੇ ਇਸ 'ਤੇ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਮਿਸ਼ਨਰ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਪੰਜਾਬ ਡਾ. ਅਭਿਨਵ ਤ੍ਰਿਖਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਦੇ ਆਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ. ਕਿਰਨਦੀਪ ਕੌਰ ਦੀ ਯੋਗ ਅਗਵਾਈ ਹੇਠ ਫੂਡ ਸੇਫਟੀ ਟੀਮ ਵੱਲੋਂ ਲਗਾਤਾਰ ਦੁਕਾਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਵੱਛ ਪਕਵਾਨ ਸਵਸਥ ਦੁਕਾਨ ਦੀ ਮੁਹਿੰਮ ਤਹਿਤ ਸਬ ਡਵੀਜ਼ਨ ਪੱਧਰ 'ਤੇ ਕਮੇਟੀਆਂ ਬਣਾਈਆਂ ਗਈਆਂ ਹਨ ਜੋ ਕਿ ਹਰ ਰੋਜ਼ ਆਪਣੇ ਖੇਤਰ ਵਿੱਚ ਖਾਣ ਪੀਣ ਦੀਆਂ ਦੁਕਾਨਾਂ, ਹੋਟਲ, ਰੈਸਟੋਰੈਂਟ, ਢਾਬੇ, ਡੇਅਰੀਆਂ, ਬੇਕਰੀਆਂ ਆਦਿ ਦੀ ਜਾਂਚ ਕਰਨਗੇ ਅਤੇ ਇਸ ਦੀ ਰੋਜ਼ਾਨਾ ਰਿਪੋਰਟ ਜ਼ਿਲ੍ਹਾ ਪੱਧਰ ਦੇ ਨੋਡਲ ਅਧਿਕਾਰੀ ਸਿਵਲ ਸਰਜਨ ਅੰਮ੍ਰਿਤਸਰ ਨੂੰ ਦੇਣਗੇ ਜੋ ਕਿ ਹਰ ਹਫਤੇ ਇਨ੍ਹਾਂ ਦੀਆਂ ਰਿਪੋਰਟਾਂ ਦੀ ਘੋਖ ਮਗਰੋਂ ਹਰੇਕ ਸਬ ਡਵੀਜ਼ਨ ਵਿੱਚ 3 ਤੋਂ 5 ਦੁਕਾਨਾਂ ਦੀ ਚੋਣ ਸਫਾਈ ਅਤੇ ਸਿਹਤਮੰਦ ਪਕਵਾਨ ਦੇ ਅਧਾਰ 'ਤੇ ਕਰਨਗੇ ਅਤੇ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਵੱਛ ਦੁਕਾਨ ਸਵੱਸਥ ਪਕਵਾਨ ਤਹਿਤ ਪ੍ਰਸ਼ੰਸਾ ਪੱਤਰ ਜਾਰੀ ਕੀਤਾ ਜਾਵੇਗਾ। ਸਿਵਲ ਸਰਜਨ ਡਾ. ਕਿਰਨਦੀਪ ਕੌਰ ਨੇ ਦੱਸਿਆ ਕਿ ਇਸ ਮੁਹਿੰਮ ਨਾਲ ਬਾਕੀ ਦੁਕਾਨਦਾਰ ਵੀ ਸਾਫ ਸਫਾਈ ਅਤੇ ਸਿਹਤਮੰਦ ਪਕਵਾਨਾਂ ਲਈ ਉਤਸ਼ਾਹਤ ਹੋਣਗੇ। ਇਸ ਤੋਂ ਇਲਾਵਾ ਜਾਂਚ ਦੌਰਾਨ ਮਾੜੀ ਕਾਰਗੁਜ਼ਾਰੀ ਵਾਲੇ ਦੁਕਾਨਦਾਰਾਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾਵੇਗੀ। ਉਕਤ ਪ੍ਰੋਗਰਾਮ ਦੇ ਇਚਾਰਜ ਵਧੀਕ ਡਿਪਟੀ ਕਮਿਸ਼ਨ ਜਨਰਲ ਹੋਣਗੇ ਜਦ ਕਿ ਸਬ ਡਵੀਜ਼ਨ ਪੱਧਰ 'ਤੇ ਤਾਇਨਾਤ ਸੀਨੀਅਰ ਮੈਡੀਕਲ ਅਫਸਰ ਆਪਣੇ ਇਲਾਕੇ ਦੇ ਉਪ ਮੰਡਲ ਮੈਜਿਸਟਰੇਟ ਨਾਲ ਤਾਲਮੇਲ ਕਰਕੇ ਸਬ ਡਵੀਜ਼ਨ ਪੱਧਰ ਦੀ ਕਮੇਟੀ ਗਠਿਤ ਕਰਨਗੇ।

## ਸਰਪੰਚਾਂ ਤੇ ਪੰਚਾਂ ਨੂੰ ਕੈਬਨਿਟ ਮੰਤਰੀ ਕਟਾਰੂਚੱਕ ਨੇ ਦਿੱਤੀ ਵਧਾਈ



ਪਠਾਨਕੋਟ (ਦਵਿੰਦਰ ਸਿੰਘ)- ਵਿਧਾਨ ਸਭਾ ਹਲਕਾ ਭੋਆ ਦੀਆਂ ਦਰਜਨਾਂ ਜੇਤੂ ਪੰਚਾਇਤਾਂ ਦੇ ਸਰਪੰਚ ਅਤੇ ਪੰਚਾਇਤ ਮੈਂਬਰ ਪਿੰਡ ਕਟਾਰੂਚੱਕ ਵਿਖੇ ਪਹੁੰਚੇ ਅਤੇ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੂੰ ਮਿਲੇ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਨੇ ਜੇਤੂ ਪੰਚਾਇਤਾਂ ਦੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਬੁੱਧਵਾਰ ਵਿਧਾਨ ਸਭਾ ਹਲਕਾ ਭੋਆ ਦੇ ਦਰਜਨਾਂ ਪਿੰਡਾਂ ਮਦੀਨਪੁਰ ਦੇ ਸਰਪੰਚ ਜਗੀਰ ਕੁਮਾਰ, ਪਿੰਡ ਤਾਰਪੁਰ ਦੀ ਸਰਪੰਚ ਪਰਮਜੀਤ ਕੁਮਾਰੀ, ਪਿੰਡ ਡੱਲਾ ਫਾਟਕ ਦੀ ਸਰਪੰਚ ਸੋਨੂੰ ਬਾਲਾ, ਪਿੰਡ ਦਨੋਰ ਦੀ ਸਰਪੰਚ ਕਮਲੇਸ਼ ਕੁਮਾਰੀ, ਪਿੰਡ ਡਿਬਕੂ ਦੀ ਸਰਪੰਚ ਪੂਨਮ ਦੇਵੀ, ਗੋਬਿੰਦਸਰ ਦਾ ਸਰਪੰਚ ਅਸ਼ਵਨੀ ਕੁਮਾਰ, ਪਠਾਨਚੱਕ ਦਾ ਸਰਪੰਚ ਰੂਪ ਲਾਲ, ਪਿੰਡ ਛੋੜੀਆਂ ਦਾ ਸਰਪੰਚ ਬਲਰਾਮ ਸਿੰਘ, ਪਿੰਡ ਚੰਡੀਗੜ੍ਹ ਦਾ ਸਰਪੰਚ ਵੀਰਕਰਨ, ਪਿੰਡ ਰਾਏਪੁਰ ਦਾ ਸਰਪੰਚ ਮੰਗ ਲਾਲ, ਪਿੰਡ ਧੁੱਪਛੜੀ ਦੀ ਸਰਪੰਚ ਨੀਲਮ ਕੁਮਾਰੀ, ਪਿੰਡ ਮੈਰਾ ਕਲਾਂ ਦੀ ਸਰਪੰਚ ਰੇਨੂੰ ਬਾਲਾ, ਪਿੰਡ ਜਸਵਾਂ ਦਾ ਸਰਪੰਚ ਸਾਵਰ ਸਿੰਘ, ਪਿੰਡ ਨਾਭਾ ਦਾਸ ਬਸਤੀ ਕੀੜੀ ਦੀ ਸਰਪੰਚ ਸੋਨਮ, ਪਿੰਡ ਬਲਾਵਰ ਦਾ ਸਰਪੰਚ ਜਗਦੀਸ਼ ਰਾਜ, ਪਿੰਡ ਨੱਕੀ ਦਾ ਸਰਪੰਚ ਸੁਰਜੀਤ ਸਿੰਘ, ਪਿੰਡ ਖੋਬਾ ਦੀ ਸਰਪੰਚ ਮੋਨਿਕਾ ਦੇਵੀ, ਪਿੰਡ ਸਹਾਰਨਪੁਰ ਦੀ ਸਰਪੰਚ ਮੀਨਾ ਦੇਵੀ, ਰਾਂਝੇ ਦੇ ਕੋਠੇ ਦਾ ਸਰਪੰਚ ਸਰਬਜੀਤ ਸਿੰਘ, ਪਿੰਡ ਗੋਲਾ ਦੀ ਸਰਪੰਚ ਗੀਤੂ ਦੇਵੀ, ਪਿੰਡ ਗਾਜੀ ਬਾੜਵਾਂ ਦੀ ਸਰਪੰਚ ਸੰਧਿਆ ਦੇਵੀ, ਪਿੰਡ ਪਹਾੜੋਚੱਕ ਦੀ ਸਰਪੰਚ ਰਾਜ ਕੁਮਾਰੀ ਆਦਿ ਕੈਬਨਿਟ ਮੰਤਰੀ ਪੰਜਾਬ ਨੂੰ ਮਿਲੇ। ਇਸ ਮੌਕੇ ਵੱਖ ਵੱਖ ਪਿੰਡਾਂ ਦੀਆਂ ਪੰਚਾਇਤਾਂ ਦੇ ਜੇਤੂ ਰਹੇ ਸਰਪੰਚ ਅਪਣੇ ਪੰਚਾਇਤ ਮੈਂਬਰਾਂ ਨੂੰ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਸਿਰੋਪੇ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ ਅਤੇ ਮੂੰਹ ਮਿੱਠਾ ਕਰਵਾਇਆ।ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਵਿਧਾਨ ਸਭਾ ਹਲਕੇ ਦੀਆਂ ਦਰਜਨਾਂ ਪੰਚਾਇਤਾਂ ਨੇ ਪੰਚਾਇਤੀ ਚੋਣਾਂ ਦੌਰਾਨ ਜਿੱਤ ਪ੍ਰਾਪਤ ਕਰਕੇ ਇਹ ਸਿੱਧ ਕਰ ਦਿੱਤਾ ਹੈ ਕਿ ਲੋਕਾਂ ਦਾ ਆਮ ਆਦਮੀ ਪਾਰਟੀ 'ਤੇ ਪੂਰਾ ਭਰੋਸਾ ਹੈ। ਸਰਕਾਰ ਵੱਲੋਂ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਅਤੇ ਅੱਗੇ ਵੀ ਜਾਰੀ ਰਹਿਣਗੇ।

## ਭਾਈ ਗੁਰਦਾਸ ਸਕੂਲ ਲੱਖਣ ਕਲਾਂ ਦੇ ਬੱਚਿਆਂ ਕੀਤਾ ਪੱਤਿਆਂ ਨਾਲ ਕਲਾ ਦਾ ਪ੍ਰਦਰਸ਼ਨ



ਕਲਾਨੌਰ (ਮਨਦੀਪ ਕੋਹਲੀ)- ਕਹਿੰਦੇ ਹਨ ਕਲਾ ਕਿਸੇ ਦੀ ਮੁਥਾਜ ਨਹੀਂ ਹੁੰਦੀ ਬਸ਼ਰਤੇ ਕਲਾ ਕਰਨ ਦਾ ਹੁਨਰ ਹੋਣਾ ਚਾਹੀਦਾ ਹੈ ਇਸੇ ਤਰ੍ਹਾਂ ਇਤਿਹਾਸਕ ਕਸਬਾ ਕਲਾਨੌਰ ਦੇ ਨਾਲ ਲੱਗਦੇ ਪਿੰਡ ਲੱਖਣ ਕਲਾਂ ਦੇ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਵੱਲੋਂ (ਲੀਫ਼ ਆਰਟ) ਉਰੀਜਨਲ ਪੱਤਿਆਂ ਨਾਲ ਕਲਾ ਦਾ ਪ੍ਰਦਰਸ਼ਨ ਕੀਤਾ ਗਿਆ। ਇਹ ਕੰਪੀਟੀਸ਼ਨ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਦੇ ਮੈਨੇਜਿੰਗ ਡਾਇਰੈਕਟਰ ਬਲਬੀਰ ਸਿੰਘ ਕਾਹਲੋਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਿੰਸੀਪਲ ਬਲਜਿੰਦਰ ਕੌਰ ਕਾਹਲੋਂ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਜਿਸ ਵਿੱਚ ਸਕੂਲ ਦੇ ਵੱਡੀਆਂ ਕਲਾਸਾਂ ਦੇ ਤਕਰੀਬਨ ਸਾਰੇ ਹੀ ਵਿਦਿਆਰਥੀਆਂ ਗਰੁੱਪਾਂ ਵਿੱਚ ਸ਼ਾਮਿਲ ਹੋ ਕੇ ਹਿੱਸਾ ਲਿਆ। ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪੱਤਿਆਂ ਨਾਲ ਬਹੁਤ ਹੀ ਸੁੰਦਰ ਅਤੇ ਆਕਰਸ਼ਕ ਕਲਾਕ੍ਰਿਤੀਆਂ ਬਣਾਈਆਂ ਗਈਆਂ। ਬੱਚਿਆਂ ਦੀ ਇਸ ਕਲਾ ਨੂੰ ਦੇਖਦੇ ਹੋਏ ਪ੍ਰਿੰਸੀਪਲ ਬਲਜਿੰਦਰ ਕੌਰ ਕਾਹਲੋਂ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਉਹਨਾਂ ਨੂੰ ਨਗਦ ਇਨਾਮ ਦਿੱਤੇ ਜਿਨ੍ਹਾਂ ਵਿੱਚ ਪਹਿਲਾ ਇਨਾਮ ਮੁਸਕਾਨ ਕੌਰ ਅਤੇ ਮਹਿਕਪ੍ਰੀਤ ਕੌਰ ਨੂੰ ਨਗਦ ਇੱਕ-ਇੱਕ ਹਜ਼ਾਰ ਰੁਪਏ ਦਿੱਤੇ ਗਏ, ਇਸੇ ਤਰ੍ਹਾਂ ਦੂਸਰੇ ਨੰਬਰ 'ਤੇ ਆਉਣ ਵਾਲੀ ਬੱਚੀ ਪ੍ਰਬਲੀਨ ਕੌਰ ਨੂੰ 700 ਦੇ ਨਕਦ ਇਨਾਮ ਦਿੱਤੇ ਗਏ। ਤੀਸਰੇ ਨੰਬਰ 'ਤੇ ਜਸ਼ਨਪ੍ਰੀਤ ਕੌਰ ਨੂੰ 500 ਰੁਪਏ, ਚੌਥੇ ਨੰਬਰ 'ਤੇ ਮੁਸਕਾਨ ਨੂੰ 300 ਅਤੇ ਕੰਸੋਲੇਸ਼ਨ ਪ੍ਰਾਈਜ਼ ਮਨਪ੍ਰੀਤ ਕੌਰ ਅਤੇ ਅਰਮਾਨ ਸਹੋਤਾ ਨੂੰ ਦਿੱਤੇ ਗਏ । ਇਸ ਮੌਕੇ ਪ੍ਰਿੰਸੀਪਲ ਕਾਹਲੋਂ ਨੇ ਕਿਹਾ ਕਿ ਬੱਚੇ ਜੋ ਵੀ ਕਰਦੇ ਹਨ ਉਹਨਾਂ ਦੀ ਹੌਸਲਾ ਅਫਜ਼ਾਈ ਅਗਰ ਕੀਤੀ ਜਾਵੇ ਤਾਂ ਬੱਚਿਆਂ ਦਾ ਮਨੋਬਲ ਹੋਰ ਵੀ ਦੁੱਗਣਾ ਹੋ ਜਾਂਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੀਆ, ਸ਼ਰਨਦੀਪ ਕੌਰ, ਕੁਲਬੀਰ ਕੌਰ, ਜਗਬੀਤ ਕੌਰ, ਨਵਦੀਪ, ਸ਼ਿਵਪਾਲ ਸਿੰਘ ਤੋਂ ਇਲਾਵਾ ਹੋਰ ਵੀ ਸਟਾਫ ਹਾਜ਼ਰ ਸੀ।

## ਖਾਦ, ਦਵਾਈ ਵਿਕਰੇਤਾ ਡੀਲਰਾਂ ਦੀਆਂ ਦੁਕਾਨਾਂ ਦੀ ਖੇਤੀਬਾੜੀ ਅਧਿਕਾਰੀਆਂ ਨੇ ਕੀਤੀ ਚੈਕਿੰਗ



ਮਜੀਠਾ (ਸੋਇਮ ਆਨੰਦ)- ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ. ਤਜਿੰਦਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਬੁੱਧਵਾਰ ਬਲਾਕ ਖੇਤੀਬਾੜੀ ਅਫਸਰ ਡਾ. ਦਿਲਬਾਗ ਸਿੰਘ ਭੱਟੀ ਬਲਾਕ ਮਜੀਠਾ ਅਤੇ ਖੇਤੀਬਾੜੀ ਵਿਕਾਸ ਅਫਸਰ ਹੈਡਕੁਆਟਰ ਅੰਮ੍ਰਿਤਸਰ ਅਮਰਜੀਤ ਸਿੰਘ ਬੱਲ ਵੱਲੋਂ ਆਪਣੀ ਟੀਮ ਸਮੇਤ ਬਲਾਕ ਮਜੀਠਾ ਅਧੀਨ ਪੈਂਦੇ ਵੱਖ ਵੱਖ ਡੀਲਰਾਂ ਦੀਆਂ ਦੁਕਾਨਾਂ 'ਤੇ ਚੈਕਿੰਗ ਕੀਤੀ ਗਈ । ਇਸ ਮੌਕੇ ਆਉਣ ਵਾਲੀ ਫਸਲ ਕਣਕ, ਸਰ੍ਹੋਂ ਅਤੇ ਸਬਜ਼ੀਆਂ ਵਿੱਚ ਵਰਤੀਆਂ ਜਾਣ ਵਾਲੀਆਂ ਦਵਾਈਆਂ ਦੀ ਗੁਣਵੱਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਖੇਤੀਬਾੜੀ ਵਿਕਾਸ ਅਫਸਰ ( ਪੀ.ਪੀ.) ਵੱਲੋਂ ਵੱਖ ਵੱਖ ਦੁਕਾਨਾਂ ਤੋਂ ਦਵਾਈਆਂ ਦੇ ਸੈਂਪਲ ਲਏ ਗਏ । ਇਸ ਦੌਰਾਨ ਕਣਕ ਦੀ ਫਸਲ ਵਿੱਚ ਲੋੜੀਂਦੀ ਖਾਦ ਡੀ.ਏ.ਪੀ ਦੇ ਸਟਾਕ ਸਬੰਧੀ ਵਿਉਤਬੰਦੀ ਕੀਤੀ ਗਈ ਅਤੇ ਹਰ ਡੀਲਰ ਪਾਸੋਂ ਮੌਜੂਦ ਸਟਾਕ ਦਾ ਵੇਰਵਾ ਲੈ ਕੇ ਉੱਚ ਅਧਿਕਾਰੀਆਂ ਨੂੰ ਭੇਜਿਆ ਗਿਆ । ਇਸ ਮੌਕੇ ਡਾ. ਦਿਲਬਾਗ ਸਿੰਘ ਭੱਟੀ ਬਲਾਕ ਖੇਤੀਬਾੜੀ ਅਫਸਰ ਮਜੀਠਾ, ਏ ਡੀ ਓ (ਪੀ.ਪੀ) ਤੋਂ ਇਲਾਵਾ ਜ਼ਿਲ੍ਹਾ ਅੰਮ੍ਰਿਤਸਰ ਤੋਂ ਅਮਰਜੀਤ ਸਿੰਘ ਬੱਲ ਖੇਤੀਬਾੜੀ ਅਫਸਰ, ਪਰਜੀਤ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ, ਹੈਡਕੁਆਟਰ ਵੀ ਹਾਜ਼ਰ ਸਨ।

## ਖ਼ਾਲਸਾ ਕਾਲਜ ਸੀ: ਸੈਕੰ: ਸਕੂਲ ਨੇ 132ਵਾਂ ਸਥਾਪਨਾ ਦਿਵਸ ਮਨਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ )-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਨੇ ਅੱਜ 132ਵਾਂ ਸਥਾਪਨਾ ਦਿਵਸ ਮਨਾਇਆ। ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਦੀ ਅਗਵਾਈ ਹੇਠ ਮਨਾਏ ਗਏ ਉਕਤ ਸਮਾਗਮ ਮੌਕੇ ਵਿਦਿਆਰਥੀਆਂ ਵੱਲੋਂ ਸਵੇਰੇ ਪ੍ਰਾਰਥਨਾ ਸਭਾ ਸਮੇਂ ਸ੍ਰੀ ਚੌਪਈ ਸਾਹਿਬ ਦੇ ਪਾਠ ਕਰਨ ਉਪਰੰਤ ਧੁਰ ਕੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ।ਇਸ ਦੌਰਾਨ ਕੌਂਸਲ ਦੇ ਪ੍ਰਧਾਨ ਸ: ਸੱਤਿਆਜੀਤ ਸਿੰਘ ਮਜੀਠੀਆ ਅਤੇ ਆਨਰੇਰੀ ਸਕੱਤਰ ਰਾਜਿੰਦਰ ਮੋਹਨ ਸਿੰਘ ਛੀਨਾ ਨੇ ਜਾਰੀ ਸੰਦੇਸ਼ 'ਚ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਸਕੂਲ ਦੇ 132ਵੇਂ ਸਥਾਪਨਾ ਦਿਵਸ 'ਤੇ ਮੁਬਾਰਕਬਾਦ ਦਿੱਤੀ।ਇਸ ਮੌਕੇ ਪ੍ਰਿੰ: ਡਾ. ਗੋਗੋਆਣੀ ਨੇ ਸੰਗਤੀ ਰੂਪ 'ਚ ਮਿਲ ਬੈਠੇ ਵਿਦਿਆਰਥੀਆਂ ਨੂੰ ਸਕੂਲ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ 22 ਅਕਤੂਬਰ 1893 ਈ. ਨੂੰ ਟਾਊਨ ਹਾਲ ਵਿਖੇ ਬਹੁਤ ਵੱਡਾ ਇਕੱਠ ਹੋਇਆ ਸੀ, ਜਿਸ 'ਚ ਨਾਮਵਰ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ ਅਤੇ 23 ਅਕਤੂਬਰ 1893 ਈ. ਦਿਨ ਸੋਮਵਾਰ ਨੂੰ ਖ਼ਾਲਸਾ ਕਾਲਜ ਮਿਡਲ ਸਕੂਲ ਦੀਆਂ ਕਲਾਸਾਂ ਸ਼ੁਰੂ ਹੋਈਆਂ ਸਨ। ਉਸ ਸਮੇਂ ਇਸ ਮਿਡਲ ਸਕੂਲ ਦੇ ਹੈੱਡਮਾਸਟਰ ਮੋਹਨ ਸਿੰਘ ਸਨ ਅਤੇ ਜੋ ਪਹਿਲੇ ਤਿੰਨ ਵਿਦਿਆਰਥੀ ਦਾਖ਼ਲ ਕੀਤੇ ਗਏ, ਉਹ ਵੱਖ-ਵੱਖ ਧਰਮਾਂ ਦੇ ਕਰਤਾਰ ਸਿੰਘ, ਮੇਹਰ ਚੰਦ ਅਤੇ ਅਬਦੁੱਲਾ ਸਨ। ਉਨ੍ਹਾਂ ਕਿਹਾ ਕਿ ਅੱਜ 16 ਏਕੜ 'ਚ ਸਥਾਪਿਤ ਇਹ ਸਕੂਲ ਨਰਸਰੀ ਤੋਂ ਲੈ ਕੇ 12ਵੀਂ ਜਮਾਤ ਤੱਕ 2800 ਵਿਦਿਆਰਥੀਆਂ ਦਾ ਭਵਿੱਖ ਸਿਰਜ ਰਿਹਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸਕੂਲ 'ਚ 50 ਕਲਾਸ ਰੂਮਜ਼, 5 ਲੈਬਾਰਟਰੀ, ਪ੍ਰੋਜੈਕਟਰ ਰੂਮ, ਓਪਨ ਏਅਰ ਥੀਏਟਰ, ਜੂਡੋ ਹਾਲ, ਬਾਕਸਿੰਗ ਹਾਲ ਅਤੇ ਵੱਡੇ ਖੇਡ ਮੈਦਾਨ ਹਨ। ਇੱਥੋਂ ਵਿੱਦਿਆ ਹਾਸਲ ਕਰਨ ਵਾਲੇ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਖੇਡਾਂ 'ਚ ਵੀ ਹਿੱਸਾ ਲੈ ਕੇ ਜ਼ਿਲ੍ਹੇ ਪੱਧਰ ਤੋਂ ਅੰਤਰ-ਰਾਸ਼ਟਰੀ ਪੱਧਰ ਤੱਕ ਪ੍ਰਾਪਤੀਆਂ ਹਾਸਲ ਕਰਕੇ ਸਰਕਾਰੀ ਵਿਭਾਗਾਂ 'ਚ ਸਨਮਾਨਯੋਗ ਅਹੁਦਿਆਂ 'ਤੇ ਨਿਯੁਕਤ ਹਨ। ਉਨ੍ਹਾਂ ਕਿਹਾ ਜਿੱਥੇ ਇਸ ਸਕੂਲ ਦਾ ਮਾਣਮੱਤਾ ਇਤਿਹਾਸ ਹੈ, ਉਥੇ ਇਸ ਸੰਸਥਾ ਦੀਆਂ ਵਿੱਦਿਅਕ, ਧਾਰਮਿਕ, ਖੇਡਾਂ ਅਤੇ ਸੱਭਿਆਚਾਰਕ ਆਦਿ ਖੇਤਰਾਂ 'ਚ ਬਹੁਤ ਸ਼ਾਨਦਾਰ ਪ੍ਰਾਪਤੀਆਂ ਹਨ। ਇਸ ਮੌਕੇ ਸਮੂਹ ਵਿਦਿਆਰਥੀਆਂ ਨੂੰ ਲੱਡੂ ਵੀ ਵੰਡੇ ਗਏ।

## ਸ਼ੌਪਸੀ ਨੇ ਆਪਣੀ ਵੱਡੀ ਦੀਵਾਲੀ ਸੇਲ ਦਾ ਕੀਤਾ ਉਦਘਾਟਨ

ਅੰਮ੍ਰਿਤਸਰ : ਤਿਉਹਾਰਾਂ ਦੀ ਭਾਵਨਾ 'ਤੇ ਆਧਾਰਤ ਭਾਰਤ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਹਾਈਪਰ-ਵੈਲਿਊ ਈ-ਕਾਮਰਸ ਪਲੇਟਫਾਰਮ ਫਲਿੱਪਕਾਰਟ ਦੁਆਰਾ ਸ਼ੌਪਸੀ ਆਪਣੇ ਗਾਹਕਾਂ ਨੂੰ ਆਪਣੀ ਵੱਡੀ ਦੀਵਾਲੀ ਸੇਲ ਨਾਲ ਇੱਕ ਵਾਰ ਫਿਰ ਖੁਸ਼ ਕਰ ਰਿਹਾ ਹੈ ਜੋ 29 ਅਕਤੂਬਰ 2024 ਤੱਕ ਜਾਰੀ ਰਹੇਗੀ। ਇਸ ਦਾ ਗ੍ਰੈਂਡ ਸ਼ੌਪਸੀ ਮੇਲਾ, ਦਿ ਬਿਗ ਬਿਲੀਅਨ ਡੇਜ਼ ਸੇਲ ਅਤੇ 'ਦੀਵਾਲੀ ਸਵਾਗਤ ਸੇਲ' ਦੀ ਸਫਲਤਾ ਚੱਲ ਰਹੀ ਤਿਉਹਾਰੀ ਵਿਕਰੀ ਕਿਉਰੇਟਿਡ ਸੌਦਿਆਂ ਦੀ ਇੱਕ ਬੇਮਿਸਾਲ ਚੋਣ ਦਾ ਵਾਅਦਾ ਕਰਦੀ ਹੈ।

ਸ਼ੌਪਸੀ ਬਿਜ਼ਨਸ ਹੈੱਡ, ਪ੍ਰਥਿਊਸ਼ਾ ਅਗਰਵਾਲ, ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਿਉਹਾਰ ਦੀਆਂ 2 ਮਿਲੀਅਨ ਤੋਂ ਵੱਧ ਜ਼ਰੂਰੀ ਚੀਜ਼ਾਂ ਦੇ ਨਾਲ ਖਰੀਦਦਾਰ ਵਿਸ਼ੇਸ਼ ਪੇਸ਼ਕਸ਼ਾਂ ਦੀ ਖੋਜ ਕਰ ਸਕਦੇ ਹਨ । ਸ਼ੌਪਸੀ ਦੀ ਦੀਵਾਲੀ ਸਵਾਗਤ ਸੇਲ, ਜੋ 13 ਅਕਤੂਬਰ ਤੋਂ ਸ਼ੁਰੂ ਹੋਈ, ਨੇ ਤਿਉਹਾਰਾਂ ਲਈ ਤਿਆਰ ਹੋਣ ਵਾਲੇ ਪਰਵਾਰਾਂ ਲਈ ਸਟੇਜ ਤਿਆਰ ਕੀਤੀ, ਜਿਸ ਨਾਲ ਵੱਡੀ ਦੀਵਾਲੀ ਸੇਲ ਸ਼ੁਰੂ ਹੋ ਗਈ। ਸ਼ੌਪਸੀ ਗਾਹਕਾਂ ਨੂੰ ਰੋਜ਼ਾਨਾ 10,000 ਸ਼ਗਨ ਸੌਦੇ ਪੇਸ਼ ਕਰੇਗੀ ਜਿਸ ਦੀ ਸ਼ੁਰੂਆਤ 11/-, ਰੁ. 51/-, ਅਤੇ ਰੁ. 101/-ਰੁਪਏ ਤੋਂ ਹੁੰਦੀ ਹੈ।

## 'ਆਪ' ਤੇ ਅਕਾਲੀ ਦਲ ਨੂੰ ਛੱਡ ਜੱਗੋਚੱਕ ਟਾਂਡਾ ਤੇ ਸੀਹੋਵਾਲ ਦੇ 50 ਪਰਵਾਰ ਕਾਂਗਰਸ 'ਚ ਸ਼ਾਮਲ



ਦੀਨਾਨਗਰ ( ਸੰਜੀਵ ) ਪੰਚਾਇਤੀ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਮਿਲੇ ਲੋਕ ਸਮਰਥਨ ਤੋਂ ਬਾਅਦ ਹੁਣ ਦੀਨਾਨਗਰ ਹਲਕੇ ਅੰਦਰ ਵੱਡੀ ਗਿਣਤੀ ਲੋਕਾਂ ਦਾ ਝੁਕਾਅ ਕਾਂਗਰਸ ਪਾਰਟੀ ਵੱਲ ਹੋ ਰਿਹਾ ਹੈ। ਇਸੇ ਕੜੀ ਤਹਿਤ ਅੱਜ ਪਿੰਡ ਸੀਹੋਵਾਲ ਅਤੇ ਜੱਗੋਚੱਕ ਟਾਂਡਾ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ 'ਆਪ' ਨਾਲ ਜੁੜੇ 50 ਤੋਂ ਵੱਧ ਪਰਵਾਰਾਂ ਨੇ ਕਾਂਗਰਸ ਪਾਰਟੀ ਜੁਆਇਨ ਕਰਦਿਆਂ ਵਿਧਾਇਕਾ ਅਰੁਣਾ ਚੌਧਰੀ ਦੀ ਰਹਿਨੁਮਾਈ ਕਬੂਲੀ। ਜਾਣਕਾਰੀ ਅਨੁਸਾਰ ਸੀਹੋਵਾਲ ਦੇ ਸਾਬਕਾ ਅਕਾਲੀ ਸਰਪੰਚ ਅਮਰੀਕ ਸਿੰਘ ਦੇ ਨਾਲ ਸਤਨਾਮ ਸਿੰਘ, ਬਲਕਾਰੀ ਸਿੰਘ, ਜਸਵਿੰਦਰ ਸਿੰਘ, ਸਤਨਾਮ ਸਿੰਘ ਸੀਹੋਵਾਲ, ਨਿਸ਼ਾਨ ਸਿੰਘ, ਮਹਿੰਦਰ ਸਿੰਘ, ਜਸਵੀਰ ਸਿੰਘ, ਗੋਪਾਲ ਦਾਸ, ਪ੍ਰੀਤਮ ਸਿੰਘ, ਹਰਭਜਨ ਸਿੰਘ, ਅਮਨਦੀਪ ਸਿੰਘ, ਸਚਿਨ, ਸਲਵਿੰਦਰ ਸਿੰਘ ਅਤੇ ਪਿਆਰਾ ਸਿੰਘ ਨੇ ਕਾਂਗਰਸ ਪਾਰਟੀ ਜੁਆਇਨ ਕੀਤੀ। ਇਹ ਅਕਾਲੀ ਪਰਵਾਰ ਕਾਂਗਰਸੀ ਆਗੂ ਰਮਨ ਦੱਤਾ, ਗੁਰਬਚਨ ਸਿੰਘ ਅਤੇ ਜੈ ਹਰੀਚੰਦ ਦੀ ਅਗਵਾਈ ਵਿੱਚ ਕਾਂਗਰਸ 'ਚ ਸ਼ਾਮਲ ਹੋਏ। ਜਦਕਿ ਪਿੰਡ ਜੱਗੋਚੱਕ ਟਾਂਡਾ ਤੋਂ ਅਕਾਲੀ ਦਲ ਦੇ ਸਰਕਲ ਪ੍ਰਧਾਨ ਕੈਪਟਨ ਬਲਵਿੰਦਰ ਸਿੰਘ ਤੋਂ ਇਲਾਵਾ ਇਸੇ ਪਿੰਡ ਨਾਲ ਸਬੰਧਿਤ 'ਆਪ' ਪਾਰਟੀ ਦੇ ਆਗੂ ਸੁਖਵਿੰਦਰ ਸਿੰਘ, ਨਰਿੰਦਰ ਸਿੰਘ, ਸੁਖਵਿੰਦਰ ਸਿੰਘ ਟਾਂਡਾ, ਦਿਲਪ੍ਰੀਤ ਸਿੰਘ ਜੋਨੀ, ਜਤਿੰਦਰ ਸਿੰਘ, ਮਨਜੀਤ ਸਿੰਘ, ਸੁਖਵੀਰ ਸਿੰਘ, ਲਖਵਿੰਦਰ ਸਿੰਘ, ਸੁਖਵਿੰਦਰ ਸਿੰਘ, ਬਲਵੰਦ ਸਿੰਘ, ਸਰਦਾਰ ਮੀਤ ਸਿੰਘ, ਲਵਜੀਤ ਸਿੰਘ, ਗੁਰਜੀਤ ਸਿੰਘ, ਕਰਨਪ੍ਰੀਤ, ਗੁਰਦੀਪ ਸਿੰਘ, ਕੁਲਦੀਪ ਸਿੰਘ, ਅਮਨਦੀਪ ਸਿੰਘ, ਬਲਵਿੰਦਰ ਸਿੰਘ ਵੀਕੋ, ਮਨਦੀਪ ਸਿੰਘ, ਬੰਟੀ, ਸਰਦੂਲ ਸਿੰਘ, ਬਿਕਰਮਜੀਤ ਸਿੰਘ ਅਤੇ ਦਰਬਾਰਾ ਸਿੰਘ ਨੇ ਕਾਂਗਰਸ ਪਾਰਟੀ ਦਾ ਪੱਲਾ ਫੜ ਲਿਆ। ਇਨ੍ਹਾਂ ਤਮਾਮ ਪਰਿਵਾਰਾਂ ਨੂੰ ਵਿਧਾਇਕਾ ਅਰੁਣਾ ਚੌਧਰੀ ਅਤੇ ਕਾਂਗਰਸ ਕਮੇਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਸ਼ੋਕ ਚੌਧਰੀ ਨੇ ਸਿਰੋਪੇ ਪਹਿਨਾ ਕੇ ਪਾਰਟੀ ਵਿੱਚ ਸਵਾਗਤ ਕੀਤਾ।

## ਰੰਗਲਾ ਪੰਜਾਬ ਬਣਾਉਣ ਵਾਲਿਆਂ ਨੇ ਨਸ਼ੇ ਦੀ ਦਲਦਲ 'ਚ ਧੱਕਿਆ ਪੰਜਾਬ: ਅਰਵਿੰਦ ਖੰਨਾ

ਚੰਡੀਗੜ੍ਹ : ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ 'ਚ ਨਸ਼ੇ ਦੇ ਸੌਦਾਗਰਾਂ ਅਤੇ ਗੈਂਗਸਟਰਾਂ ਦਾ ਹੀ ਬੋਲਬਾਲਾ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਸੂਬੇ ਵਿੱਚ ਹਰ ਰੋਜ਼ ਅਨੇਕਾਂ ਨੌਜਵਾਨ ਨਸ਼ੇ ਕਾਰਨ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ ਪਰ ਮੁੱਖ ਮੰਤਰੀ ਸਮੇਤ ਪੂਰਾ ਮੰਤਰੀ ਮੰਡਲ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਰੰਗਲਾ ਬਣਾਉਣ ਵਾਲੀ ਇਸ ਪਾਰਟੀ ਨੇ ਸੂਬੇ ਨੂੰ ਨਸ਼ੇ ਦੀ ਦਲਦਲ ਵਿੱਚ ਧੱਕ ਦਿੱਤਾ ਹੈ। ਇਸ ਤੋਂ ਇਲਾਵਾ ਸੂਬੇ ਵਿੱਚ ਗੈਂਗਸਟਰਾਂ ਦਾ ਰਾਜ ਸਥਾਪਿਤ ਹੋ ਕੇ ਰਹਿ ਗਿਆ ਹੈ। ਖੰਨਾ ਨੇ ਕਿਹਾ ਕਿ ਸਰਕਾਰ ਨਾਲੋਂ ਵੱਧ ਚਰਚਾ ਵਿੱਚ ਇਸ ਸਮੇਂ ਗੈਂਗਸਟਰ ਹਨ। ਖੰਨਾ ਨੇ ਕਿਹਾ ਕਿ ਲੁੱਟ-ਖੋਹ ਦੀਆਂ ਵਾਰਦਾਤਾਂ ਦਿਨ ਦਿਹਾੜੇ ਹੋ ਰਹੀਆਂ ਹਨ। ਨੌਜਵਾਨਾਂ ਦੇ ਸ਼ਰੇਆਮ ਕਤਲ ਹੋ ਰਹੇ ਹਨ।

## ਸਾਬਕਾ ਸਰਪੰਚ ਦੇ ਭਰਾ ਨੇ ਪਿੰਡ ਦੇ ਹੀ ਵਿਅਕਤੀ 'ਤੇ ਸਟੇਡੀਅਮ 'ਤੇ ਕਬਜ਼ਾ ਕਰਨ ਦੇ ਲਾਏ ਇਲਜ਼ਾਮ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਿੱਖੀਵਿੰਡ ਤੋਂ ਥੋੜ੍ਹੀ ਦੂਰ ਪੈਂਦੇ ਪਿੰਡ ਕਾਲੇ ਦੀ ਪੰਚਾਇਤੀ ਜ਼ਮੀਨ 'ਚ ਮਰਹੂਮ ਸਾਬਕਾ ਸਰਪੰਚ ਸੁੱਚਾ ਸਿੰਘ ਦੀ ਯਾਦ ਵਿੱਚ ਬਣਾਏ ਖੇਡ ਸਟੇਡੀਅਮ 'ਤੇ ਕਥਿਤ ਤੌਰ 'ਤੇ ਪਿੰਡ ਦੇ ਹੀ ਵਿਅਕਤੀ ਵੱਲੋਂ ਕੰਧਾਂ ਢਾਹ ਕੇ ਕਬਜ਼ਾ ਕਰਨ ਦੇ ਇਲਜ਼ਾਮ ਲਗਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿੰਡ ਕਾਲੇ ਤੋਂ ਮਰਹੂਮ ਸਾਬਕਾ ਸਰਪੰਚ ਸੁੱਚਾ ਸਿੰਘ ਦੇ ਭਰਾ ਗੁਰਦਿਆਲ ਸਿੰਘ, ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਗੁਰਮੁਖ ਸਿੰਘ ਸਾਂਡਪੁਰਾ, ਸਾਂਧਰਾ ਤੋਂ ਸਾਬਕਾ ਸਰਪੰਚ ਮਨਦੀਪ ਸਿੰਘ ਗੋਰਾ, ਦਿਆਲਪੁਰ ਤੋਂ ਸਾਬਕਾ ਸਰਪੰਚ ਅੰਮ੍ਰਿਤਬੀਰ ਸਿੰਘ ਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਕਾਲੇ ਪਿੰਡ ਦੀ ਕਰੀਬ 10-12 ਏਕੜ ਪੰਚਾਇਤੀ ਜ਼ਮੀਨ 'ਤੇ ਪਿੰਡ ਦੇ ਹੀ ਵਿਅਕਤੀ ਨੇ ਕਈ ਸਾਲਾਂ ਤੋਂ ਕਬਜ਼ਾ ਕੀਤਾ ਹੋਇਆ ਸੀ, ਜਿਸ ਨੂੰ ਸਵ. ਸਰਪੰਚ ਸੁੱਚਾ ਸਿੰਘ ਨੇ ਅਨੇਕਾਂ ਯਤਨ ਕਰਕੇ ਛੁਡਵਾਇਆ ਸੀ। ਉਕਤ ਆਗੂਆਂ ਨੇ ਦੱਸਿਆ ਕਿ ਜ਼ਮੀਨ ਦਾ ਕਬਜ਼ਾ ਛੁਡਵਾਉਣ ਮਗਰੋਂ ਉਨ੍ਹਾਂ ਨੇ ਨੌਜਵਾਨਾਂ ਦੇ ਖੇਡਣ ਲਈ ਦੋ ਤੋਂ ਤਿੰਨ ਏਕੜ ਵਿੱਚ ਖੇਡ ਸਟੇਡੀਅਮ ਬਣਾਇਆ ਸੀ। ਸਟੇਡੀਅਮ ਦੇ ਆਲੇ-ਦੁਆਲੇ ਦੀਆਂ ਕੰਧਾਂ ਦੀ ਉਸਾਰੀ ਸਮੇਤ ਹੋਰ ਕੰਮ ਸਰਕਾਰੀ ਪੈਸਿਆਂ ਨਾਲ ਮੁਕੰਮਲ ਕਰਵਾਏ ਗਏ ਸਨ। ਉਪਰੋਕਤ ਆਗੂਆਂ ਨੇ ਦੱਸਿਆ ਕਿ ਸਟੇਡੀਅਮ ਦੇ ਨਜ਼ਦੀਕ ਰਹਿੰਦਾ ਵਿਅਕਤੀ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਸਟੇਡੀਅਮ ਦੀਆਂ ਕੰਧਾਂ ਢਾਹ ਕੇ ਆਪਣੇ ਘਰ ਨੂੰ ਰਸਤਾ ਬਣਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਨੇ ਸਟੇਡੀਅਮ ਦਾ ਗੇਟ ਵੀ ਢਾਹ ਦਿੱਤਾ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਇੱਕ ਲਿਖਤੀ ਦਰਖਾਸਤ ਥਾਣਾ ਭਿੱਖੀਵਿੰਡ ਵਿਖੇ ਦਰਜ ਕਰਵਾਈ ਗਈ ਹੈ, ਪ੍ਰੰਤੂ ਹੁਣ ਤੱਕ ਪੁਲਸ ਨੇ ਇਸ ਮਾਮਲੇ ਸੰਬੰਧੀ ਕੋਈ ਵੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸੰਬੰਧੀ ਉਨ੍ਹਾਂ ਵੱਲੋਂ ਇੱਕ ਲਿਖਤੀ ਦਰਖਾਸਤ ਬਲਾਕ ਵਿਕਾਸ ਪੰਚਾਇਤ ਅਫਸਰ ਨੂੰ ਵੀ ਦਿੱਤੀ ਗਈ ਹੈ। ਉਪਰੋਕਤ ਆਗੂਆਂ ਨੇ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ ਇਸ ਮਾਮਲੇ ਵਿੱਚ ਢੁੱਕਵੀਂ ਕਾਰਵਾਈ ਨਾ ਕੀਤੀ ਤਾਂ ਉਹ ਅਗਲਾ ਪ੍ਰੋਗਰਾਮ ਉਲੀਕਣਗੇ। ਉਧਰ ਜਦੋਂ ਇਸ ਸੰਬੰਧੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਭਿੱਖੀਵਿੰਡ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਗੁਰਦਿਆਲ ਸਿੰਘ ਨਾਮਕ ਵਿਅਕਤੀ ਪਾਸੋਂ ਉਨ੍ਹਾਂ ਕੋਲ ਦਰਖ਼ਾਸਤ ਪਹੁੰਚੀ ਹੈ। ਬੀ ਡੀ ਪੀ ਓ ਦਾ ਕਹਿਣਾ ਸੀ ਕਿ ਜਾਂਚ ਕਰਨ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।

## ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਨੇ ਮੈਗਾ ਪੀ ਟੀ ਐਮ ਦੌਰਾਨ ਸਰਕਾਰੀ ਸਕੂਲਾਂ ਦਾ ਕੀਤਾ ਦੌਰਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਕੂਲ ਸਿੱਖਿਆ ਬੋਰਡ ਗੁਰਦਾਸਪੁਰ ਦੇ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਅਮਰਜੀਤ ਸਿੰਘ ਪੁਰੇਵਾਲ ਵਲੋਂ ਸਰਕਾਰੀ ਸਕੂਲਾਂ 'ਚ ਆਯੋਜਿਤ ਹੋਈ ਅਧਿਆਪਕ ਮਾਪੇ ਮਿਲਣੀ ਪ੍ਰੋਗਰਾਮ ਦੌਰਾਨ ਵੱਖ ਵੱਖ ਸਰਕਾਰੀ ਸਕੂਲ ਭਗਠਾਣਾਂ ਤੁੱਲੀਆਂ, ਡੇਰਾ ਬਾਬਾ ਨਾਨਕ, ਹਰੂਵਾਲ, ਤਲਵੰਡੀ ਰਾਮਾਂ, ਫਤਹਿਗੜ੍ਹ ਚੂੜੀਆਂ, ਖੋਦੇਬੇਟ, ਲਾਲਾ ਨੰਗਲ ਦਾ ਦੌਰਾ ਕਰਕੇ ਪੀ.ਟੀ.ਐਮ. ਸਮਾਗਮ 'ਚ ਸ਼ਮੂਲੀਅਤ ਕੀਤੀ ਗਈ । ਇਸ ਮੌਕੇ ਉਨ੍ਹਾਂ ਨਾਲ ਗੁਰਮਿੰਦਰ ਸਿੰਘ ਸਾਇੰਸ ਮਾਸਟਰ ਵੀ ਸਨ । ਇਸ ਮੌਕੇ ਪੁਰੇਵਾਲ ਨੇ ਕਿਹਾ ਕਿ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀਆਂ ਹਦਾਇਤਾਂ 'ਤੇ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਮੈਗਾ ਮਾਪੇ-ਅਧਿਆਪਕ ਮਿਲਣੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਜਿਸ 'ਚ ਸਕੂਲਾਂ ਦੇ ਬੱਚਿਆਂ ਦੇ ਨਤੀਜਿਆਂ ਬਾਰੇ ਉਨ੍ਹਾਂ ਦੇ ਮਾਪਿਆਂ ਨਾਲ ਵਿਚਾਰ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ 'ਚ ਸਰਪੰਚਾਂ, ਮੈਂਬਰ ਪੰਚਾਇਤ ਅਤੇ ਸਕੂਲ ਮੈਨੇਜਮੈਂਟ ਕਮੇਟੀ ਵਲੋਂ ਸ਼ਮੂਲੀਅਤ ਕੀਤੀ ਗਈ। ਜਿਸ 'ਚ ਅਧਿਆਪਕਾਂ ਵਲੋਂ ਬੱਚਿਆਂ ਦੇ ਨਤੀਜਿਆਂ ਦੇ ਰਿਪੋਰਟ ਕਾਰਡ ਜਾਰੀ ਕਰਨ ਤੋਂ ਇਲਾਵਾ ਇਕੱਤਰ ਨੂੰ ਮਿਸ਼ਨ ਸਮਰੱਥ ਬਾਰੇ ਦੱਸਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਬਿਜ਼ਨੈੱਸ ਕਲਾਸਟਰ ਦੇ ਸਟਾਲ ਵੀ ਲਗਾਏ ਗਏ।

ਉਨ੍ਹਾਂ ਦੱਸਿਆ ਕਿ ਪੀ ਟੀ ਐਮ 'ਚ ਬੱਚਿਆਂ ਤੋਂ ਇਲਾਵਾ ਉਨ੍ਹਾਂ ਦੇ ਮਾਪਿਆਂ ਨਾਲ ਗੱਲਬਾਤ ਕੀਤੀ ਗਈ।ਇਸ ਮੌਕੇ ਸਕੂਲ ਇੰਚਾਰਜ ਕੇਵਲ ਸਿੰਘ, ਮਨੇਸ਼ਵਰ ਸਿੰਘ, ਮੈਡਮ ਗੋਮਤੀ, ਮੈਡਮ ਖੁਸ਼ਮਿੰਦਰ ਕੌਰ ਸਮੇਤ ਐਸ ਐਮ ਸੀ ਮੈਂਬਰ ਹਾਜ਼ਰ ਸਨ ।

## ਹੈਰੋਇਨ ਸਮੇਤ ਇੱਕ ਨੌਜਵਾਨ ਗ੍ਰਿਫ਼ਤਾਰ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਥਾਣਾ ਕੱਚਾ ਪੱਕਾ ਦੀ ਪੁਲਸ ਨੇ 4 ਗ੍ਰਾਮ ਹੈਰੋਇਨ ਸਮੇਤ ਇੱਕ ਨੌਜਵਾਨ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਥਾਣਾ ਕੱਚਾ ਪੱਕਾ ਦੇ ਐਸ ਐਚ ਓ ਜਸਪਾਲ ਸਿੰਘ ਨੇ ਦੱਸਿਆ ਕਿ ਏ ਐਸ ਆਈ ਗੁਰਮੀਤ ਸਿੰਘ ਗਸਤ ਵਾ ਤਲਾਸ਼ ਭੈੜੇ ਪੁਰਸ਼ਾਂ ਦੇ ਸੰਬੰਧ ਵਿੱਚ ਥਾਣਾ ਕੱਚਾ ਪੱਕਾ ਤੋਂ ਦਿਆਲਪੁਰ, ਪਿੰਡ ਕੱਚਾ ਪੱਕਾ, ਮਰਗਿੰਦਪੁਰਾ, ਮੱਖੀ ਕਲਾਂ ਆਦਿ ਨੂੰ ਜਾ ਰਹੇ ਸਨ ਕਿ ਜਦ ਪੁਲਸ ਪਾਰਟੀ ਸ਼ਸਤ ਕਰਦੀ ਹੋਈ ਪਿੰਡ ਮੱਖੀ ਕਲਾਂ ਨੂੰ ਜਾਂਦਿਆਂ ਲਿੰਕ ਸੜਕ ਗੁਰਦੁਆਰਾ ਟਿੱਬਾ ਸਾਹਿਬ ਨੇੜੇ ਪੁੱਜੀ ਤਾਂ ਮਰਗਿੰਦਪੁਰਾ ਵਾਲੀ ਸਾਈਡ ਤੋਂ ਇੱਕ ਮੋਨਾ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ । ਜੋ ਪੁਲਸ ਦੀ ਗੱਡੀ ਨੂੰ ਵੇਖ ਕੇ ਅੱਖ ਬਚਾ ਕੇ ਆਪਣੀ ਪਹਿਨੀ ਹੋਈ ਲੋਅਰ ਦੀ ਖੱਬੀ ਜੇਬ ਵਿੱਚੋਂ ਇੱਕ ਮੋਮੀ ਲਿਫਾਫੇ ਵਿੱਚ ਲਪੇਟੀ ਹੋਈ ਕੋਈ ਵਜਨਦਾਰ ਚੀਜ਼ ਸੜਕ ਕਿਨਾਰੇ ਘਾਹ ਫੂਸ ਵਿੱਚ ਸੁੱਟ ਕੇ ਭੱਜਣ ਲੱਗਾ ਤਾਂ ਏ ਐਸ ਆਈ ਨੇ ਸਾਥੀ ਪੁਲਸ ਕਰਮਚਾਰੀਆਂ ਦੀ ਮਦਦ ਨਾਲ ਉਕਤ ਨੌਜਵਾਨ ਨੂੰ ਕਾਬੂ ਕਰਕੇ ਜਦੋਂ ਉਸ ਦਾ ਨਾਂ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਂ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਪ੍ਰੇਮ ਸਿੰਘ ਵਾਸੀ ਮਰਗਿੰਦਪੁਰਾ ਦੱਸਿਆ । ਥਾਣਾ ਮੁਖੀ ਨੇ ਦੱਸਿਆ ਕਿ ਨੌਜਵਾਨ ਵੱਲੋਂ ਜ਼ਮੀਨ ਤੇ ਸੁੱਟੇ ਮੋਮੀ ਲਿਫਾਫੇ ਨੂੰ ਫੜਕੇ ਜਦੋਂ ਖੋਲ੍ਹਿਆ ਗਿਆ ਤਾਂ ਉਸ ਵਿੱਚੋਂ ਹੈਰੋਇਨ ਬਰਾਮਦ ਹੋਈ, ਜਿਸ ਦਾ ਵਜ਼ਨ 4 ਗ੍ਰਾਮ ਹੋਇਆ । ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਵਿਰੁੱਧ ਥਾਣਾ ਕੱਚਾ ਪੱਕਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਪੰਜਾਬ ਪੁਲਸ ਨੇ ਹਮੇਸ਼ਾ ਦੇਸ਼ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ ਲਈ ਦਿੱਤੀਆਂ ਵੱਡੀਆਂ ਕੁਰਬਾਨੀਆਂ : ਐੱਸ ਐੱਸ ਪੀ



ਗੁਰਦਾਸਪੁਰ (ਜਨਕ ਮਹਾਜਨ)- ਦੇਸ਼ ਦੀ ਖਾਤਰ ਸ਼ਹੀਦੀਆਂ ਦੇਣ ਵਾਲੇ ਪੁਲਸ ਜਵਾਨਾਂ ਦੀ ਖਾਤਰ ਹੀ ਅੱਜ ਅਸੀਂ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਅਤੇ ਇਨ੍ਹਾਂ ਦੀ ਬਦੌਲਤ ਹੀ ਦੇਸ਼ ਅੰਦਰ ਅਮਨ-ਸ਼ਾਂਤੀ ਤੇ ਖੁਸ਼ਹਾਲੀ ਬਰਕਰਾਰ ਹੈ। ਇਹ ਪ੍ਰਗਟਾਵਾ ਹਰੀਸ਼ ਦਾਯਮਾ ਐਸ.ਐਸ .ਪੀ ਗੁਰਦਾਸਪੁਰ ਨੇ ਪੁਲਸ ਲਾਈਨ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ 'ਪੁਲਿਸ ਸ਼ਹੀਦੀ ਦਿਵਸ' ਨੂੰ ਸਮਰਪਿਤ ਕਰਵਾਏ ਗਏ ਸ਼ਹੀਦੀ ਸਮਾਗਮ ਦੌਰਾਨ ਕੀਤਾ। ਇਸ ਮੌਕੇ ਪੀ ਐਸ ਰਾਏ ਐਡੀਸ਼ਨਲ ਸ਼ੈਸਨ ਜੱਜ ਗੁਰਦਾਸਪੁਰ, ਆਰ ਐਸ ਚੀਮਾ ਸੀ.ਜੀ.ਐਮ ਗੁਰਦਾਸਪੁਰ, ਕਰਮਜੀਤ ਸਿੰਘ ਐਸ.ਡੀ.ਐਮ ਗੁਰਦਾਸਪੁਰ, ਜੁਗਰਾਜ ਸਿੰਘ ਐਸ ਪੀ (ਐੱਚ), ਬਲਵਿੰਦਰ ਸਿੰਘ ਰੰਧਾਵਾ (ਡੀ), ਸਮੂਹ ਡੀ.ਐਸ.ਪੀਜ਼ ਅਤੇ ਸ਼ਹੀਦਾਂ ਦੇ ਪਰਵਾਰਕ ਮੈਂਬਰ ਤੇ ਪੰਜਾਬ ਪੁਲਸ ਦੇ ਸਾਬਕਾ ਅਧਿਕਾਰੀ ਤੇ ਕਰਮਚਾਰੀ ਵੀ ਮੌਜੂਦ ਸਨ। ਐਸ.ਐਸ.ਪੀ ਹਰੀਸ਼ ਦਾਯਮਾ ਨੇ ਸ਼ਹੀਦੀ ਸਮਾਗਮ ਵਿੱਚ ਪਹੁੰਚੇ ਸਮੂਹ ਹਾਜ਼ਰੀਨ ਅਤੇ ਸ਼ਹੀਦ ਜਵਾਨਾਂ ਦੇ ਪਰਵਾਰਕ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਪੁਲਸ ਦਾ ਇਤਿਹਾਸ ਗੌਰਵਮਈ ਤੇ ਸ਼ਾਨਮੱਤਾ ਹੈ, ਜਿਸੇ ਨੇ ਦੇਸ਼ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ ਲਈ ਹਮੇਸ਼ਾ ਅੱਗੇ ਹੋ ਕੇ ਕੁਰਬਾਨੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਜਦ ਅੱਤਵਾਦ ਦੇ ਕਾਲੇ ਬੱਦਲਾਂ ਦਾ ਦੌਰ ਚੱਲ ਰਿਹਾ ਸੀ ਤੇ ਪੁਲਸ ਜਵਾਨਾਂ ਤੇ ਅਧਿਕਾਰੀਆਂ ਨੇ ਸ਼ਹਾਦਤਾਂ ਜਾ ਜਾਮ ਪੀ ਕੇ ਦੇਸ਼ ਅੰਦਰ ਅਮਨ-ਸ਼ਾਂਤੀ ਕਾਇਮ ਰੱਖੀ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਅਤੇ ਆਜ਼ਾਦੀ ਤੋਂ ਬਾਅਦ ਦੇਸ਼ ਅੰਦਰ ਅਮਨ-ਸ਼ਾਂਤੀ ਦੀ ਰੱਖਿਆ ਲਈ ਸੁਰੱਖਿਆ ਫੋਰਸ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ, ਜਿਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨਾਂ ਕਿਹਾ ਕਿ ਸਮਾਗਮ ਵਿਚ ਸਾਡੀ ਸੱਚੀ ਸਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਸ਼ਹੀਦ ਹੋਏ ਪਰਵਾਰਾਂ ਦੇ ਦੁੱਖ-ਸੁੱਖ ਵਿਚ ਸ਼ਾਮਿਲ ਹੋਈਏ ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰੀਏ। ਆਪਣੀ ਡਿਊਟੀ ਇਮਾਨਦਾਰੀ, ਲਗਨ ਤੇ ਤਨਦੇਹੀ ਨਾਲ ਨਿਭਾਈਏ। ਉਨ੍ਹਾਂ 21 ਅਕਤੂਬਰ ਦਿਨ ਦਾ ਇਤਿਹਾਸ ਦੱਸਦਿਆਂ ਦੱਸਿਆ ਕਿ 21 ਅਕਤੂਬਰ 1959 ਨੂੰ ਲੱਦਾਖ ਦੇ ਹੋਟ ਸਪਰਿੰਗ ਖੇਤਰ ਵਿਚ ਸੀ.ਆਰ.ਪੀ.ਐਫ ਤੇ ਇੰਟੈਲੀਜੈਂਸ ਬਿਊਰੋ ਦੀ ਸਾਂਝੀ ਪੈਟਰੋਲਿੰਗ ਪਾਰਟੀ, ਭਾਰਤ-ਚੀਨ ਦੀ ਸਰਹੱਦ 'ਤੇ ਗਸ਼ਤ ਕਰ ਰਹੀ ਸੀ ਤੇ ਇਸ ਪਾਰਟੀ ਵਿਚ ਕਰੀਬ 10 ਜਵਾਨ ਹੀ ਸ਼ਾਮਿਲ ਸਨ ਤੇ ਚੀਨੀ ਫੌਜਾਂ ਨੇ ਹਮਲਾ ਕਰ ਦਿੱਤਾ ਪਰ ਇਨ੍ਹਾਂ ਜਵਾਨਾਂ ਨੇ ਬਹੁਤ ਬਹਾਦਰੀ ਨਾਲ ਦੁਸ਼ਮਣਾਂ ਦਾ ਟਾਕਰਾ ਕੀਤਾ ਤੇ ਉਨ੍ਹਾਂ ਦੇ ਦੰਦ ਖੱਟ ਕੀਤੇ ਪਰ ਆਪਣੀ ਮਾਤਰ ਭੂਮੀ ਵਿਚ ਦਾਖਲ ਨਹੀਂ ਹੋਣ ਦਿੱਤਾ। ਉਸੇ ਦਿਨ ਦੀ ਯਾਦ ਵਿਚ ਅੱਜ ਪੂਰੇ ਭਾਰਤ ਵਿਚ 'ਪੁਲਸ ਸ਼ਹੀਦੀ ਦਿਵਸ' ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ 1960 ਵਿਚ ਕੀਤੀ ਗਈ। ਉਪਰੰਤ ਦਿਲਪ੍ਰੀਤ ਸਿੰਘ, ਆਈ. ਪੀ. ਐਸ, ਏ. ਐਸ. ਪੀ, ਦੀਨਾਨਗਰ ਦੀ ਅਗਵਾਈ ਹੇਠ ਪੰਜਾਬ ਪੁਲਸ ਦੇ ਜਵਾਨਾਂ ਵਲੋਂ ਸ਼ਹੀਦਾਂ ਨੂੰ ਸਲਾਮੀ ਦਿੱਤੀ ਗਈ ਤੇ ਸਮਾਗਮ ਵਿਚ ਪੁਹੰਚੀਆਂ ਸਮੂਹ ਹਸਤੀਆਂ ਵਲੋਂ ਸ਼ਹੀਦੀ ਸਮਾਰਕ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਹਏ। ਇਸ ਤੋਂ ਪਹਿਲਾਂ ਕੁਲਵੰਤ ਸਿੰਘ ਡੀ. ਐਸ.ਪੀ (ਦਿਹਾਤੀ) ਵਲੋਂ ਸ਼ਹੀਦ ਹੋਏ ਜਵਾਨਾਂ ਤੇ ਅਧਿਕਾਰੀਆਂ ਦੇ ਨਾਂਅ ਪੜ੍ਹ ਕੇ ਸੁਣਾਏ ਗਏ। ਉਪਰੰਤ ਐਸ ਐਸ ਪੀ ਗੁਰਦਾਸਪੁਰ ਅਤੇ ਮੁੱਖ ਸ਼ਖਸੀਅਤਾਂ ਵਲੋਂ ਸ਼ਹੀਦ ਹੋਏ ਜਵਾਨਾਂ ਦੇ ਪਰਵਾਰਕ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ ਤੇ ਪਰਵਾਰ ਵਾਲਿਆਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ ਗਈਆਂ। ਇਸ ਮੌਕੇ ਸਮੂਹ ਅਧਿਕਾਰੀਆਂ ਵੱਲੋਂ ਸ਼ਹੀਦੀ ਗੈਲਰੀ ਦਾ ਦੌਰਾ ਕੀਤਾ ਗਿਆ। ਇਸ ਮੌਕੇ ਪੁਲਿਸ ਜ਼ਿਲੇ ਦੇ ਸਮੂਹ ਐਸ.ਐਚ.ਓਜ਼ ਸਮੇਤ ਸ਼ਹੀਦ ਜਵਾਨਾਂ ਦੇ ਪਰਵਾਰਾਂ ਦੇ ਮੈਂਬਰ ਆਦਿ ਹਾਜ਼ਰ ਸਨ।

## ਪਟਾਕਿਆਂ ਦੀ ਵਿਕਰੀ ਲਈ ਆਰਜ਼ੀ ਲਾਇਸੰਸ ਜਾਰੀ



ਪਠਾਨਕੋਟ (ਦਵਿੰਦਰ ਸਿੰਘ)- ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਆਦੇਸ਼ਾਂ ਮੁਤਾਬਿਕ ਡਿਪਟੀ ਕਮਿਸ਼ਨਰ ਅਦਿਤਿਆ ਉਪਲ ਦੀਆਂ ਹਦਾਇਤਾਂ 'ਤੇ ਬੁੱਧਵਾਰ ਜ਼ਿਲ੍ਹੇ ਵਿਚ ਦੀਵਾਲੀ ਮੌਕੇ ਪਟਾਕੇ ਵੇਚਣ ਦੇ 7 ਆਰਜ਼ੀ ਲਾਇਸੰਸ ਵਧੀਕ ਡਿਪਟੀ ਕਮਿਸ਼ਨਰ (ਜ) ਹਰਦੀਪ ਸਿੰਘ ਦੀ ਅਗਵਾਈ ਵਿਚ ਬਿਨੈਕਾਰਾਂ ਦੀ ਹਾਜ਼ਰੀ ਵਿਚ ਪਾਰਦਰਸ਼ੀ ਢੰਗ ਨਾਲ ਡਰਾਅ ਰਾਹੀਂ ਅਲਾਟ ਕੀਤੇ ਗਏ। ਵਧੀਕ ਡਿਪਟੀ ਕਮਿਸ਼ਨਰ (ਜ) ਹਰਦੀਪ ਸਿੰਘ ਨੇ ਦੱਸਿਆ ਕਿ ਪਟਾਕੇ ਵੇਚਣ ਦੇ ਆਰਜ਼ੀ ਲਾਇਸੰਸ ਲੈਣ ਲਈ ਜ਼ਿਲ੍ਹੇ ਵਿਚੋਂ ਕੁੱਲ 499 ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਜਿਸ ਵਿਚੋਂ ਡਰਾਅ ਰਾਹੀਂ 7 ਆਰਜ਼ੀ ਲਾਇਸੰਸ ਜਾਰੀ ਕੀਤੇ ਗਏ। ਜਿਨ੍ਹਾਂ ਵਿੱਚ ਸ਼੍ਰੀਕਾਂਤ ਪੁੱਤਰ ਮਹਿੰਦਰ ਸਿੰਘ, ਬਲਬੀਰ ਸਿੰਘ ਪੁੱਤਰ ਉਪਦੇਸ਼ ਸਿੰਘ, ਤਾਨੀਆ ਪੁੱਤਰੀ ਰਾਜਿੰਦਰ ਪਾਲ, ਹਰਪ੍ਰੀਤ ਸਿੰਘ ਗਿੱਲ ਪੁੱਤਰ ਸ਼੍ਰੀ ਜੋਗਿੰਦਰ ਸਿੰਘ, ਮਨਦੀਪ ਕੁਮਾਰ ਪੁੱਤਰ ਮਨਜੀਤ ਲਾਲ, ਗਗਨਦੀਪ ਸਿੰਘ ਪੁੱਤਰ ਮੋਹਨ ਲਾਲ ਅਤੇ ਹਰਸ਼ ਪੁੱਤਰ ਸ਼ਾਂਤੀ ਸਰੂਪ ਦਾ ਡਰਾਅ ਨਿਕਲਿਆ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਦੱਸਿਆ ਕਿ ਸਬ ਡਵੀਜ਼ਨ ਧਾਰਕਲਾਂ ਵਿਖੇ ਪਟਾਕੇ ਵੇਚਣ ਲਈ 6 ਥਾਵਾਂ ਅਤੇ ਸਬ ਡਵੀਜ਼ਨ ਪਠਾਨਕੋਟ ਵਿਖੇ 11 ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਬ ਡਵੀਜ਼ਨ ਧਾਰਕਲਾਂ ਵਿਖੇ ਪਟਾਕੇ ਵੇਚਣ ਲਈ ਖੇਡ ਮੈਦਾਨ ਪਤਰਾਲਵਾਂ, ਖੇਡ ਮੈਦਾਨ ਫਗੋਤਾ ਰੋਡ ਦੁਨੇਰਾ, ਖੇਡ ਮੈਦਾਨ ਨੇੜੇ ਸ਼ਮਸ਼ਾਨਘਾਟ ਭੂੰਨ ਧਾਰਕਲਾਂ, ਖੇਡ ਮੈਦਾਨ ਸਰਕਾਰੀ ਮਿਡਲ ਸਕੂਲ ਥੜ੍ਹਾ ਉਪਰਲਾ, ਖੇਡ ਮੈਦਾਨ ਨੇੜੇ ਕਮਿਊਨਿਟੀ ਹਾਲ ਸ਼ਾਹਪੁਰਕੰਡੀ, ਖੇਡ ਮੈਦਾਨ ਜੁੰਗਥ ਨਿਰਧਾਰਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਸਬ ਡਵੀਜ਼ਨ ਪਠਾਨਕੋਟ ਵਿਖੇ ਪਟਾਕੇ ਵੇਚਣ ਲਈ ਟਰੱਕ ਯੂਨੀਅਨ, ਸੈਲੀ ਰੋਡ, ਪਠਾਨਕੋਟ, ਪਲੇਅ ਗਰਾਊਂਡ ਐਸ.ਡੀ ਸਕੂਲ ਈਸ਼ਾ ਨਗਰ ਮਿਸ਼ਨ ਰੋਡ ਪਠਾਨਕੋਟ, ਬਿਜਲੀ ਗਰਾਊਂਡ ਸੁਜਾਨਪੁਰ, ਮਾਰਕਫੈਡ ਗਰਾਊਂਡ ਨਰੋਟ ਜਮੈਲ ਸਿੰਘ, ਸਰਕਾਰੀ ਆਈ.ਟੀ.ਆਈ ਬਮਿਆਲ, ਰਣਜੀਤ ਸਾਗਰਡੈਮ ਦੀ ਖਾਲੀ ਜ਼ਮੀਨ ਸਾਹਮਣੇ ਸੁਵਿਧਾ ਸੈਂਟਰ ਜੁਗਿਆਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੀਰਥਲ, ਮਲਿਕਪੁਰ ਹਾਕੀ ਸਟੇਡੀਅਮ ਪਠਾਨਕੋਟ, ਜੀ.ਐਸ ਸਲਾਰੀਆ ਸੀਨੀਅਰ ਸੈਕੰਡਰੀ ਸਕੂਲ ਤਾਰਾਗੜ੍ਹ, ਨਿਊ ਪਾਰਕ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਾਹਮਣੇ ਸਰਨਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਰੋਟਾ ਨਿਰਧਾਰਤ ਕੀਤੇ ਗਏ ਹਨ।

## ਵਾਤਾਵਰਣ ਪੱਖੀ ਤਕਨੀਕਾਂ ਦੀ ਵਰਤੋਂ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸੁਰੱਖਿਅਤ ਕੀਤਾ ਜਾਵੇ : ਡੀ ਸੀ

### ਪਰਾਲੀ ਪ੍ਰਬੰਧਨ ਲਈ 18 ਬੇਲਰਾਂ ਦਾ ਰਸਮੀ ਸ਼ੁੱਭ ਆਰੰਭ




ਪੱਟੀ ( ਸ਼ਮਸ਼ੇਰ ਸਿੰਘ ਯੋਧਾ )-ਡਿਪਟੀ ਕਮਿਸ਼ਨਰ ਤਰਨ ਤਰਨ ਪਰਮਵੀਰ ਸਿੰਘ ਐਸ.ਐਸ.ਪੀ ਤਰਨ ਤਰਨ ਗੌਰਵ ਤੂਰਾ, ਮੁੱਖ ਖੇਤੀਬਾੜੀ ਅਫਸਰ ਤਰਨ ਤਰਨ ਡਾ. ਹਰਪਾਲ ਸਿੰਘ ਪੰਨੂ ਨੇ ਮੇਜਰ ਬਾਇਓ ਫਿਊਲ, ਘਰਿਆਲਾ ਵਿਖੇ ਪਰਾਲੀ ਪ੍ਰਬੰਧਨ ਲਈ 18 ਬੇਲਰ ਚਲਾਉਣ ਦਾ ਰਸਮੀ ਸ਼ੁੱਭ ਆਰੰਭ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਪਰਮਵੀਰ ਸਿੰਘ ਨੇ ਉੱਦਮੀ ਨੌਜਵਾਨ ਨਵਦੀਪ ਸਿੰਘ ਅਤੇ ਸਾਥੀ ਕਿਸਾਨਾਂ ਦੀ ਵਾਤਾਵਰਣ ਪੱਖੀ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸ਼ੁੱਭ ਇੱਛਾਵਾਂ ਦਿੰਦਿਆਂ ਇਲਾਕੇ ਦੇ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਜਿਸ ਕਾਰਜ ਨਾਲ ਸਾਡੀ ਧਰਤੀ, ਵਾਤਾਵਰਣ ਅਤੇ ਜੀਵ -ਜੰਤੂ, ਮਨੁੱਖਤਾ ਦਾ ਨੁਕਸਾਨ ਹੁੰਦਾ ਹੋਵੇ ਦਿਸੇ ਤਾਂ ਸਾਨੂੰ ਅਜਿਹੇ ਕਾਰਜ ਕਰਨ ਤੋਂ ਸੰਕੋਚ ਕਰਨਾ ਚਾਹੀਦਾ। ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਾਉਣ ਬਾਰੇ ਸੁਚੇਤ ਕਰਦਿਆਂ ਉਹਨਾਂ ਕਿਹਾ ਕਿ ਸਾਡੇ ਗੁਰੂ ਸਾਹਿਬਾਨ ਦਾ ਫਲਸਫਾ ਹੀ ਕੁਦਰਤ ਦਾ ਸਤਿਕਾਰ ਕਰਨਾ ਸਿਖਾਉਂਦਾ ਹੈ। ਇਸ ਲਈ ਸਾਨੂੰ ਧਰਤੀ ਅਤੇ ਵਾਤਾਵਰਣ ਪੱਖੀ ਅਜਿਹੀਆਂ ਤਕਨੀਕਾਂ ਦੀ ਚੋਣ ਕਰਨੀ ਚਾਹੀਦੀ ਹੈ ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸੁਰੱਖਿਅਤ ਰਹਿ ਸਕੇ। ਸਟੇਜ ਸੰਚਾਲਨ ਦੌਰਾਨ ਡਾ ਭੁਪਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ ਪੱਟੀ ਨੇ ਕਿਹਾ ਕਿ ਜ਼ਮੀਨ ਵਿੱਚ ਪਾਇਆ ਜਾਂਦਾ ਜੈਵਿਕ ਮਾਦਾ ਖੂਨ ਦੀ ਤਰ੍ਹਾਂ ਹੁੰਦਾ ਹੈ, ਜਿਵੇਂ ਘੱਟ ਖੂਨ ਹੋਵੇ ਤਾਂ ਮਨੁੱਖੀ ਸਰੀਰ ਕਮਜ਼ੋਰ ਹੋ ਜਾਂਦਾ ਹੈ ਉਸੇ ਤਰ੍ਹਾਂ ਜੇਕਰ ਜ਼ਮੀਨ ਵਿੱਚ ਜੈਵਿਕ ਮਾਦਾ ਘੱਟ ਜਾਵੇ ਤਾਂ ਜ਼ਮੀਨ ਦੀ ਸਿਹਤ ਖਰਾਬ ਹੋ ਜਾਂਦੀ ਹੈ। ਮਿੱਟੀ ਵਿੱਚ ਮੌਜੂਦ ਜੈਵਿਕ ਮਾਦਾ ਉਹਨਾਂ ਸੂਖਮ ਜੀਵਾਂ ਦਾ ਮੁੱਖ ਭੋਜਨ ਹੁੰਦਾ ਹੈ ਜੋ ਜੀਵ ਮਿੱਟੀ ਵਿੱਚ ਮੌਜੂਦ ਤੱਤਾਂ ਨੂੰ ਤੋੜ ਕੇ ਪੌਦਿਆਂ ਲਈ ਮਿਲਣ ਯੋਗ ਹਾਲਤਾਂ 'ਚ ਤਬਦੀਲ ਕਰ ਦਿੰਦੇ ਹਨ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਂਦੇ ਹਨ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਹਰਪਾਲ ਸਿੰਘ ਪੰਨੂ ਨੇ ਜਾਣਕਾਰੀ ਸਾਂਝੀ ਕੀਤੀ ਕਿ ਜਿਹੜੇ ਕਿਸਾਨ ਮਸ਼ੀਨਰੀ ਕਿਰਾਏ 'ਤੇ ਦੇਣਾ ਜਾਂ ਕਿਰਾਏ 'ਤੇ ਲੈਣਾ ਚਾਹੁੰਦੇ ਹਨ ਉਹ ਉੱਨਤ ਕਿਸਾਨ ਐਪ ਦੀ ਵਰਤੋਂ ਕਰਨ ਤਾਂ ਜੋ ਮਸ਼ੀਨਰੀ ਦਾ ਸਦਉਪਯੋਗ ਕੀਤਾ ਜਾ ਸਕੇ। ਇਸ ਮੌਕੇ ਨਵਦੀਪ ਸਿੰਘ ਨੇ ਆਏ ਅਧਿਕਾਰੀ ਸਾਹਿਬਾਨ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ। ਰਾਣਾ ਸ਼ੂਗਰ ਮਿਲ ਦੇ ਨੁਮਾਇੰਦੇ ਗੁਰਵਿੰਦਰ ਸਿੰਘ ਸੰਧੂ ਨੇ ਕਿਹਾ ਕਿ ਉਹਨਾਂ ਦੁਆਰਾ 12 ਲੱਖ ਟਨ ਪਰਾਲੀ ਇਕੱਠੀ ਕਰਨ ਦਾ ਟੀਚਾ ਹੈ। ਇਸ ਲਈ ਵੱਧ ਤੋਂ ਵੱਧ ਕਿਸਾਨ ਸਹਿਯੋਗ ਕਰਨ। ਇਸ ਮੌਕੇ ਤਹਿਸੀਲਦਾਰ ਲਛਮਣ ਸਿੰਘ, ਰਜਿੰਦਰ ਕੁਮਾਰ ਏ ਈ ਓ, ਸੁਖਬੀਰ ਸਿੰਘ ਇੰਜੀਨੀਅਰਿੰਗ ਸ਼ਾਖਾ, ਦਇਆਪ੍ਰੀਤ ਸਿੰਘ ਏ ਈ ਓ, ਗੁਰਬਰਿੰਦਰ ਸਿੰਘ ਏ ਡੀ ਓ , ਅਮਨਦੀਪ ਸਿੰਘ ਅਤੇ ਇਲਾਕੇ ਦੇ ਵੱਡੀ ਗਿੱਣਤੀ ਵਿਚ ਪਹੁੰਚੇ ਕਿਸਾਨਾਂ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਖੇਤੀ ਸਾਹਿਤ ਵੰਡਿਆ ਗਿਆ ਅਤੇ ਲੋਕ ਕਲਾ ਮੰਚ ਦੁਆਰਾ ਨੁੱਕੜ ਨਾਟਕ ਦੀ ਪੇਸ਼ਕਾਰੀ ਰਾਹੀਂ ਮਿੱਟੀ, ਪਾਣੀ ਅਤੇ ਹਵਾ ਦੀ ਹਿਫਾਜ਼ਤ ਕਰਨ ਲਈ ਦੱਸਿਆ ਗਿਆ।

# ਬਹੁ-ਪੱਖੀ ਪ੍ਰਤਿਭਾਵਾਨ ਸ਼ਖ਼ਸੀਅਤ ਸਾਧੂ ਬਿਨਿੰਗ ਦਾ ਦੇਸ਼ ਭਗਤ ਕਮੇਟੀ ਵੱਲੋਂ ਨਿੱਘਾ ਸਨਮਾਨ



ਜਲੰਧਰ (ਕੇਸਰ) ਪੰਜਾਬੀ ਸਾਹਿਤ ਜਗਤ ਦੇ ਜਾਣੇ-ਪਹਿਚਾਣੇ ਵਿਦਵਾਨ, ਬਹੁ-ਪੱਖੀ ਸ਼ਖ਼ਸੀਅਤ, ਸਾਹਿਤਕਾਰ, ਖੋਜੀ ਲੇਖਕ, ਕਨੇਡਾ ਅਤੇ ਸਾਡੇ ਮੁਲਕ ਅੰਦਰ ਸਾਹਿਤਕ, ਸਮਾਜਕ, ਜਮਹੂਰੀ, ਲੋਕ-ਪੱਖੀ ਸਰਗਰਮੀਆਂ ਨਾਲ ਜਿਨ੍ਹਾਂ ਦਾ ਹਰ ਪਲ ਦਿਲ ਧੜਕਦਾ ਹੈ ਸਾਧੂ ਬਿਨਿੰਗ ਦਾ ਦੇਸ਼ ਭਗਤ ਯਾਦਗਾਰ ਹਾਲ ਆਉਣ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਿੱਘਾ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕਈ ਦਹਾਕੇ ਪਹਿਲਾਂ ਵੈਨਕੂਵਰ ਕਨੇਡਾ ਦੀ ਧਰਤੀ 'ਤੇ ਸਾਧੂ ਬਿਨਿੰਗ ਅਤੇ ਸੁਖਵੰਤ ਹੁੰਦਲ ਨੇ ਬਹੁਤ ਹੀ ਮਕਬੂਲ ਹੋਏ ਮੈਗਜ਼ੀਨ 'ਵਤਨੋਂ ਦੂਰ' ਰਾਹੀਂ ਪੰਜਾਬੀ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਮਾਣ-ਮੱਤੇ ਮੀਲ ਪੱਥਰ ਗੱਡੇ।

ਸਾਧੂ ਬਿਨਿੰਗ ਉਸ ਟੀਮ ਦੇ ਕਪਤਾਨਾ ਵਿੱਚ ਸ਼ੁਮਾਰ ਹਨ ਜਿਨ੍ਹਾਂ ਦੀ ਵਿਸ਼ੇਸ਼ ਮਿਹਨਤ ਸਦਕਾ ਸਾਧੂ ਸਿੰਘ ਧਾਮੀ ਦਾ ਮਿੱਟੀ ਅਤੇ ਜੜ੍ਹਾਂ ਨਾਲ ਜੁੜਿਆ ਨਾਵਲ 'ਮਲੂਕਾ' ਬੇਹੱਦ ਮਕਬੂਲ ਹੋਇਆ। ਇਸ ਮੌਕੇ ਹੋਈ ਗੰਭੀਰ ਵਿਚਾਰ-ਚਰਚਾ ਮੌਕੇ ਪੰਜਾਬੀ ਸਾਹਿਤ, ਪੱਤਰਕਾਰਤਾ, ਮਾਂ-ਬੋਲੀ ਪੰਜਾਬੀ, ਪਰਵਾਸ ਦੇ ਦੁੱਖੜਿਆਂ ਦੀ ਕਲੇਜੇ ਰੁੱਗ ਭਰਦੀ ਕਹਾਣੀ, ਰੋਟੀ ਰੋਜ਼ੀ ਲਈ ਕਨੇਡਾ ਦੀਆਂ ਸੜਕਾਂ 'ਤੇ ਦਿਨ-ਰਾਤ ਜਗਰਾਤੇ ਕੱਟਦੇ ਅਤੇ ਜਾਗੋ ਕੱਢਦੇ ਵਿਦਿਆਰਥੀਆਂ ਦੀ ਦਾਸਤਾਂ ਸਾਂਝੀ ਕੀਤੀ। ਗ਼ਦਰੀ ਬਾਬਿਆਂ ਦੇ ਮੇਲੇ ਦਾ ਦੇਸ਼-ਬਦੇਸ਼ ਵਸਦੇ ਲੋਕਾਂ ਵਿੱਚ ਇੱਕ ਪੁੱਲ, ਇੱਕ ਸੰਗਮ ਦਾ ਕੰਮ ਕਰਨਾ, ਸਾਡੀ ਇਤਿਹਾਸਕ ਵਿਰਾਸਤ ਨੂੰ ਸੰਭਾਲਣ ਅਤੇ ਅੱਗੇ ਤੋਰਨ ਦਾ ਕੰਮ ਕਰਨਾ ਹੈ। ਇਹ ਵੀ ਵਿਚਾਰਾਂ ਹੋਈਆਂ ਕਿ ਸਮੂਹਿਕ ਉਪਰਾਲੇ, ਦੇਸ਼ ਭਗਤ ਯਾਦਗਾਰ ਹਾਲ ਨੂੰ ਆਪਣਾ ਹਕੀਕੀ ਘਰ ਸਮਝਣ ਦੀ ਸੂਝ-ਬੂਝ ਅਤੇ ਸਮਿਆਂ ਦੇ ਹਾਣੀ ਬਣਕੇ ਤੁਰਦੀਆਂ ਸਰਗਰਮੀਆਂ ਸਦਕਾ ਹੀ ਹੈ। ਸਾਧੂ ਬਿਨਿੰਗ ਨੇ ਪੁਸਤਕਾਂ ਦਾ ਸੈੱਟ ਮਾਣ ਨਾਲ ਕਮੇਟੀ ਤੋਂ ਪ੍ਰਾਪਤ ਕਰਦਿਆਂ ਇਸਨੂੰ ਸਭ ਤੋਂ ਅਨਮੋਲ ਨਜ਼ਰਾਨਾ ਕਰਾਰ ਦਿੱਤਾ। ਉਹਨਾਂ ਨੇ 7, 8, 9 ਨਵੰਬਰ ਨੂੰ ਹੋ ਰਹੇ ਗ਼ਦਰੀ ਬਾਬਿਆਂ ਦੇ ਮੇਲੇ ਦੀ ਮੁਬਾਰਕਬਾਦ ਦਿੰਦਿਆਂ ਆਰਥਕ ਸਹਾਇਤਾ ਕੀਤੀ, ਜਿਸਦਾ ਕਮੇਟੀ ਨੇ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਗੁਰਮੀਤ ਸਿੰਘ, ਪ੍ਰੋ. ਗੋਪਾਲ ਬੁੱਟਰ ਅਤੇ ਰਣਜੀਤ ਸਿੰਘ ਔਲਖ ਹਾਜ਼ਰ ਸਨ।

# ਪਰਾਲੀ ਨੂੰ ਬਿਨਾਂ ਅੱਗ ਲਗਾਏ ਸੁਚੱਜੇ ਪ੍ਰਬੰਧਨ ਲਈ ਵਿਭਾਗਾਂ ਨਾਲ ਮੀਟਿੰਗ

ਮਹਾਲੀ (ਗੁਰਜੀਤ ਬਿੱਲਾ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਵਿਰਾਜਸ਼ਿਆਮ ਕਰਨ ਤਿੜਕੇ ਵੱਲੋਂ ਜ਼ਿਲ੍ਹੇ ਵਿੱਚ ਸਾਲ 2024-25 ਦੌਰਾਨ ਸੀ ਆਰ ਐੱਮ ਸਕੀਮ ਅਧੀਨ ਝੋਨੇ ਦੀ ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ ਸੁਚੱਜੇ ਪ੍ਰਬੰਧਨ ਲਈ ਸਬੰਧਤ ਵਿਭਾਗਾਂ ਨਾਲ ਮੀਟਿੰਗ ਕੀਤੀ। ਉਹਨਾਂ ਨੇ ਖੇਤੀਬਾੜੀ, ਸਹਿਕਾਰਤਾ ਅਤੇ ਹੋਰ ਵਿਭਾਗਾਂ ਦੇ ਹਾਜ਼ਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਬਸਿਡੀ ਤੇ ਮੁਹੱਈਆਂ ਕਰਵਾਈਆਂ ਗਈਆ ਮਸ਼ੀਨਾਂ ਦੀ ਵੱਧ ਤੋਂ ਵੱਧ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ ਅਤੇ ਲੋੜਵੰਦ ਕਿਸਾਨਾਂ ਨੂੰ ਨੋਡਲ ਅਫਸਰਾਂ ਰਾਹੀਂ ਮਸ਼ੀਨਰੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਤੋਂ ਨਿਜ਼ਾਤ ਪਾਈ ਜਾ ਸਕੇ।ਵਧੀਕ ਡਿਪਟੀ ਕਮਿਸ਼ਨਰ ਵੱਲੋਂ ਇਹ ਵੀ ਕਿਹਾ ਗਿਆ ਕਿ ਸਾਲ 2018 ਤੋਂ ਹੁਣ ਤੱਕ ਸਪਲਾਈ ਕੀਤੀਆਂ ਗਈਆਂ 1328 ਮਸ਼ੀਨਾਂ ਦੀਆਂ ਸੂਚੀਆਂ ਸਬੰਧਤ ਪਿੰਡਾਂ ਵਿੱਚ ਸਹਿਕਾਰੀ ਸਭਾਵਾਂ, ਪੰਚਾਇਤ ਘਰਾਂ, ਪਿੰਡਾਂ ਦੀਆਂ ਸੱਥਾਂ ਅਤੇ ਹੋਰ ਜਨਤਕ ਥਾਵਾਂ ਤੇ ਚਸਪਾ ਕਰਨੀਆਂ ਯਕੀਨੀ ਬਣਾਈਆ ਜਾਣ।ਇਸ ਤੋਂ ਇਲਾਵਾ ਉਹਨਾਂ ਨੇ ਇਹ ਵੀ ਆਦੇਸ਼ ਦਿੱਤੇ ਕਿ ਆਲੂ, ਮਟਰ ਅਤੇ ਹੋਰ ਸਬਜ਼ੀਆਂ ਦੀ ਕਾਸ਼ਤ ਕਰਨ ਵਾਲੇ ਪਿੰਡਾਂ ਦੀ ਸ਼ਨਾਖਤ ਕੀਤੀ ਜਾਵੇ ਤਾਂ ਜੋ ਪੁਲਿਸ, ਫਾਇਰ ਬ੍ਰਿਗੇਡ ਦਾ ਪ੍ਰਬੰਧ ਅਤੇ ਆਈ ਈ ਸੀ ਗਤੀਵਿਧੀਆਂ ਨੂੰ ਸਮੇਂ ਸਿਰ ਲਾਗੂ ਕੀਤਾ ਜਾ ਸਕੇ ਅਤੇ ਜ਼ਿਲ੍ਹੇ ਵਿੱਚ ਕੰਮ ਕਰ ਰਹੇ ਬੇਲਰਾਂ ਰਾਹੀਂ ਪਹਿਲ ਦੇ ਅਧਾਰ ਤੇ ਅਜਿਹੇ ਖੇਤਾਂ ਵਿੱਚੋਂ ਪਰਾਲੀ ਦੀਆਂ ਗੰਢਾਂ ਬਣਾਉਣ ਲਈ ਸੁਝਾਅ ਦਿੱਤਾ।ਇਸ ਮੀਟਿੰਗ ਦੌਰਾਨ ਸਹਾਇਕ ਕਮਿਸ਼ਨਰ (ਜਨਰਲ) ਅੰਕਿਤਾ ਕਾਂਸਲ, ਖੇਤੀਬਾੜੀ ਵਿਭਾਗ ਦੇ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਗੁਰਬੀਰ ਸਿੰਘ ਢਿੱਲੋਂ, ਮੁੱਖ ਖੇਤੀਬਾੜੀ ਅਫਸਰ, ਗੁਰਮੇਲ ਸਿੰਘ ਅਤੇ ਖੇਤੀਬਾੜੀ ਅਫਸਰ ਗੁਰਦਿਆਲ ਕੁਮਾਰ ਤੋਂ ਇਲਾਵਾ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਵਿਦਿਆਰਥੀਆਂ ਨੇ ਤਰਕਸ਼ੀਲ ਸੁਸਾਇਟੀ ਦੀ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਦਿੱਤੀ



ਸ਼ਾਹਕੋਟ (ਗਿਆਨ ਸੈਦਪੁਰੀ) ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ, ਵਾਤਾਵਰਨ ਪ੍ਰਤੀ ਸੁਹਿਰਦ ਹੋਣ, ਆਪਣੇ ਅਮੀਰ ਵਿਰਸੇ ਤੇ ਇਤਿਹਾਸ ਤੋਂ ਜਾਣੂ ਕਰਵਾਉਣ ਅਤੇ ਚਲੰਤ ਮਾਮਲਿਆਂ ਪ੍ਰਤੀ ਰੁਚੀ ਪੈਦਾ ਕਰਨ ਦੇ ਮਕਸਦ ਨਾਲ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਦਾ ਆਯੋਜਨ ਕੀਤਾ ਗਿਆ।ਇਸ ਤਹਿਤ ਅੱਜ ਤਰਕਸ਼ੀਲ ਸੁਸਾਇਟੀ ਦੀ ਸ਼ਾਹਕੋਟ ਇਕਾਈ ਵੱਲੋਂ ਦਰਜਨ ਤੋਂ ਵੱਧ ਸਕੂਲਾਂ ਵਿਚ ਇਹ ਪ੍ਰੀਖਿਆ ਲਈ ਗਈ ਜਿਸ ਵਿਚ 1280 ਵਿਦਿਆਰਥੀਆਂ ਨੇ ਭਾਗ ਲਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਇਕਾਈ ਦੇ ਕਾਰਜਕਾਰੀ ਮੁਖੀ ਜਿੰਦਰ ਬਾਗਪੁਰ ਅਤੇ ਪ੍ਰਿਤਪਾਲ ਬਾਗਪੁਰ ਨੇ ਕਿਹਾ ਕਿ ਇਹ ਪ੍ਰੀਖਿਆ ਦੋ ਵਰਗਾਂ ਮਿਡਲ ਅਤੇ ਸੈਕੰਡਰੀ ਵਿਚ ਲਈ ਗਈ।ਪ੍ਰੀਖਿਆ ਦੀ ਤਿਆਰੀ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਇਨ੍ਹਾਂ ਦੋਹਾਂ ਵਰਗਾਂ ਲਈ ਵੱਖੋ ਵੱਖਰੀ ਤਿਆਰ ਕੀਤੀ ਗਈ ਪੁਸਤਕ ਵਿਦਿਆਰਥੀਆਂ ਨੂੰ ਦਿੱਤੀ ਗਈ ਜਿਸ ਵਿਚ ਵਿਗਿਆਨ, ਵਾਤਾਵਰਨ, ਆਜ਼ਾਦੀ ਘੁਲਾਟੀਏ ਅਤੇ ਚਲੰਤ ਮਾਮਲਿਆਂ ਸਬੰਧੀ ਲੇਖ ਸਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਇਸ ਪ੍ਰੀਖਿਆ ਵਿਚ ਭਾਗ ਲਿਆ। ਉਨ੍ਹਾਂ ਦੱਸਿਆ ਕਿ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸੁਸਾਇਟੀ ਵੱਲੋਂ ਸਰਟੀਫਿਕੇਟ ਦਿੱਤਾ ਜਾਵੇਗਾ ਅਤੇ ਸਕੂਲ, ਇਕਾਈ, ਜੋਨ ਅਤੇ ਸੂਬਾ ਪੱਧਰ 'ਤੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

## ਸਹਾਇਕ ਕਮਿਸ਼ਨਰ ਦੀ ਤਰੱਕੀ ਹੋਣ 'ਤੇ ਦਿੱਤੀ ਵਧਾਈ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਨਗਰ ਨਿਗਮ ਸਫਾਈ ਕਰਮਚਾਰੀ ਯੂਨੀਅਨ ਦੇ ਸਮੂਹ ਮੈਂਬਰਾਂ ਵੱਲੋਂ ਸਹਾਇਕ ਕਮਿਸ਼ਨਰ ਸੰਜੀਵ ਕੁਮਾਰ ਤਿਵਾੜੀ ਦੀ ਪ੍ਰਮੋਸ਼ਨ ਹੋਣ 'ਤੇ ਉਹਨਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਵਧਾਈ ਦਿੱਤੀ ਗਈ ਅਤੇ ਉਹਨਾਂ ਦੇ ਵਧੀਆ ਪ੍ਰਦਰਸ਼ਨ ਦੇ ਲਈ ਉਹਨਾਂ ਨੂੰ ਪੈਨ ਭੇਟ ਕੀਤਾ ਗਿਆ।ਇਸ ਮੌਕੇ ਚੇਅਰਮੈਨ ਕੇਸ ਸਿੱਧੂ, ਉਪ ਪ੍ਰਧਾਨ ਸੋਮ ਨਾਥ ਆਦੀਆ, ਸਕੱਤਰ ਹੀਰਾ ਲਾਲ, ਵਿਕਰਮਜੀਤ, ਬਲਰਾਮ ਭੱਟੀ, ਜੈ ਗੋਪਾਲ, ਅਸ਼ੋਕ ਹੰਸ, ਜੁਗਿੰਦਰ ਪਾਲ ਆਦੀਆ, ਕੈਲਾਸ਼ ਗਿੱਲ, ਦੇਵ ਵੜੈਚ, ਆਸ਼ੂ ਵੜੈਚ, ਪ੍ਰਦੀਪ ਆਦੀਆ ਆਦਿ ਹਾਜ਼ਰ ਸਨ।

## ਵੋਟਰ ਸੂਚੀਆਂ ਦੀ ਸੁਧਾਈ 29 ਤੋਂ

ਮਹਾਲੀ (ਗੁਰਜੀਤ ਬਿੱਲਾ) ਮੁੱਖ ਚੋਣ ਅਫ਼ਸਰ ਪੰਜਾਬ ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 01.01.2024 ਦੇ ਆਧਾਰ 'ਤੇ ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਸਬੰਧੀ ਪ੍ਰੋਗਰਾਮ 29.10.2024 ਤੋਂ ਸ਼ੁਰੂ ਹੋ ਰਿਹਾ ਹੈ। ਮਿਤੀ 29/10/2024 ਤੋਂ 28/11/2024 ਤੱਕ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ।ਮੁੱਖ ਚੋਣ ਅਫ਼ਸਰ, ਪੰਜਾਬ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਬੂਥ ਲੈਵਲ ਅਫ਼ਸਰ (ਬੀ.ਐਲ.ਓਜ਼) ਦੁਆਰਾ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਲਈ ਮਿਤੀ 09/11/2024 (ਸ਼ਨੀਵਾਰ) ਅਤੇ 10/11/2024 (ਐਤਵਾਰ) ਅਤੇ 23/11/2024 (ਸ਼ਨੀਵਾਰ) ਅਤੇ 24/11/2024 (ਐਤਵਾਰ) ਨੂੰ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਪੋਲਿੰਗ ਸਟੇਸ਼ਨਾਂ 'ਤੇ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਹਰ ਪੋਲਿੰਗ ਸਟੇਸ਼ਨ ਉਪਰ ਦੱਸੇ ਦਿਨ ਇਹ ਵਿਸ਼ੇਸ਼ ਕੈਂਪ ਲੱਗਣ। ਸਪੈਸ਼ਲ ਕੈਂਪ ਦੌਰਾਨ ਬੀ.ਐਲ.ਓਜ਼ ਪੋਲਿੰਗ ਸਟੇਸ਼ਨ ਵਿੱਚ ਨਾਗਰਿਕਾਂ/ਵੋਟਰਾਂ ਪਾਸੋਂ ਦਾਅਵੇ/ਇਤਰਾਜ਼ (ਫਾਰਮ ਨੰ.6, 7 ਅਤੇ 8) ਪ੍ਰਾਪਤ ਕਰਨਗੇ।

## ਬੇਟੀ ਪੜ੍ਹਾਓ, ਬੇਟੀ ਬਚਾਓ' ਅਧੀਨ ਨਵ-ਜਨਮੀਆਂ ਨੂੰ ਦਿੱਤੇ ਬੇਬੀ ਕਿੱਟ



ਮੋਹਾਲੀ (ਗੁਰਜੀਤ ਬਿੱਲਾ) ਦਫਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਖਰੜ - 2 ਵਿਖੇ ਬੇਟੀ ਪੜ੍ਹਾਓ ਬੇਟੀ ਬਚਾਓ ਅਧੀਨ ਨਵ ਜਨਮੀਆਂ ਬੱਚੀਆਂ ਨੂੰ ਬੇਬੀ ਕਿੱਟ ਦਿੱਤੇ ਗਏ। ਮਿਤੀ 22.10.2024 ਨੂੰ ਦਫਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਖਰੜ-2 ਵਿਖੇ ਨਵ ਜਨਮੀਆਂ ਬੱਚੀਆਂ ਨੂੰ ਬੇਬੀ ਕਿੱਟ ਦਿੱਤੇ ਗਏ ਹਨ। ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਬੇਟੀ ਪੜ੍ਹਾਓ ਬੇਟੀ ਬਚਾਓ ਸਕੀਮ ਤਹਿਤ 58 ਬੇਬੀ ਕਿੱਟ ਬਲਾਕ ਖਰੜ -2 ਨੂੰ ਉਪਲਬਧ ਕਰਵਾਏ ਗਏ ਹਨ। ਜਿਨਾਂ ਦੀ ਵੰਡ 28 ਸੈਂਟਰਾਂ ਅਤੇ 30 ਕੁੰਭੜਾ ਵਿਖੇ ਯੋਗ ਲਾਭਪਾਤਰੀਆਂ ਨੂੰ ਕੀਤੀ ਗਈ ਹੈ। ਇਹ ਬੇਬੀ ਕਿੱਟ ਦੇ ਕੇ ਨਵਜੰਮੀਆਂ ਬੱਚੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ ਤੇ ਬੇਟੀਆਂ ਦੀ ਸਮਾਜ ਨੂੰ ਦੇਣ ਤੇ ਚਾਨਣਾ ਪਾਇਆ ਗਿਆ ਤੇ ਬੱਚੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

## ਪਹਿਲਾ ਫੁੱਟਬਾਲ ਟੂਰਨਾਮੈਂਟ ਅੱਜ ਤੋਂ



ਮਹਿਟੀਆਣਾ (ਜਗਤਾਰ ਸਿੰਘ ਡੂੰਗਰਨੀ) ਵਿਸ਼ਵ ਦੋਆਬਾ ਰਾਜਪੂਤ ਸਭਾ ਪੰਜਾਬ ਵੱਲੋਂ ਪਹਿਲਾ ਸਾਲਾਨਾ ਫੁੱਟਬਾਲ ਟੂਰਨਾਮੈਂਟ ਅੱਜ 24 ਅਕਤੂਬਰ ਤੋਂ ਸ਼ੁਰੂ ਹੋ ਕੇ 27ਅਕਤੂਬਰ ਦਿਨ ਐਤਵਾਰ ਤੱਕ ਪਿੰਡ ਡੁਗਲਾਣਾ ਦੀ ਗਰਾਊਂਡ ਵਿੱਚ ਚਲੇਗਾ।ਉਪਨ ਫੁਟਬਾਲ ਵਿੱਚ ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 51000 ਰੁਪਏ ਅਤੇ ਦੂਸਰੇ ਸਥਾਨ ਉਪਰ ਰਹਿਣ ਵਾਲੀ ਟੀਮ ਨੂੰ 41000ਰੁਪੈ 52ਕਿਲੋ ਭਾਰ ਵਿੱਚ ਪਹਿਲੇ ਸਥਾਨ ਉਪਰ ਰਹਿਣ ਵਾਲੀ ਟੀਮ ਨੂੰ 21000 ਰੁਪਏ ਅਤੇ ਦੂਸਰੇ ਸਥਾਨ ਉਪਰ ਰਹਿਣ ਵਾਲੀ ਟੀਮ ਨੂੰ 15000 ਰੁਪਏ ਦਿੱਤੇ ਜਾਣਗੇ। 27ਅਕਤੂਬਰ ਦਿਨ ਐਤਵਾਰ ਨੂੰ ਪੰਜਾਬ ਦੇ ਮਸ਼ਹੂਰ ਕਲਾਕਾਰ ਰੰਗਾਂ ਰੰਗ ਪ੍ਰੋਗਰਾਮ ਪੇਸ਼ ਕਰਨਗੇ ਅਤੇ ਇਨਾਮਾਂ ਦੀ ਵੰਡ ਡਾ ਬਲਜੀਤ ਕੌਰ ਕੈਬਨਿਟ ਮੰਤਰੀ ਪੰਜਾਬ, ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਅਤੇ ਡਾ. ਰਵਜੋਤ ਸਿੰਘ ਕੈਬਨਿਟ ਮੰਤਰੀ ਪੰਜਾਬ ਸਾਂਝੇ ਤੌਰ 'ਤੇ ਕਰਨਗੇ। ਟੂਰਨਾਮੈਂਟ ਦੀ ਤਿਆਰੀ ਸੰਬੰਧੀ ਬਲਬੀਰ ਸਿੰਘ ਡੁਗਲਾਣਾ, ਣਤਿਕ ਸਿੰਘ ਪਰਧਾਨ, ਓਕਾਰ ਸਿੰਘ ਮਿਨਹਾਸ, ਸੁਖਜੀਤ ਸਿੰਘ ਪਰਮਾਰ, ਅਵਤਾਰ ਸਿੰਘ ਡਾਡੀਆਣਾ, ਬਲਵਿੰਦਰ ਸਿੰਘ, ਹਰਮਨਜੀਤ ਸਿੰਘ, ਪਰਮਾਰ, ਸੋਨੂੰ ਟੋਲਾ, ਸੋਰਵ ਗੌਰਵ, ਪ੍ਰਦੀਪ ਕੁਮਾਰ ਹਾਜ਼ਰ ਸਨ।

## ਸਾਂਬੋਦੀਆ ਵਿਖੇ 27 ਨੂੰ ਮਨਾਇਆ ਜਾਵੇਗਾ ਸਤਿਗੁਰੂ ਵਾਲਮੀਕਿ ਦਾ ਪ੍ਰਕਾਸ਼ ਦਿਹਾੜਾ

ਨਵਾਂਸ਼ਹਿਰ (ਮਨੋਜ ਲਾਡੀ) ਸ੍ਰੀ ਗੁਰੂ ਰਵਿਦਾਸ ਟੈਂਪਲ ਬੋਰਗੋ ਸੰਬੋਦੀਆ (ਲਾਤੀਨਾ) ਇਟਲੀ ਵਿਖੇ ਮਿਤੀ 27 ਅਕਤੂਬਰ ਦਿਨ ਐਤਵਾਰ ਨੂੰ ਸਤਿਗੁਰੂ ਵਾਲਮੀਕਿ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ। ਪ੍ਰਕਾਸ਼ ਦਿਹਾੜੇ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਗੁਰੂ ਰਵਿਦਾਸ ਟੈਂਪਲ ਬੋਰਗੋ ਸੰਬੋਦੀਆ (ਲਾਤੀਨਾ) ਇਟਲੀ ਦੇ ਪ੍ਰਧਾਨ ਸ੍ਰੀ ਰਾਮ ਆਸਰਾ ਅਤੇ ਸਮੂਹ ਕਮੇਟੀ ਮੈਂਬਰਾਂ ਤੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਮੌਕੇ ਵਿਸ਼ੇਸ਼ ਤੌਰ 'ਤੇ ਇੰਡੀਆ (ਪੰਜਾਬ) ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਭਰੋਮਜਾਰਾ ਤੋਂ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਸਿੰਘ ਜੀ ਪਹੁੰਚ ਰਹੇ ਹਨ। ਸੰਤ ਕੁਲਵੰਤ ਸਿੰਘ ਜੀ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਸੰਤ ਕੁਲਵੰਤ ਸਿੰਘ ਜੀ ਤੇ ਉਹਨਾਂ ਦੇ ਸਾਥੀਆਂ ਦਾ ਪ੍ਰਬੰਧਕਾਂ ਵਲੋਂ ਮਾਣ ਸਨਮਾਨ ਕੀਤਾ ਜਾਵੇਗਾ।ਇਸ ਮੌਕੇ ਰਾਮ ਆਸਰਾ (ਪ੍ਰਧਾਨ), ਚਮਨ ਲਾਲ ਭੱਟੀ, ਹੰਸ ਰਾਜ, ਗ੍ਰੰਥੀ ਮਨਜੀਤ ਜੀ, ਭਜਨ ਸਿੰਘ ਸ਼ਿੰਦੀ, ਸੀਤਲ ਦਾਸ, ਮੋਹਨ ਲਾਲ ਆਦਿ ਹਾਜ਼ਰ ਸਨ।

# ਮਾਪਿਆਂ ਤੇ ਅਧਿਆਪਕਾਂ ਦੀ ਮਿਲਣੀ ਸ਼ਲਾਘਾਯੋਗ ਉਪਰਾਲਾ : ਪ੍ਰੋ. ਬਹਾਦਰ ਸਿੰਘ ਸੁਨੇਤ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਸਿੱਖਿਆ ਅਫਸਰ ਦੀ ਅਗਵਾਈ ਹੇਠ ਸਕੂਲਾਂ ਵਿੱਚ ਕਰਵਾਏ ਗਏ ਮੈਗਾ ਪੀ ਟੀ ਐਮ ਕਰਵਾਇਆ ਗਿਆ।ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ, ਪ੍ਰੀਤ ਨਗਰ ਪਿੰਡ ਅੱਜੋਵਾਲ, ਹੁਸ਼ਿਆਰਪੁਰ ਵਿਖੇ ਕਰਵਾਏ ਗਏ ਮੈਗਾ ਮਾਪਿਆਂ-ਅਧਿਆਪਕਾਂ ਮਿਲਣੀ ਦੌਰਾਨ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰਸਟ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਮਿਲਣੀਆਂ ਖਾਸ ਕਰਕੇ ਪਿੰਡਾਂ ਵਿੱਚ ਸਥਿਤ ਸਕੂਲਾਂ ਦੇ ਵਿਦਿਆਰਥੀਆਂ ਲਈ ਬਹੁਤ ਹੀ ਸ਼ਲਾਘਾਯੋਗ ਨਤੀਜੇ ਸਾਹਮਣੇ ਆ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਪ੍ਰੀਤ ਨਗਰ ਵਿਖੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਵਾਰਾਂ ਦੇ ਬੱਚੇ ਪੜ੍ਹਦੇ ਹਨ ਅਤੇ ਇਨ੍ਹਾਂ ਪਰਵਾਰਾਂ ਦੇ ਬੱਚਿਆਂ ਨੂੰ ਵਿੱਦਿਆ ਪ੍ਰਾਪਤ ਕਰਵਾਉਣ ਅਤੇ ਇਨ੍ਹਾਂ ਦੇ ਵਿਕਾਸ ਲਈ ਟਰਸਟ ਵੱਲੋਂ ਲੰਮੇ ਸਮੇਂ ਤੋਂ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਇਹ ਲੋਕ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕਣ।ਉਨ੍ਹਾਂ ਕਿਹਾ ਕਿ ਟਰੱਸਟ ਵੱਲੋਂ ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਇਸ ਸਕੂਲ ਨੂੰ ਵਿਦਿਆ ਦੇ ਖੇਤਰ ਵਿੱਚ ਪੰਜਾਬ ਦਾ ਬਿਹਤਰੀਨ ਸਕੂਲ ਬਣਾਇਆ ਜਾਵੇਗਾ।ਟਰੱਸਟ ਵੱਲੋਂ ਇਥੋਂ ਦੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਦਾਖਲਾ ਦਿਵਾਉਣ ਲਈ ਵਿਸ਼ੇਸ਼ ਟਰੇਨਿੰਗ ਵੀ ਲਈ ਪ੍ਰਬੰਧ ਕੀਤੇ ਗਏ ਹਨ।ਇਸ ਮੌਕੇ ਪਿੰਡ ਦੇ ਸਰਪੰਚ ਸ਼੍ਰੀਮਤੀ ਆਰਤੀ ਸ਼ਰਮਾ, ਪੰਚ ਸਰਦਾਰ ਰਜਿੰਦਰ ਸਿੰਘ, ਸ਼੍ਰੀਮਤੀ ਬਬਲੀ, ਸ਼੍ਰੀਮਤੀ ਅਮਰ ਕੌਰ, ਸ਼੍ਰੀਮਤੀ ਜੋਤੀ ਬਾਲਾ ਅਤੇ ਸ਼੍ਰੀਮਤੀ ਸਰਬਜੀਤ ਕੌਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਟਰੱਸਟ ਦੇ ਚੇਅਰਮੈਨ ਇਗਲੈਂਡ ਨਿਵਾਸੀ ਰਣਜੀਤ ਸਿੰਘ ਅਤੇ ਜੇ ਐਸ ਆਹਲੂਵਾਲੀਆ ਵਲੋਂ ਵੀ ਆਪਣੇ ਸੰਦੇਸ਼ ਰਾਹੀਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰਵਾਉਣ।ਟਰੱਸਟ ਦੇ ਮੈਂਬਰ ਗੁਰਪ੍ਰੀਤ ਸਿੰਘ, ਜਤਿੰਦਰ ਕੌਰ ਅਤੇ ਪ੍ਰਿੰਸੀਪਲ ਰਚਨਾ ਕੌਰ ਵੀ ਇਸ ਮੌਕੇ 'ਤੇ ਮੌਜੂਦ ਸਨ। ਸਕੂਲ ਦੇ ਪ੍ਰਿੰਸੀਪਲ ਪ੍ਰਵੀਨ ਕੁਮਾਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਨਵੀਂ ਚੁਣੀ ਗਈ ਸਰਪੰਚ ਸ਼੍ਰੀਮਤੀ ਆਰਤੀ ਸ਼ਰਮਾ ਅਤੇ ਹੋਰ ਮਹਿਮਾਨਾਂ ਨੂੰ ਸਕੂਲ ਦੇ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ।

# ਸ਼ਾਂਤੀ ਤੇ ਅਹਿੰਸਾ ਦਾ ਮਾਰਗ ਹੀ ਸਭ ਤੋਂ ਉੱਤਮ ਮਾਰਗ : ਗੁਰਦੀਪ ਸਿੰਘ ਕੰਗ



ਫਗਵਾੜਾ (ਡਾ. ਰਮਨ ) ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਗਵਰਨਰ ਲਾਇਨ ਰਛਪਾਲ ਸਿੰਘ ਬੱਚਾਜੀਵੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮਜੇਐਫ ਵਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ਼ ਐਮੀਨੈਂਸ (ਲੜਕੇ), ਪੁਰਾਣਾ ਡਾਕਖਾਨਾ ਰੋਡ, ਫਗਵਾੜਾ ਵਿਖੇ ਵਿਦਿਆਰਥੀਆਂ ਦੇ ਪੀਸ ਪੋਸਟਰ ਵਿਸ਼ੇ 'ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਕੂਲੀ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ ਅਤੇ ਪੇਂਟਿੰਗ ਦੀ ਵਿਲੱਖਣ ਮਿਸਾਲ ਪੇਸ਼ ਕਰਦੇ ਆਕਰਸ਼ਕ ਪੋਸਟਰ ਤਿਆਰ ਕੀਤੇ।ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਗਿਆ। ਡਿਸਟ੍ਰਿਕਟ ਚੇਅਰਮੈਨ ਲਾਇਨ ਗੁਰਦੀਪ ਸਿੰਘ ਕੰਗ ਨੇ ਦੱਸਿਆ ਕਿ ਇਸ ਮੁਕਾਬਲੇ ਦਾ ਮੰਤਵ ਵਿਸ਼ਵ ਨੂੰ ਸ਼ਾਂਤੀ ਦਾ ਸੰਦੇਸ਼ ਦੇਣਾ ਅਤੇ ਬੱਚਿਆਂ ਨੂੰ ਦੱਸਣਾ ਹੈ ਕਿ ਸ਼ਾਂਤੀ ਅਤੇ ਅਹਿੰਸਾ ਦਾ ਮਾਰਗ ਹੀ ਸਭ ਤੋਂ ਉੱਤਮ ਮਾਰਗ ਹੁੰਦਾ ਹੈ। ਸਕੂਲ ਪ੍ਰਿੰਸੀਪਲ ਰਣਜੀਤ ਸਿੰਘ ਗੋਗਨਾ ਨੇ ਕਿਹਾ ਕਿ ਅੱਜ ਵਿਸ਼ਵ ਇੱਕ ਤਰ੍ਹਾਂ ਨਾਲ ਤੀਸਰੇ ਵਿਸ਼ਵ ਯੁੱਧ ਦੀ ਦਹਿਲੀਜ਼ 'ਤੇ ਖੜ੍ਹਾ ਹੈ।ਜਿੱਥੇ ਇੱਕ ਪਾਸੇ ਰੂਸ ਅਤੇ ਯੂਕਰੇਨ ਵਿਚਾਲੇ ਲੰਬੇ ਸਮੇਂ ਤੋਂ ਟਕਰਾਅ ਚੱਲ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਇਜ਼ਰਾਈਲ ਅਤੇ ਈਰਾਨ ਵਿਚਾਲੇ ਤਣਾਅ ਘੱਟ ਹੋਣ ਦੇ ਕੋਈ ਸੰਕੇਤ ਨਹੀਂ ਦਿਖ ਰਹੇ ਹਨ। ਸੰਸਾਰ ਦੇ ਇਸ ਦ੍ਰਿਸ਼ ਨੂੰ ਦੇਖਦੇ ਹੋਏ ਲਾਇਨਜ਼ ਇੰਟਰਨੈਸ਼ਨਲ 321-ਡੀ ਅਤੇ ਲਾਇਨ ਗੁਰਦੀਪ ਸਿੰਘ ਕੰਗ ਦਾ ਇਹ ਉਪਰਾਲਾ ਸੱਚਮੁੱਚ ਸ਼ਲਾਘਾਯੋਗ ਹੈ।ਇਸ ਮੌਕੇ ਲਾਇਨ ਸੁਸ਼ੀਲ ਸ਼ਰਮਾ ਨੂੰ ਡੀ.ਸੀ.ਐਸ.(ਪ੍ਰੋਜੈਕਟ), ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਸਕੱਤਰ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੇ ਕੁਮਾਰ, ਪੀ.ਆਰ.ਓ. ਸਤਵਿੰਦਰ ਸਿੰਘ ਭਮਰਾ, ਲਾਇਨ ਸੁਮਿਤ ਭੰਡਾਰੀ, ਲਾਇਨ ਸਾਰੰਗ ਨਿਸ਼ਚਲ, ਲਾਇਨ ਸ਼ਸ਼ੀ ਕਾਲੀਆ, ਲਾਇਨ ਮਨੋਜ ਕੁਮਾਰ, ਲਾਇਨ ਵਿੱਕੀ ਚੁੰਬਰ, ਸਕੂਲ ਸਟਾਫ਼ ਦੀਪਕ ਸਹਿਗਲ, ਸਤਨਾਮ ਸਿੰਘ, ਦੇਸਰਾਜ, ਸ਼ਰੂਤੀ ਦੁੱਗਲ, ਗੁਰਪ੍ਰੀਤ ਕੌਰ, ਰਵਨੀਤ ਕੌਰ ਆਦਿ ਹਾਜ਼ਰ ਸਨ।

# ਸਿੱਖਿਆ ਮੰਤਰੀ ਦੀ ਕੋਠੀ ਅੱਗੇ ਮਹਿਲਾ ਉਮੀਦਵਾਰ ਵੱਲੋਂ ਮਰਨ ਵਰਤ ਸ਼ੁਰੂ



ਨੰਗਲ (ਸੁਰਜੀਤ ਸਿੰਘ)-ਸਟੇਸ਼ਨ ਚੋਣ ਸੰਬੰਧੀ ਪੋਰਟਲ ਖੋਲ੍ਹਣ ਅਤੇ ਸਕੂਲਾਂ 'ਚ ਜੁਆਇਨ ਕਰਵਾਉਣ ਦੀ ਮੰਗ ਨੂੰ ਲੈ ਕੇ 18 ਅਕਤੂਬਰ ਸ਼ੁੱਕਰਵਾਰ ਤੋਂ ਸਕੂਲੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਪਿੰਡ ਗੰਭੀਰਪੁਰ 'ਚ ਸਥਿਤ ਕੋਠੀ ਅੱਗੇ ਰੋਸ ਧਰਨਾ ਦੇ ਰਹੇ ਈ ਟੀ ਟੀ 5994 ਭਰਤੀ ਨਾਲ ਸਬੰਧਿਤ ਉਮੀਦਵਾਰਾਂ ਵਿੱਚੋਂ ਇੱਕ ਮਹਿਲਾ ਉਮੀਦਵਾਰ ਰਜਨੀ ਬਾਲਾ ਮਾਨਸਾ ਨੇ ਬੁੱਧਵਾਰ ਤੋਂ ਮਰਨ ਵਰਤ ਸ਼ੁਰੂ ਕਰ ਦਿੱਤਾ ਹੈ।ਜਦਕਿ ਈ ਟੀ ਟੀ ਟੈਟ ਪਾਸ ਬੇਰੁਜ਼ਗਾਰ 5994 ਅਧਿਆਪਕ ਯੂਨੀਅਨ ਪੰਜਾਬ ਦੇ ਦੋ ਉਮੀਦਵਾਰ ਅਨਮੋਲ ਬੱਲੂਆਣਾ ਅਤੇ ਆਦਰਸ਼ ਅਬੋਹਰ ਪਿਛਲੇ 20 ਦਿਨਾਂ ਤੋਂ ਪਿੰਡ ਢੇਰ ਵਿਖੇ ਪਾਣੀ ਵਾਲੀ ਟੈਂਕੀ ਉੱਪਰ ਬੈਠੇ ਹਨ।ਸਰਦੀਆਂ ਦਾ ਮੌਸਮ ਸ਼ੁਰੂ ਹੋਣ ਕਾਰਨ ਟੈਂਕੀ 'ਤੇ ਬੈਠੇ ਉਮੀਦਵਾਰਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਪੰਜਾਬ ਸਰਕਾਰ ਜਾਣ ਬੁੱਝ ਕੇ ਉਨ੍ਹਾਂ ਨੂੰ ਨਜਰ ਅੰਦਾਜ ਕਰ ਰਹੀ ਹੈ।ਇਸ ਮੌਕੇ ਸੂਬਾ ਕਮੇਟੀ ਮੈਂਬਰ ਬੱਗਾ ਖੁਡਾਲ, ਪਰਮਪਾਲ ਫਾਜਿਲਕਾ, ਬੰਟੀ ਕੰਬੋਜ, ਕੁਲਵਿੰਦਰ ਬਰੇਟਾ, ਬਲਿਹਾਰ ਸਿੰਘ, ਅਸ਼ੋਕ ਬਾਵਾ, ਹਰੀਸ਼ ਫਾਜਿਲਕਾ ਅਤੇ ਪ੍ਰਗਟ ਬੋਹਾ ਨੇ ਕਿਹਾ ਕਿ ਪੰਜਾਬ ਸਰਕਾਰ ਈ ਟੀ ਟੀ 5994 ਯੂਨੀਅਨ ਦੀਆਂ ਮੰਗਾਂ ਨੂੰ ਲਗਾਤਾਰ ਅੱਖੋਂ ਪਰੋਖੇ ਕਰ ਰਹੀ ਹੈ। ਜਿਸ ਦੇ ਰੋਸ ਵਜੋਂ ਬੁੱਧਵਾਰ ਨੂੰ ਯੂਨੀਅਨ ਦੀ ਇੱਕ ਮਹਿਲਾ ਉਮੀਦਵਾਰ ਰਜਨੀ ਬਾਲਾ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ ਹੈ। ਜੋ ਸਟੇਸ਼ਨ ਚੋਣ ਸਬੰਧੀ ਪੋਰਟਲ ਖੁੱਲ੍ਹਣ ਤੱਕ ਜਾਰੀ ਰਹੇਗਾ। ਆਗੂਆਂ ਨੇ ਆਖਿਆ ਕਿ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਸਭ ਤੋਂ ਨਿਕੰਮੀ ਸਰਕਾਰ ਸਿੱਧ ਹੋਈ ਹੈ।ਆਗੂਆਂ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਮਰਨ ਵਰਤ 'ਤੇ ਬੈਠੀ ਮਹਿਲਾ ਉਮੀਦਵਾਰ ਅਤੇ ਟੈਂਕੀ ਉਪਰ ਬੈਠੇ ਦੋ ਪੁਰਸ਼ ਉਮੀਦਵਾਰਾਂ ਵਿੱਚੋਂ ਕਿਸੇ ਦਾ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸ ਦੇ ਜ਼ਿੰਮੇਵਾਰ ਸਿੱਧੇ ਤੌਰ 'ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਹੋਣਗੇ।

# ਵਾਰਡ ਨੰਬਰ 28 ਤੇ 30 'ਚ ਟਿਊਬਵੈੱਲ ਦਾ ਬ੍ਰਹਮ ਸ਼ੰਕਰ ਜਿੰਪਾ ਨੇ ਕੀਤਾ ਉਦਘਾਟਨ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ) -ਪਾਣੀ ਦੀ ਸਪਲਾਈ ਬਿਹਤਰ ਬਣਾਉਣ ਦੇ ਉਦੇਸ਼ ਨਾਲ ਹੁਸ਼ਿਆਰਪੁਰ ਦੇ ਵਾਰਡ ਨੰਬਰ 28 ਅਤੇ 30 ਵਿੱਚ ਬੰਸੀ ਨਗਰ, ਸੰਤੋਖ ਨਗਰ ਅਤੇ ਲਕਸ਼ਮੀ ਇਨਕਲੇਵ ਵਿੱਚ 32.90 ਲੱਖ ਰੁਪਏ ਦੀ ਲਾਗਤ ਨਾਲ ਇੱਕ ਨਵਾਂ ਟਿਊਬਵੈਲ ਲਗਾਇਆ ਜਾ ਰਿਹਾ ਹੈ।ਇਸ ਪ੍ਰੋਜੈਕਟ ਦੇ ਸਫਲਤਾਪੂਰਵਕ ਪੂਰਾ ਹੋਣ ਨਾਲ ਇਲਾਕੇ ਦੇ ਵਾਸੀਆਂ ਨੂੰ ਸਾਫ ਅਤੇ ਲਗਾਤਾਰ ਪਾਣੀ ਦੀ ਸਪਲਾਈ ਮਿਲੇਗੀ।ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਇਸ ਪ੍ਰੋਜੈਕਟ ਦਾ ਉਦਘਾਟਨ ਕੀਤਾ ਅਤੇ ਵਾਰਡ ਵਾਸੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਟਿਊਬਵੈਲ ਲਗਾਉਣ ਵਾਲੀ ਟੀਮ ਨੂੰ ਕੰਮ ਵਿਚ ਗਤੀ ਲਿਆਉਣ ਦੇ ਹੁਕਮ ਦਿੱਤੇ ਤਾਂ ਜੋ ਜਲਦ ਤੋਂ ਜਲਦ ਵਾਸੀਆਂ ਨੂੰ ਇਸ ਤੋਂ ਲਾਭ ਮਿਲ ਸਕੇ। ਜਿੰਪਾ ਨੇ ਕਿਹਾ, ਇਲਾਕੇ ਦੇ ਲੋਕਾਂ ਨੂੰ ਪਾਣੀ ਦੀ ਕਮੀ ਦਾ ਸਮਨਾ ਨਾ ਕਰਨਾ ਪਵੇ, ਇਹ ਸਾਡੀ ਪਹਿਲੀ ਤਰਜੀਹ ਹੈ।

ਇਸ ਟਿਊਬਵੈਲ ਨਾਲ ਵਾਰਡ ਨੰਬਰ 28 ਅਤੇ 30 ਦੇ ਸਾਰੇ ਘਰਾਂ ਵਿੱਚ ਪਾਣੀ ਦੀ ਸਪਲਾਈ ਸੁਰੱਖਿਅਤ ਕੀਤੀ ਜਾਵੇਗੀ। ਇਸ ਮੌਕੇ ਤੇ ਉਨ੍ਹਾਂ ਨੇ ਵਾਰਡ ਦੇ ਲੋਕਾਂ ਨਾਲ ਚਰਚਾ ਕਰਦਿਆਂ ਉਨ੍ਹਾਂ ਦੀਆਂ ਹੋਰ ਸਮੱਸਿਆਵਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਜਿੰਪਾ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਇਲਾਕੇ ਦੇ ਵਿਕਾਸ ਅਤੇ ਮੁੱਖ ਸਹੂਲਤਾਂ ਦੀ ਪੂਰੀਤੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ, ਇਹ ਟਿਊਬਵੈਲ ਸਿਰਫ ਪਾਣੀ ਸਪਲਾਈ ਦਾ ਹੱਲ ਨਹੀਂ ਹੈ, ਸਗੋਂ ਇਹ ਸਾਡੇ ਵਾਅਦਿਆਂ ਦਾ ਨਿਭਾਉ ਹੈ ਕਿ ਅਸੀਂ ਲੋਕਾਂ ਦੀ ਜਰੂਰੀਆਂ ਲੋੜਾਂ ਨੂੰ ਪਹਿਲ ਦੇਵਾਂਗੇ।ਇਲਾਕੇ ਦੇ ਵਾਸੀਆਂ ਨੇ ਪ੍ਰੋਜੈਕਟ ਦੀ ਪ੍ਰਗਤੀ ਤੇ ਖੁਸ਼ੀ ਜ਼ਾਹਰ ਕੀਤੀ ਅਤੇ ਵਿਧਾਇਕ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਵਿਧਾਇਕ ਨੇ ਪ੍ਰੋਜੈਕਟ ਦੇ ਕਾਰਗੁਜ਼ਾਰੀਆਂ ਦੀ ਸਮੀਖਿਆ ਕਰਦਿਆਂ ਇਹ ਵੀ ਦੱਸਿਆ ਕਿ ਸਰਕਾਰ ਹੋਰ ਵਿਕਾਸ ਪ੍ਰੋਜੈਕਟਾਂ ਨੂੰ ਵੀ ਤੀਵਰਤਾ ਨਾਲ ਅੱਗੇ ਵਧਾ ਰਹੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਕੰਮ ਮਿਆਦੀ ਸਮੇਂ ਅੰਦਰ ਪੂਰਾ ਕੀਤਾ ਜਾਵੇ, ਤਾਂ ਕਿ ਵਾਰਡ ਵਾਸੀਆਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਬਾਰੇ ਕਿਸਾਨਾਂ ਨੂੰ ਕੀਤਾ ਜਾਗਰੂਕ



ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ) ਜ਼ਿਲ੍ਹਾ ਜਲੰਧਰ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਰੈੱਡ ਕਰਾਸ ਆਡੀਟੋਰੀਅਮ ਜਲੰਧਰ ਵਿਖੇ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪੁਲਸ, ਖੇਤੀਬਾੜੀ, ਪ੍ਰਦੂਸ਼ਣ ਬੋਰਡ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਬੁਲਾਇਆ ਗਿਆ ਉੱਥੇ ਜ਼ਿਲ੍ਹਾ ਜਲੰਧਰ ਦੇ ਨੰਬਰਦਾਰ ਸਾਹਿਬਾਨਾਂ ਨੂੰ ਉਚੇਚੇ ਤੌਰ 'ਤੇ ਸੱਦਾ ਪੱਤਰ ਭੇਜਿਆ ਗਿਆ।ਜ਼ਿਲ੍ਹਾ ਪ੍ਰਧਾਨ ਨੰਬਰਦਾਰ ਅਸ਼ੋਕ ਸੰਧੂ ਨੂਰਮਹਿਲ ਨੇ ਇਸ ਜ਼ਰੂਰੀ ਮੀਟਿੰਗ ਦੀ ਮਹੱਤਤਾ ਨੂੰ ਸਮਝਦਿਆਂ ਜ਼ਿਲ੍ਹੇ ਦੇ ਸਮੂਹ ਨੰਬਰਦਾਰ ਸਾਹਿਬਾਨਾਂ ਨੂੰ ਸੁਨੇਹੇ ਲਗਾਏ ਜਿਸ ਤਹਿਤ ਨੰਬਰਦਾਰਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ, ਫਲਸਰੂਪ ਮਾਣਯੋਗ ਡੀ ਸੀ ਸਾਹਿਬ ਨੇ ਭਰਵੇਂ ਇਕੱਠ ਵਿੱਚ ਸਨਮਾਨ ਪੂਰਵਕ ਲਹਿਜੇ ਨਾਲ ਨੰਬਰਦਾਰਾਂ ਪਾਸੋਂ ਪ੍ਰਸ਼ਾਸਨ ਦੀ ਮਦਦ ਕਰਨ ਲਈ ਆਖਿਆ ਕਿ ਨੰਬਰਦਾਰ ਕਿਸਾਨਾਂ ਨੂੰ ਜਾਗਰੂਕ ਕਰਨ ਕਿ ਉਹ ਕਿਸੇ ਵੀ ਹਾਲਤ 'ਚ ਪਰਾਲੀ, ਰਹਿੰਦ-ਖੂੰਹਦ ਆਦਿ ਨੂੰ ਅੱਗ ਨਾ ਲਗਾਉਣ, ਉਹਨਾਂ ਕਿਹਾ ਕਿ ਪ੍ਰਸ਼ਾਸਨ ਵੀ ਕਿਸੇ ਵੀ ਕੀਮਤ 'ਤੇ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਉਲੰਘਣਾ ਨਹੀਂ ਹੋਣ ਦੇਵੇਗਾ ਅਤੇ ਕਾਨੂੰਨ ਤਹਿਤ ਸਖ਼ਤ ਕਾਰਵਾਈ ਕਰਨ ਲਈ ਮਜ਼ਬੂਰ ਹੋਵੇਗਾ।ਇਸ ਮੀਟਿੰਗ ਵਿੱਚ ਜ਼ਿਲ੍ਹਾ ਜਲੰਧਰ ਦੇ ਐਸ ਐਸ ਪੀ ਹਰਪ੍ਰੀਤ ਸਿੰਘ ਖੱਖ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਉਹ ਖੁਦ ਵੀ ਕਿਸਾਨ ਹਨ, ਪਰ ਲੋਕਾਂ ਦੀ ਜਾਨ-ਮਾਲ ਦੀ ਰਾਖੀ ਅਤੇ ਕਾਨੂੰਨ ਨੂੰ ਵਿਵਸਥ ਕਰਨਾ ਉਹਨਾਂ ਦਾ ਪਹਿਲਾ ਧਰਮ ਹੈ।ਮੀਟਿੰਗ ਉਪਰੰਤ ਨੰਬਰਦਾਰ ਨੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਜਿਸ ਵਿੱਚ ਜ਼ਿਲ੍ਹਾ ਸਕੱਤਰ ਜਨਰਲ ਸੁਰਿੰਦਰ ਸਿੰਘ, ਜ਼ਿਲ੍ਹਾ ਖਜਾਨਚੀ ਰਾਮ ਦਾਸ ਬਾਲੂ, ਪੀ.ਆਰ.ਓ ਜਗਨ ਨਾਥ, ਜ਼ਿਲ੍ਹਾ ਪ੍ਰੈਸ ਸਕੱਤਰ ਤਰਸੇਮ ਲਾਲ, ਸਲਾਹਕਾਰ ਅਨਿਲ ਕੁਮਾਰ ਸੂਦ ਨੇ ਫੈਸਲਾ ਲਿਆ ਕਿ ਉਹ ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਹਰ ਹੀਲੇ ਬਚਾਉਣ ਦੀ ਕੋਸ਼ਿਸ਼ ਕਰਨਗੇ, ਇਸ ਨੇਕ ਕਾਰਜ ਵਿਚ ਜ਼ਿਲ੍ਹਾ ਪ੍ਰਸ਼ਾਸਨ ਦੀ ਅਸਲ ਰੂਪ ਵਿੱਚ ਮਦਦ ਕਰਨਗੇ।ਦੱਸ ਦੇਈਏ ਕਿ ਨੰਬਰਦਾਰ ਗੁਰਦੇਵ ਸਿੰਘ ਨਾਗਰਾ, ਜਰਨੈਲ ਸਿੰਘ ਗਦਰਾ, ਅਜੀਤ ਰਾਮ, ਬੂਟਾ ਸਿੰਘ ਤਲਵਣ, ਭਜਨ ਲਾਲ ਪਬਮਾ, ਦਿਲਾਵਰ ਚੰਦ ਸਰਹਾਲੀ, ਮੋਹਨ ਸਿੰਘ ਆਦਮਪੁਰ, ਜਗਦੀਸ਼ ਕੌਰ ਪੱਦੀ ਖਾਲਸਾ, ਵਿਜੇ ਕੁਮਾਰ ਭੋਗਪੁਰ, ਹਰਜਿੰਦਰ ਕੁਮਾਰ ਤੱਗੜ, ਜੋਗਿੰਦਰ ਸਹੋਤਾ ਅਲਾਵਲ ਪੁਰ ਨੇ ਆਪਣੇ ਡੀ.ਸੀ. ਸਾਹਿਬ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਸ਼ੁਰੂ ਕਰ ਦਿੱਤੀ ਹੈ।

# ਚੱਬੇਵਾਲ ਜ਼ਿਮਨੀ ਚੋਣ : ਪੋਲਿੰਗ ਸਟਾਫ਼ ਦੀ ਹੋਈ ਪਹਿਲੀ ਰੈਂਡੇਮਾਈਜ਼ੇਸ਼ਨ

## ਸਿਆਸੀ ਪਾਰਟੀਆਂ ਚੋਣ ਜ਼ਾਬਤੇ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਉਣ : ਡਿਪਟੀ ਕਮਿਸ਼ਨਰ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਵਿਧਾਨ ਸਭਾ ਹਲਕਾ ਚੱਬੇਵਾਲ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਅੱਜ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਦੀ ਨਿਗਰਾਨੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਪੋਲਿੰਗ ਸਟਾਫ਼ ਦੀ ਪਹਿਲੀ ਰੈਂਡੇਮਾਈਜੇਸ਼ਨ ਕੀਤੀ ਗਈ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਚੱਬੇਵਾਲ ਵਿਧਾਨ ਸਭਾ ਹਲਕੇ ਵਿਚ 205 ਪੋਲਿੰਗ ਬੂਥਾਂ ਲਈ ਸਟਾਫ਼ ਦਾ ਡਾਟਾ ਮਿਕਸਿੰਗ ਕਰਕੇ ਉਪ ਚੋਣ ਲਈ 1232 ਪੋਲਿੰਗ ਸਟਾਫ਼ ਦੀ ਡਿਊਟੀ ਲਗਾਈ ਗਈ ਹੈ, ਜਿਸ ਵਿਚ 308 ਪੀਆਰਓ ਅਤੇ 616 ਪੀਓ ਸ਼ਾਮਲ ਹਨ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਚੋਣ ਕਮਿਸ਼ਨ ਵਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ 13 ਨਵੰਬਰ 2024 ਨੂੰ ਵੋਟਾਂ ਪੈਣਗੀਆਂ ਅਤੇ 23 ਨਵੰਬਰ 2024 ਨੂੰ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ। ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ 25 ਅਕਤੂਬਰ ਹੈ,ਜਿਨ੍ਹਾਂ ਪੜਤਾਲ 28 ਅਕਤੂਬਰ ਨੂੰ ਕੀਤੀ ਜਾਵੇਗੀ ਅਤੇ ਨਾਮਜ਼ਦਗੀ ਵਾਪਸ ਲੈਣ ਦੀ ਮਿਤੀ 30 ਅਕਤੂਬਰ 2024 ਹੈ। ਨਾਮਜ਼ਦਗੀ ਪੱਤਰ ਵਧੀਕ ਡਿਪਟੀ ਕਮਿਸ਼ਨਰ-ਕਮ-ਰਿਟਰਨਿੰਗ ਅਫ਼ਸਰ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਥਿਤ ਦਫ਼ਤਰ ਵਿਚ ਨਿਰਧਾਰਤ ਦਿਨਾਂ ਵਿਚ ਸਵੇਰੇ 11 ਵਜੇ ਤੋਂ ਲੈ ਕੇ ਦੁਪਹਿਰ 3 ਵਜੇ ਤੱਕ ਲਏ ਜਾਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵਿਧਾਨ ਸਭਾ ਉਪ ਚੋਣ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਕੋਈ ਕਮੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਥੇ ਐਮ.ਸੀ.ਐਮ.ਸੀ. ਕਮੇਟੀ ਗਠਿਤ ਕਰਕੇ ਪੇਡ ਨਿਊਜ਼ 'ਤੇ ਨਜ਼ਰ ਰੱਖੀ ਜਾ ਰਹੀ ਹੈ, ਉਥੇ ਸੀ-ਵਿਜ਼ਿਲ ਐਪ ਰਾਹੀਂ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਪ੍ਰਾਪਤ ਹੋ ਰਹੀਆਂ ਸ਼ਿਕਾਇਤਾਂ 'ਤੇ ਵੀ ਤੁਰੰਤ ਐਕਸ਼ਨ ਲਿਆ ਜਾਵੇਗਾ। ਉਨ੍ਹਾਂ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਚੋਣ ਜ਼ਾਬਤੇ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਰਿਟਰਨਿੰਗ ਅਫ਼ਸਰ ਰਾਹੁਲ ਚਾਬਾ, ਚੋਣ ਤਹਿਸੀਲਦਾਰ ਸਰਬਜੀਤ ਸਿੰਘ, ਡੀ ਆਈ ਓ ਪ੍ਰਦੀਪ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਧੀਰਜ ਵਸ਼ਿਸ਼ਟ, ਚੋਣ ਕਾਨੂੰਨਗੋ ਦੀਪਕ ਕੁਮਾਰ ਅਤੇ ਲਖਬੀਰ ਸਿੰਘ ਆਦਿ ਮੌਜੂਦ ਸਨ।

# ਡਾ. ਇਸ਼ਾਂਕ ਕੁਮਾਰ ਅੱਜ ਕਰਨਗੇ ਨਾਮਜ਼ਦਗੀ ਪੱਤਰ ਦਾਖਲ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਡਾ. ਇਸ਼ਾਂਕ ਕੁਮਾਰ, ਜੋ ਚੱਬੇਵਾਲ ਹਲਕੇ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹਨ, 24 ਅਕਤੂਬਰ ਨੂੰ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨਗੇ।ਇਸ ਮੌਕੇ ਉਨ੍ਹਾਂ ਦੇ ਸਾਥੀ ਟੀਮ ਮੈਂਬਰ ਅਤੇ ਹਲਕੇ ਦੇ ਵਾਸ਼ਿੰਦੇ ਉਨ੍ਹਾਂ ਨੂੰ ਸਮਰਥਨ ਦੇਣ ਲਈ ਚੱਬੇਵਾਲ ਦਫਤਰ ਵਿਖੇ ਇਕੱਠੇ ਹੋਣਗੇ। ਨਾਮਜ਼ਦਗੀ ਦਾਖਲ ਕਰਨ ਦੇ ਲਈ ਇਕੱਠੇ ਹੋਣ ਦਾ ਸਮਾਂ ਸਵੇਰੇ 10:30 ਵਜੇ ਮੁਕਰਰ ਕੀਤਾ ਗਿਆ ਹੈ।ਡਾ. ਇਸ਼ਾਂਕ ਕੁਮਾਰ ਹਲਕੇ ਵਿੱਚ ਲੋਕਤੰਤਰ ਦੇ ਮਜਬੂਤ ਪੱਖਦਾਰਾਂ ਵਿੱਚੋਂ ਇੱਕ ਮੰਨੇ ਜਾਂਦੇ ਹਨ, ਜਿਨ੍ਹਾਂ ਦਾ ਜ਼ੋਰ ਸਿੱਖਿਆ, ਸਿਹਤ ਅਤੇ ਬੁਨਿਆਦੀ ਸਹੂਲਤਾਂ ਵਰਗੇ ਮੁੱਦਿਆਂ 'ਤੇ ਹੈ। ਉਨ੍ਹਾਂ ਦੀ ਇਸ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਲਈ ਸੰਸਦ ਮੈਂਬਰ ਡਾ: ਰਾਜ ਕੁਮਾਰ ਅਤੇ ਉਨ੍ਹਾਂ ਦੇ ਚਾਚਾ ਡਾ: ਜਤਿੰਦਰ ਕੁਮਾਰ ਵੀ ਅਹਿਮ ਭੂਮਿਕਾ ਨਿਭਾਉਣਗੇ । ਦੋਨੋ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਵੀ ਡਾ.ਇਸ਼ਾਂਕ ਕੁਮਾਰ ਦੇ ਨਾਲ ਹੀ ਰਹਿਣਗੇ। ਪਾਰਟੀ ਵਲੋਂ ਸਾਰੇ ਸ਼ੁਭਚਿੰਤਕਾਂ ਅਤੇ ਸਮਰਥਕਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਇਸ ਖਾਸ ਮੌਕੇ ਦਾ ਹਿੱਸਾ ਬਣਨ ਲਈ ਚੱਬੇਵਾਲ ਦਫਤਰ ਵਿਖੇ ਜ਼ਰੂਰ ਪਹੁੰਚਣ।ਆਪ ਦੇ ਇਸ ਉਮੀਦਵਾਰ ਤੋਂ ਲੋਕਾਂ ਨੂੰ ਨਵੀਨ ਸੋਚ ਅਤੇ ਵਿਕਾਸਪੂਰਨ ਭਵਿੱਖ ਦੀਆਂ ਉਮੀਦਾਂ ਹਨ। ਡਾ. ਇਸ਼ਾਂਕ ਨੇ ਕਿਹਾ ਕਿ ਉਹ ਹਲਕੇ ਦੇ ਹਰ ਵਰਗ ਨਾਲ ਖੜ੍ਹਕੇ ਲੋਕਾਂ ਦੇ ਮੁੱਦਿਆਂ ਨੂੰ ਆਗੇ ਲੈ ਕੇ ਜਾਣਗੇ।

# ਸਾਂਝ ਕੇਂਦਰ ਨੇ ਬੱਚਿਆਂ ਨੂੰ ਗਰੀਨ ਦੀਵਾਲੀ ਮਨਾਉਣ ਲਈ ਕੀਤਾ ਪ੍ਰੇਰਿਤ



ਕਾਲਾ ਸੰਘਿਆਂ (ਮਨਜੀਤ ਮਾਨ) ਸਪੈਸ਼ਲ ਡਾਇਰੈਕਟਰ ਜਨਰਲ ਪੁਲਸ ਕਮਿਉਨਿਟੀ ਅਫੇਅਰ ਡਵੀਜ਼ਨ ਚੰਡੀਗੜ੍ਹ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਅਤੇ ਮਾਨਯੋਗ ਐਸ ਐਸ ਪੀ ਸਾਹਿਬ ਜਲੰਧਰ ਦਿਹਾਤੀ ਹਰਕੰਵਲਪ੍ਰੀਤ ਸਿੰਘ ਖੱਖ ਪੀ ਪੀ ਐਸ ਦੇ ਦਿਸ਼ਾ ਨਿਰਦੇਸ਼ ਅਨੁਸਾਰ, ਸ੍ਰੀਮਤੀ ਮਨਜੀਤ ਕੌਰ ਪੀ ਪੀ ਐਸ ਜ਼ਿਲ੍ਹਾ ਕਮਿਉਨਿਟੀ ਪੁਲਸ ਅਫ਼ਸਰ ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ ਅਤੇ ਇੰਚਾਰਜ ਜ਼ਿਲ੍ਹਾ ਸਾਂਝ ਐਸ ਆਈ ਦਲਵਿੰਦਰ ਸਿੰਘ ਅਤੇ ਏ ਐਸ ਆਈ ਰਾਜ ਸਿੰਘ ਦੀ ਯੋਗ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਾਖਲਾਂ ਵਿਖੇ 8ਵੀਂ ਅਤੇ 9ਵੀਂ ਕਲਾਸ ਦੇ ਐਸ ਪੀ ਸੀ ਵਿਦਿਆਰਥੀਆਂ ਨਾਲ ਸੈਮੀਨਾਰ ਲਗਾਇਆ ਗਿਆ ਜਿਸ ਵਿੱਚ ਸੀਨੀਅਰ ਸਿਪਾਹੀ ਪ੍ਰਦੀਪ ਕੁਮਾਰ ਅਤੇ ਸੀਨੀਅਰ ਸਿਪਾਹੀ ਗੁਰਮੀਤ ਸਿੰਘ ਸਾਂਝ ਕੇਂਦਰ ਲਾਂਬੜਾ ਨੇ 8 ਵੀ ਕਲਾਸ ਦੇ ਬੱਚਿਆਂ ਨੂੰ ਸਾਈਬਰ ਕ੍ਰਾਈਮ ਅਤੇ ਡਿਜੀਟਲ ਡਰੱਗ ਸਬੰਧੀ ਫਸਟ ਏਡ, ਸਿਹਤ ਸੰਭਾਲ ਅਤੇ ਸਾਫ ਸਫਾਈ ਸਬੰਧੀ ਬੱਚਿਆਂ ਨੂੰ ਕਰਾਈਮ ਅਗੇਸਟ ਵੋਮੈਨ ਅਤੇ ਚੇਲਡਰਨ ਦੇ ਕਾਨੂੰਨ ਸੰਬੰਧੀ ਜਾਣਕਾਰੀ ਦਿੱਤੀ ਗਈ। ਅਤੇ 8ਵੀਂ ਅਤੇ 9ਵੀਂ ਕਲਾਸ ਦੇ ਬੱਚਿਆਂ ਨੂੰ ਗ੍ਰੀਨ ਦਿਵਾਲੀ ਮਨਾਉਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਸ਼ਾਝ ਕੇਂਦਰ ਵੱਲੋਂ ਦਿੱਤੀਆਂ ਸੇਵਾਵਾਂ ਸਬੰਧੀ ਜਾਗਰੂਕ ਕੀਤਾ ਗਿਆ।

# 'ਜੁਗਨੀ ਕੱਤਦੀ ਚਰਖਾ' ਗਾ ਕੇ ਲਖਵਿੰਦਰ ਵਡਾਲੀ ਨੇ ਪੰਜਾਬੀ ਵਿਰਾਸਤ ਨੂੰ ਕੀਤਾ ਲੋਕਾਂ ਦੇ ਰੂਬਰੂ



ਮੋਹਾਲੀ (ਗੁਰਜੀਤ ਬਿੱਲਾ) ਸਰਸ ਮੇਲਾ ਜਿਸ ਤਰੀਕੇ ਨਾਲ਼ ਅੱਗੇ ਵੱਧ ਰਿਹਾ ਹੈ, ਉਸੇ ਤਰੀਕੇ ਮੇਲੀਆਂ ਦੀ ਭੀੜ ਲਗਾਤਾਰ ਵੱਧਦੀ ਜਾ ਰਹੀ ਹੈ ਅਤੇ ਸ਼ਾਮ ਦੇ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਰੋਪੜ, ਪਟਿਆਲਾ, ਫਤਹਿਗੜ੍ਹ ਸਾਹਿਬ ਆਦਿ ਜ਼ਿਲ੍ਹਿਆਂ 'ਚੋਂ ਕਲਾ ਪ੍ਰੇਮੀ ਅਤੇ ਮੇਲ਼ੇ ਦੇ ਸ਼ੌਕੀਨ ਗੱਭਰੂ ਤੇ ਮੁਟਿਆਰਾਂ ਆਪਣੀ ਹਾਜ਼ਰੀ ਲਗਵਾ ਰਹੇ ਹਨ।ਡਿਪਟੀ ਕਮਿਸ਼ਨਰ ਮੋਹਾਲ਼ੀ ਆਸ਼ਿਕਾ ਜੈਨ ਅਤੇ ਵਧੀਕ ਡਿਪਟੀ ਕਮਿਸ਼ਨਰ-ਕਮ ਮੇਲਾ ਅਫਸਰ ਸੋਨਮ ਚੌਧਰੀ ਵੱਲੋਂ ਮੇਲੀਆਂ ਦੇ ਉਤਸ਼ਾਹ ਨੂੰ ਦੇਖਦੇ ਹੋਏ ਪੰਜਾਬ ਦੀ ਅਮੀਰ ਵਿਰਾਸਤ ਦੇ ਸਿਤਾਰਿਆਂ ਨੂੰ ਲੋਕ ਗਾਇਕੀ ਦੇ ਰੂਪ ਵਿੱਚ ਮੇਲੀਆਂ ਦੇ ਰੂਬਰੂ ਕੀਤਾ ਜਾਂਦਾ ਹੈ ਜੋ ਮੇਲੇ ਵਿੱਚ ਆਏ ਦਰਸ਼ਕਾਂ ਅਤੇ ਸਰੋਤਿਆਂ ਨੂੰ ਆਪਣੀ ਗਾਇਕੀ ਨਾਲ਼ ਮੰਤਰ ਮੁਗਧ ਕਰਦੇ ਹਨ। ਉੱਥੇ ਹੀ ਅਮੀਰ ਪੰਜਾਬੀ ਸੱਭਿਆਚਾਰ (ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਗਾਇਕੀ) ਨੂੰ ਸੰਭਾਲਣ ਦਾ ਯਤਨ ਵੀ ਕਰ ਰਹੇ ਹਨ।ਇਸੇ ਲੜੀ ਵਿੱਚ ਮੇਲੇ ਦੇ ਚੌਥੇ ਦਿਨ ਪੰਜਾਬ ਦੇ ਸਿਰਮੌਰ ਗਾਇਕੀ ਘਰਾਣੇ ਦੇ ਵਾਰਿਸ ਲਖਵਿੰਦਰ ਵਡਾਲੀ ਨੇ ਆਪਣੀ ਦਮਦਾਰ ਗਾਇਕੀ ਦੇ ਨਾਲ਼ ਮੇਲੀਆਂ ਨੂੰ ਨੱਚਣ ਦੇ ਲਈ ਮਜਬੂਰ ਕਰ ਦਿੱਤਾ ਅਤੇ ਉਨ੍ਹਾਂ ਦੀ ਗਾਇਕੀ ਮੇਲੇ ਦਾ ਸਿਖਰ ਹੋ ਨਿਬੜੀ। ਸੱਭਿਆਚਾਰਕ ਪ੍ਰੋਗਰਾਮਾਂ ਦੀ ਦੇਖ-ਰੇਖ ਕਰ ਰਹੇ ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ ਨੇ ਦੱਸਿਆ ਕਿ ਲਖਵਿੰਦਰ ਵਡਾਲੀ ਨੇ ਆਪਣੇ ਚਰਚਿਤ ਗੀਤ 'ਮੈਂ ਤੇ ਘਿਓ ਦੀ ਮਿੱਠੀ ਚੂਰੀ, ਲੋਕਾਂ ਬਦਨਾਮ ਕਰਤੀ', 'ਜੁਗਨੀ ਕੱਤਦੀ ਚਰਖਾ, ਨਾਂ ਲੈਂਦੀ ਸਾਈਂ ਦਾ', ਮਾਹੀਆ, ਤੂੰ ਮਾਨੇ ਯਾ ਨਾ ਮਾਨੇ ਦਿਲਦਾਰਾ ਗਾ ਕੇ ਮੇਲੇ ਦੇ ਮਾਹੌਲ ਨੂੰ ਸਿਖਰ ਤੱਕ ਪਹੁੰਚਾ ਦਿੱਤਾ। ਇਸ ਪ੍ਰੋਗਰਾਮ ਨੂੰ ਦੇਖਣ ਲਈ ਵਿਸ਼ੇਸ਼ ਤੌਰ ਤੇ ਡਿਪਟੀ ਕਮਿਸ਼ਨਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ,ਆਸ਼ਿਕਾ ਜੈਨ ਅਤੇ ਡੀ. ਸੀ. ਰੂਪਨਗਰ ਹਿਮਾਂਸ਼ੂ ਜੈਨ ਆਪਣੇ ਪਰਿਵਾਰਿਕ ਮੈਂਬਰ ਏ. ਕੇ. ਜੈਨ ਅਤੇ ਮੀਨਾਕਸ਼ੀ ਜੈਨ ਸਮੇਤ ਮੇਲੇ ਦਾ ਆਨੰਦ ਮਾਣਨ ਪੁੱਜੇ।ਇਸ ਮੌਕੇ ਸਤਨਾਮ ਜਲਾਲਪੁਰ, ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ, ਸ਼ਹੀਦ ਭਗਤ ਸਿੰਘ ਨਗਰ ਅਤੇ ਜਸ਼ਨਦੀਪ ਸਿੰਘ ਗਿੱਲ ਐਸ ਪੀ ਸਟੇਟ ਸਾਈਬਰ ਕਰਾਇਮ ਨੇ ਵੀ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਤੇ ਟ੍ਰਾਈਸਿਟੀ ਦੇ ਵਸਨੀਕਾਂ ਨੂੰ ਸੰਗੀਤਕ ਸ਼ਾਮਾਂ ਦਾ ਅਨੰਦ ਲੈਣ ਅਤੇ ਕਾਰੀਗਰਾਂ ਦੇ ਹੱਥੀਂ ਬਣਾਏ ਦੁਰਲੱਭ ਸਮਾਨ ਦੀ ਹੁੰਮ-ਹੁਮਾ ਕੇ ਖ਼ਰੀਦੋ ਫ਼ਰੋਖ਼ਤ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਵੱਖ-ਵੱਖ ਰਾਜਾਂ ਤੋਂ ਆਏ ਸ਼ਿਲਪਕਾਰਾਂ ਅਤੇ ਕਾਰੀਗਰਾਂ ਵੱਲੋਂ ਬਣਾਏ ਸਮਾਨ ਨੂੰ ਖਰੀਦ ਕੇ ਸਾਨੂੰ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕਰਨੀ ਚਾਹੀਦੀ ਹੈ।ਸਹਾਇਕ ਮੇਲਾ ਅਫਸਰ-ਕਮ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਬਲਜਿੰਦਰ ਸਿੰਘ ਗਰੇਵਾਲ ਵੱਲੋਂ ਵੀ ਬੜੇ ਸੁਚੱਜੇ ਢੰਗ ਨਾਲ਼ ਪ੍ਰੋਗਰਾਮਾਂ ਦੀ ਦੇਖ-ਰੇਖ ਕੀਤੀ ਜਾ ਰਹੀ ਹੈ।